
ਤੇਗ ਬਹਾਦਰ ਸਿਮਰਿਐ

ਪਿਆਰਾ ਸਿੰਘ ਪਦਮ



ਇਸੇ ਕਲਮ ਤੋਂ—

ਗੁਰੂ ਨਾਨਕ ਸਾਗਰ, ਗੋਬਿੰਦ ਸਾਗਰ, ਸ੍ਰੀ ਗੁਰੂ ਗ੍ਰੰਥ ਪ੍ਰਕਾਸ਼, ਦਸਮ ਗ੍ਰੰਥ ਦਰਸ਼ਨ, ਆਦਿ ਗ੍ਰੰਥ ਦਰਸ਼ਨ, ਗੁਰੂ ਘਰ, ਸੰਖੇਪ ਸਿਖ ਇਤਿਹਾਸ, ਦਰਬਾਰੀ ਰਤਨ ਰਹਿਤਨਾਮੇ, ਜ਼ਫਰਨਾਮਾ, ਗੁਰਬਾਣੀ ਕੋਸ਼, ਗੁਰੂ ਗ੍ਰੰਥ ਵਿਚਾਰ ਕੋਸ਼, ਗੁਰੂ ਗ੍ਰੰਥ ਸੰਕੇਤ ਕੋਸ਼; ਗੁਰੂ ਗ੍ਰੰਥ ਮਹਿਮਾ ਕੋਸ਼, ਪੰਜ ਦਰਿਆ, ਪੰਜਾਬੀ ਬੋਲੀ ਦਾ ਇਤਿਹਾਸ, ਪੰਜਾਬੀ ਸਾਹਿਤ ਦੀ ਰੂਪ ਰੇਖਾ, ਗੁਰਮੁਖੀ ਲਿਪੀ ਦਾ ਇਤਿਹਾਸ, ਕਲਮ ਦੇ ਧਨੀ, ਕਲਮ ਦੇ ਚਮਤਕਾਰ, ਹਾਸ਼ਮ ਰਚਨਾਵਲੀ, ਸੰਤ ਕਾਵਿਧਾਰਾ, ਸੂਫੀ ਕਾਵਿਧਾਰਾ, ਪੰਜਾਬੀ ਵਾਰਾਂ, ਪੰ. ਬਾਰਾਂਮਾਹੇ, ਪੰ. ਮਾਝਾਂ ਤੇ ਆਸਾਵਰੀਆਂ, ਪੰ, ਝਗੜੇ, ਪੰ. ਜੰਦਾਂ, ਮਿਰਜ਼ੇ ਦੀਆਂ ਸੱਦਾਂ, ਕਲਾਮ ਭਾਈ ਨੰਦ ਲਾਲ, ਪ੍ਰਾਚੀਨ ਪੰਜਾਬੀ ਗੱਦ, ਸਾਡੇ ਗੁਰਦੇਵ, ਪ੍ਰਾਚੀਨ ਸੌ ਸਾਖੀ ਹਿੰਦੁਸਤਾਨੀ ਕਵਿਤਾ, ਹਿੰ. ਕਵੀ, ਹਿੰ. ਕਲਾ, ਖਲੀਲ ਜਿਬ੍ਰਾਨ ਦੇ ਬਚਨ ਬਿਲਾਸ, ਪੁਸ਼ਪਾਂਜਲੀ ਆਦਿ ।



Rs. 30-00

ਪਹਿਲੀ ਛਾਪ 1975 ਦੂਜੀ 1986 ਤੀਜੀ 1994

ਪ੍ਰੋ. ਪਿਆਰਾ ਸਿੰਘ ਪਦਮ, ਕਲਮ ਮੰਦਿਰ, ਲੋਯਰ ਮਾਲ ਪਟਿਆਲਾ ।

ਤੇਗ਼ ਬਹਾਦਰ ਸਿਮਰੀਐ

ਸਮਰਪਣ

ਉਨ੍ਹਾਂ ਸ਼ਹੀਦਾਂ ਦੇ ਨਾਂ

ਜਿਨ੍ਹਾਂ ਧਰਮ ਹੇਤ ਸੀਸ ਦਿਤੇ ।

ਪ੍ਰਸ਼ੰਸਾ—

(1) ਪ੍ਰਿੰ. ਗੁਰਬਚਨ ਸਿੰਘ ਤਾਲਿਬ—ਇਸ ਸੰਖੇਪ ਆਕਾਰ ਦੀ ਪੁਸਤਕ ਵਿਚ ਇਨ੍ਹਾਂ ਪਾਵਨ ਸਤਿਗੁਰਾਂ ਬਾਰੇ ਇਤਿਹਾਸਕ ਖੋਜ, ਦਾਰਸ਼ਨਿਕ ਵਿਆਖਿਆ ਹੁਕਮਨਾਮਿਆਂ, ਨਿਕਟਵਰਤੀ ਸਿਖਾਂ, ਯਾਦਗਾਰੀ ਸਥਾਨਾਂ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਬਚਿਤ੍ਰ ਨਾਟਕ ਵਿਚਲੀ ਸ਼ਰਧਾਂਜਲੀ ਤੋਂ ਲੈ ਕੇ ਸਮਕਾਲੀ ਇਤਿਹਾਸਕਾਰਾਂ ਤਕ ਦੀ ਸਮਗ੍ਰੀ ਦਾ ਸਾਰ ਦਿਤਾ ਗਿਆ ਹੈ। ਪੁਸਤਕ ਦੀ ਵਿਸ਼ੇਸਤਾ ਇਹ ਹੈ ਕਿ ਇਸ ਵਿਚ ਨ ਤਾਂ ਕਈ ਸਮਕਾਲੀ ਲੇਖਕਾਂ ਵਾਂਗੂ ਪਦਮ ਜੀ ਨੇ ਵਾਧੂ ਫੈਲਾਉ ਅਤੇ ਭਰਤੀ ਕਰਕੇ ਆਪਣੀ ਲਿਖਤ ਦੇ ਆਕਾਰ ਨੂੰ ਵਧਾਕੇ ਪਾਠਕ ਨੂੰ ਪ੍ਰਭਾਵਿਤ ਕਰਨ ਦਾ ਯਤਨ ਕੀਤਾ ਹੈ ਅਤੇ ਨਾ ਹੀ ਖੋਜ ਵਿਚ ਇਕ-ਪੱਖੀ ਚਿਤਰ ਦੇ ਕੇ ਗੁਰੂ ਜੀ ਦੇ ਜੀਵਨ ਨੂੰ ਅਧੂਰੇ ਢੰਗ ਨਾਲ ਦਰਸਾਇਆ ਹੈ ਬਲਕਿ ਪਰੰਪਰਾਵਾਦੀ ਬ੍ਰਿਤਾਂਤ ਦੇ ਅਨੁਕੂਲ ਰਹਿ ਕੇ ਵੀ ਜੋ ਨਵੀਂ ਖੋਜ, ਵਿਸ਼ੇਸ ਕਰਕੇ ਭੱਟ ਵਹੀਆਂ ਦੇ ਆਧਾਰ ਉਪਰ ਹੋਈ ਹੈ, ਉਸਨੂੰ ਵਰਤੋਂ ਵਿਚ ਲਿਆ ਕੇ ਪ੍ਰਚਲਤ ਪਰੰਪਰਾ ਦਾ ਵਿਸ਼ਲੇਸ਼ਨ ਕੀਤਾ ਹੈ। ਜਿਥੇ ਇਹ ਪੁਸਤਕ ਸ਼ਰਧਾ ਨੂੰ ਪਰਿਪੱਕ ਕਰਕੇ ਧਰਮ ਪ੍ਰਚਾਰ ਦੇ ਆਸ਼ੇ ਵਿਚ ਸਹਾਈ ਹੁੰਦੀ ਹੈ, ਉਥੇ ਖੋਜ ਅਤੇ ਇਤਿਹਾਸਕ ਤੱਥ ਵਿਚ ਵਾਧਾ ਕਰਕੇ ਇਸ ਨੇ ਆਪਣੇ ਲਈ ਸਤਿਕਾਰ-ਯੋਗ ਪਰਵਾਣਿਤ ਸਥਾਨ ਅਵੱਸ਼ ਬਣਾ ਲਿਆ ਹੈ। ਇਸ ਵਿਚੋਂ ਹਰ ਪੱਧਰ ਦੇ ਪਾਠਕ ਨੂੰ ਭਰਪੂਰ ਵਾਕਫ਼ੀਅਤ ਪ੍ਰਾਪਤ ਹੋ ਸਕਦੀ ਹੈ ਅਤੇ ਗੁਰੂ ਸਾਹਿਬ ਦੇ ਵਿਅਕਤਿਤਵ, ਜੀਵਨ-ਦਰਸ਼ਨ, ਪਰੋਪਕਾਰ ਅਤੇ ਇਤਿਹਾਸਕ ਮਹੱਤਾ ਦੇ ਸਮੁੱਚੇ ਪੱਖ ਉਜਾਗਰ ਹੁੰਦੇ ਹਨ।

(2) ਡਾ. ਫੌਜਾ ਸਿੰਘ—ਪਦਮ ਜੀ ਦੀ ਇਹ ਪੁਸਤਕ ਭਾਵੇਂ ਸੰਖਿਪਤ ਹੈ ਪਰ ਇਸ ਸਾਰ-ਭਰਪੂਰ ਜੀਵਨ-ਬ੍ਰਿਤਾਂਤ ਨੂੰ ਇਤਿਹਾਸਕ ਖੋਜ ਦਾ ਕ੍ਰਿਸ਼ਮਾ ਕਹਿਣਾ ਬਣਦਾ ਹੈ।

(3) ਡਾ. ਪਿਆਰ ਸਿੰਘ—ਪਦਮ ਜੀ ਪੰਜਾਬੀ ਸਾਹਿਤ ਦੇ ਧੁਰੰਧਰ ਵਿਦਵਾਨ ਹਨ ਹੀ ਲੇਕਿਨ ਇਸ ਰਚਨਾ ਤੋਂ ਪਤਾ ਲਗਦਾ ਹੈ ਕਿ ਉਹ ਪੰਜਾਬ ਦੇ ਇਤਿਹਾਸ ਦੀ ਵੀ ਡੂੰਘੀ ਵਾਕਫ਼ੀਅਤ ਰਖਦੇ ਹਨ ਤੇ ਇਸ ਖੇਤਰ ਵਿਚ ਵੀ ਨਵੀਆਂ ਲੀਹਾਂ ਪਾ ਸਕਦੇ ਹਨ। ਗੁਰੂ ਤੇਗ ਬਹਾਦਰ ਸਾਹਿਬ ਬਾਰੇ ਉਨ੍ਹਾਂ ਸਚਮੁਚ ਨਵੀਂ ਸੇਧ ਦਿਤੀ ਹੈ। ਪੁਸਤਕ ਗਾਗਰ ਵਿਚ ਸਾਗਰ ਹੈ।

(4) ਪ੍ਰਿੰ. ਸਤਿਬੀਰ ਸਿੰਘ—ਇਹ ਨਿਕੀ ਜਿਹੀ ਕਿਤਾਬ, ਨੌਂਵੇ ਸਤਿਗੁਰਾਂ ਬਾਰੇ ਵਧੀਆ ਸੋਰਸ ਬੁਕ ਹੈ, ਜੋ ਸਿਖ ਇਤਿਹਾਸਕਾਰਾਂ ਦੇ ਕੰਮ ਆਉਣ ਵਾਲੀ ਹੈ।

ਤਤਕਰਾ



ਆਓ ਯਾਦ ਕਰੀਏ !

ਆਓ, ਅੱਜ ਤਿੰਨ ਸੌ-ਸਾਲਾ ਸ਼ਹੀਦੀ ਉਤਸਵ ਸਮੇਂ ਗੁਰੂ ਤੇਗ ਬਹਾਦਰ ਜੀ ਨੂੰ ਸਿਮਰੀਏ, ਧਿਆਈਏ ਤੇ ਉਸ ਦੇ ਗੁਣ ਗਾਈਏ। ਇਹ ਕਿਉਂ ?

1 ਇਸ ਲਈ ਕਿ ਉਹ ਗੁਰੂ ਨਾਨਕ ਸਾਹਿਬ ਦੀ ਗੱਦੀ ਦਾ ਸੁਯੋਗ ਵਾਰਿਸ ਹੈ।

2 ਇਸ ਲਈ ਕਿ ਉਹ ਮੀਰੀ ਪੀਰੀ ਦੇ ਵਾਲੀ ਗੁਰੂ ਹਰਿਗੋਬਿੰਦ ਦਾ ਲਾਇਕ ਸਪੂਤ ਹੈ।

3 ਇਸ ਲਈ ਕਿ ਉਹ ਪੰਥ ਦੇ ਸਾਜਨਹਾਰ ਗੁਰੂ ਗੋਬਿੰਦ ਸਿੰਘ ਜੀ ਦਾ ਪਿਤਾ ਹੈ।

4 ਇਸ ਲਈ, ਉਹ ਭਾਰਤ ਨੂੰ ਨਿਰਭੈਤਾ ਤੇ ਕੁਰਬਾਨੀ ਦੀ ਸੰਥਾ ਦੇ ਕੇ ਨਵੇਂ ਰਸਤੇ ਤੋਰਨ ਵਾਲਾ ਹੈ।

5 ਇਸ ਲਈ ਮਜ਼ਬੀ ਤੱਸਬ ਤੇ ਕੱਟਰ ਫ਼ਿਰਕਾਪ੍ਰਸਤੀ ਵਿਰੁਧ ਸੰਗ੍ਰਾਮ ਰਚਾਉਂਦਾ ਹੈ।

6 ਇਸ ਲਈ ਕਿ ਉਹ ਦੂਜਿਆਂ ਦੀ ਧਾਰਮਿਕ ਅਜ਼ਾਦੀ ਲਈ ਜੂਝਦਾ ਹੈ।

7 ਇਸ ਲਈ ਨਿਮਾਣਿਆਂ, ਨਿਤਾਣਿਆਂ ਦੀ ਬਾਂਹ ਫੜੀ ਦੀ ਲਾਜ ਨਿਭਾਉਂਦਾ ਹੈ।

8 ਇਸ ਲਈ ਕਿ ਅਜ਼ਮਤ ਹੁੰਦਿਆਂ ਅਜਰ ਜਰਦਾ ਤੇ ਸ਼ਾਹੀ ਹੁਕਮ ਸਾਹਵੇਂ ਨਾਟਕ ਚੇਟਕ ਦਾ ਤਮਾਸ਼ਾ ਕਰਨੋਂ ਇਨਕਾਰ ਕਰਦਾ ਹੈ।

9 ਇਸ ਲਈ ਕਿ ਉੱਚਾ ਰਹੱਸਵਾਦੀ ਹੁੰਦਾ ਹੋਇਆ ਧਰਮ ਦਾ ਰਹੱਸ ਜਾਂ ਸਿਰਰ ਪ੍ਰਗਟ ਕਰਨੋਂ ਸੰਕੁਚਦਾ ਤੇ ਇਸ ਖਾਤਰ ਆਪਣਾ ਸੀਸ ਵੀ ਵਾਰ ਦਿੰਦਾ ਹੈ।

ਆਓ, ਉਸ ਕ੍ਰਾਂਤੀਕਾਰੀ ਯੁਗਪੁਰਸ਼ ਨੂੰ ਧਿਆਈਏ। ਉਸ ਦੀ ਯਾਦ ਜ਼ਰੂਰ ਸਾਡੇ ਮਨਾਂ ਅੰਦਰ ਨਵਚੇਤਨਾ ਜਗਾਏਗੀ।

'ਤੇਗ ਬਹਾਦਰ ਸਿਮਰੀਐ, ਘਰਿ ਨਉਨਿਧਿ ਆਵਹਿ ਧਾਇ।'

ਪਿਆਰਾ ਸਿੰਘ ਪਦਮ

ਗੁਰੂ ਤੇਗ ਬਹਾਦਰ-ਦਰਸ਼ਨ

ਜਨਮ—ਅਪਰੈਲ 1621 (5 ਵਿਸਾਖ 1678 ਬਿ.) ਅੰਮ੍ਰਿਤਸਰ*

ਪਿਤਾ—ਗੁਰੂ ਹਰਗੋਬਿੰਦ ਸਾਹਿਬ, ਮਾਤਾ ਨਾਨਕੀ ਜੀ

ਤੀਰਥ ਯਾਤਰਾ—ਸੰਗ ਸਮੇਤ ਗਏ, ਜੂਨ 1656 ਈ. (1713 ਬਿ.)

ਗੁਰਿਆਈ—11 ਅਗਸਤ 1664 ਈ. ਬਕਾਲਾ

ਮਾਲਵੇ ਤੇ ਬਾਂਗਰ ਦਾ ਦੌਰਾ—ਮਾਰਚ-ਅਪ੍ਰੈਲ 1665

ਚੱਕ ਨਾਨਕੀ (ਅਨੰਦਪੁਰ) ਦੀ ਮੋੜ੍ਹੀ ਗੱਡੀ—19 ਜੂਨ 1665

ਧਮਧਾਣ ਤੋਂ ਗ੍ਰਿਫਤਾਰੀ—8 ਨਵੰਬਰ 1665

ਬਿਹਾਰ, ਬੰਗਾਲ, ਅਸਾਮ ਯਾਤਰਾ—1666—1670 ਈ.

16 ਬ੍ਰਾਹਮਣਾਂ ਦਾ ਪ੍ਰਤਿਨਿਧ ਮੰਡਲ ਅਨੰਦਪੁਰ—25 ਮਈ 1675

ਗ੍ਰਿਫਤਾਰੀ ਰੋਪੜ ਲਾਗੇ ਮਲਕਪੁਰ ਰੰਘੜਾਂ ਤੋਂ—12 ਜੁਲਾਈ 1675

ਬਸੀ ਪਠਾਣਾਂ ਦੇ ਬੰਦੀਖਾਨੇ ਰਹੇ—ਜੁਲਾਈ ਤੋਂ ਨਵੰਬਰ 1675


ਸ਼ਹੀਦੀ, ਚਾਂਦਨੀ ਚੌਂਕ ਦਿਲੀ—11 ਨਵੰਬਰ 1675 ਈ.

(ਮੱਘਰ ਸੁਦੀ ਪੰਚਮੀ, ਵੀਰਵਾਰ)

ਗੁਰੂ ਕੀ ਬਾਣੀ—56 ਸਲੋਕ, 59 ਸ਼ਬਦ—

ਇਹ ਸ਼ਬਦ ਪੰਦਰਾਂ ਰਾਗਾਂ ਵਿਚ ਹਨ—ਗਉੜੀ 9, ਆਸਾ 1, ਦੇਵਗੰਧਾਰੀ 3, ਬਿਹਾਗੜਾ 1, ਸੋਰਠਿ 12, ਧਨਾਸਰੀ 4, ਜੈਤਸਰੀ 3, ਟੋਡੀ 1, ਤਿਲੰਗ 3, ਬਿਲਾਵਲ 3, ਰਾਮਕਲੀ 3, ਮਾਰੂ 3, ਬਸੰਤ 5, ਸਾਰੰਗ 4, ਜੈਜਾਵੰਤੀ 4।

*ਭੱਟ ਵਹੀਆਂ ਤੇ 'ਰਹਿਤਨਾਮਾ ਤੇ ਅਰਦਾਸਾਂ' ਕਿਰਤ ਸੀਤਲ ਸਿੰਘ ਹਜ਼ੂਰੀ, ਵਿਚ ਜਨਮ-ਸੰਮਤ 1682, 19 ਮੱਘਰ (ਅਕਤੂਬਰ,1625 ਈ.) ਦਿਤਾ ਹੈ।



ਭਾਈ ਮਤੀਦਾਸ ਤੇ ਭਾਈ ਸਤੀਦਾਸ ਜੀ ਦੀ ਹੱਥ-ਲਿਖਤ

[ਪੰ. ਮਹੇਸ਼ਰੀ ਪ੍ਰਸਾਦ ਦੀ ਪੰਡਾ ਵਹੀ, ਹਰਿਦੁਆਰ



ਜਿਨ੍ਹਾਂ ਧਰਮ ਹੇਤ ਸੀਸ ਦਿਤੇ-

ਜਉ ਤਉ ਪ੍ਰੇਮ ਖੇਲਣ ਕਾ ਚਾਉ । ਸਿਰ ਧਰਿ ਤਲੀ ਗਲੀ ਮੇਰੀ ਆਉ
ਇਤੁ ਮਾਰਗਿ ਪੈਰ ਧਰੀਜੈ । ਸਿਰ ਦੀਜੈ ਕਾਣਿ ਨ ਕੀਜੈ । (ਗੁਰੂ ਨਾਨਕ

ਸੂਰਾ ਸੋ ਪਹਿਚਾਨੀਏ ਜੋ ਲਰੈ ਦੀਨ ਕੇ ਹੇਤ
ਪੁਰਜਾ ਪੁਰਜਾ ਕਟਿ ਮਰੇ, ਕਬਹੂੰ ਨ ਛਾਡੈ ਖੇਤ (ਕਬੀਰ

ਦਾਨਾ ਚੂੰ ਅੰਦਰ ਜ਼ਿਮੀ ਪਿਨਹਾਂ ਸ਼ਵਦ
ਸਿਰਰਿ ਊ ਸਰਸਬਜ਼ੀਏ ਬੁਸਤਾਂ ਸ਼ਵਦ । (ਮੌਲਾਨਾ ਰੂਮੀ

ਕੁਸ਼ਤਗਾਨਿ ਖੰਜਰਿ ਤਸਲੀਮ ਰਾ
ਹਰ ਜ਼ਮਾਂ ਅਜ਼ ਗੈਬ ਜਾਨਿ ਦੀਗਰਸਤ । (ਖ੍ਵਾਜਾ ਬਖਤਯਾਰ ਕਾਕੀ

ਭਾਣੇ ਦੇ ਖ਼ੰਜਰ ਨਾਲ ਕਤਲ ਹੋਣ ਵਾਲਿਆਂ ਨੂੰ ਨਵੀਂ ਜਿੰਦ ਧੁਰੋਂ ਮਿਲਦੀ ਰਹਿੰਦੀ ਹੈ

ਯਕੀਂ ਮੁਹਕਮ ਅਮਲ ਪੈਹਮ, ਮੁਹੱਬਤ ਫਾਤਿਹ ਆਲਮ
ਜਹਾਦੇ ਜ਼ਿੰਦਗਾਨੀ ਮੇਂ ਯੇਹ ਹੈਂ ਮਰਦੋਂ ਕੀ ਸ਼ਮਸ਼ੀਰੇਂ । (ਇਕਬਾਲ

ਜਹਾਂ ਮੇਂ ਅਹਲੇ ਈਮਾਂ, ਮਿਸਲਿ ਖੁਰਸ਼ੀਦ ਜੀਤੇ ਹੈਂ
ਇਧਰ ਡੂਬੇ ਉਧਰ ਨਿਕਲੇ, ਉਧਰ ਡੂਬੇ ਇਧਰ ਨਿਕਲੇ । (ਇਕਬਾਲ

ਯਹ ਜਾਂ ਤੋ ਆਨੀ ਜਾਨੀ ਹੈ, ਇਸ ਜਾਂ ਕੀ ਤੋ ਕੋਈ ਬਾਤ ਨਹੀਂ
ਜਿਸ ਧਜ ਸੇ ਕੁਈ ਮਕਤਲ ਮੇਂ ਗਯਾ, ਵੁਹ ਸ਼ਾਨ ਸਲਾਮਤ ਰਹਤੀ ਹੈ । (ਫੈਜ਼

The measure of life is not its duration
but its donation. [F. R. Miller

Death in a good cause is no punishment
but an honour. [Spinoza

Self secrifice is the real miracle
out of which all the reported miracles grew. [Emerson



ਤੇਗ ਬਹਾਦਰ ਸੀ ਕ੍ਰਿਆ, ਕਰੀ ਨ ਕਿਨਹੂੰ ਆਨ ।

ਤੇਗ ਬਹਾਦਰ ਸਿਮਰਿਐ

ਪਿਆਰਾ ਸਿੰਘ ਪਦਮ



ਤੇਗ ਬਹਾਦਰ ਸਿਮਰੀਐ
ਘਰਿ
ਨਉ ਨਿਧਿ ਆਵਹਿ ਧਾਇ

ਮੁਖਬੰਧ

ਸਿਖ ਕੌਮ ਦੀ ਇਸ ਅਣਗਹਿਲੀ ਦਾ ਚਰਚਾ ਆਮ ਹੈ ਕਿ ਸਿਖਾਂ ਜਿਤਨਾ ਸ਼ਾਨਦਾਰ ਇਤਿਹਾਸ ਬਣਾਇਆ ਹੈ, ਉਤਨਾ ਲਿਖਿਆ ਲਿਖਾਇਆ ਨਹੀਂ। ਮੁਸਲਮਾਨਾਂ ਤੇ ਅੰਗਰੇਜ਼ਾਂ ਜੋ ਕੁਝ ਸਾਡੇ ਬਾਰੇ ਲਿਖਿਆ, ਉਹ ਸ਼ੁੱਧ ਇਤਿਹਾਸ ਨਹੀਂ ਹੋ ਸਕਦਾ ਕਿਉਂ ਕਿ ਦੋਵੇਂ ਸਾਡੇ ਰਾਜਨੀਤਕ ਵਿਰੋਧੀ ਸਨ। ਸਿਖਾਂ, ਮੁਗ਼ਲਾਂ ਤੋਂ ਰਾਜ ਖੋਹਿਆ ਸੀ ਤੇ ਅੰਗਰੇਜ਼ਾਂ ਸਿਖਾਂ ਤੋਂ ਖੋਹਿਆ ਸੀ ਜਿਸ ਕਰ ਕੇ ਇਹ ਲੋਕ ਸਾਡੇ ਨਾਲ ਨਿਆਂ ਕਿਵੇਂ ਕਰ ਸਕਦੇ ਸਨ। ਪਰ ਸਾਡੇ ਇਤਿਹਾਸ-ਖੋਜੀ ਹੀਣ ਭਾਵ ਦਾ ਸ਼ਿਕਾਰ ਹਨ ਤੇ ਇਹ ਕਹਿੰਦੇ ਸੁਣੀਂਦੇ ਹਨ ਕਿ ਸਾਡਾ ਇਤਿਹਾਸ ਸਾਡੇ ਪਾਸ ਨਹੀਂ ਜਾਂ ਅਸਾਂ ਫਾਰਸੀ ਤ੍ਵਾਰੀਖਾਂ ਵਿਚੋਂ ਲੈਣਾ ਹੈ ਜਾਂ ਅੰਗਰੇਜ਼ੀ ਹਿਸਟਰੀਆਂ ਵਿਚੋਂ। ਸਾਨੂੰ ਆਪਣੇ ਆਪ ਉਤੇ ਮਾਣ ਨਹੀਂ ਤੇ ਨਾ ਹੀ ਅਸੀਂ ਆਪਣੇ ਇਤਿਹਾਸ-ਕਾਰਾਂ ਨੂੰ ਇਹ ਮਾਣ ਦੇ ਕੇ ਰਾਜ਼ੀ ਹਾਂ। ਅਸੀਂ ਸੱਖਾ ਸਿੰਘ, ਸੰਤੋਖ ਸਿੰਘ ਨੂੰ ਇਹ ਕਹਿ ਕੇ ਤ੍ਰਿਸਕਾਰਦੇ ਹਾਂ ਕਿ ਇਨ੍ਹਾਂ ਨੂੰ ਇਤਿਹਾਸ ਦਾ ਪਤਾ ਨਹੀਂ ਸੀ, ਦੂਜੇ ਪਾਸੇ ਇਨ੍ਹਾਂ ਨੂੰ ਆਧਾਰ ਬਣਾ ਕੇ ਜੇ ਕੋਈ ਅੰਗਰੇਜ਼ੀ ਵਿਚ ਲਿਖ ਗਿਆ ਤਾਂ ਅਸੀਂ ਉਸ ਦੇ ਹਵਾਲੇ ਦਿੰਦੇ ਨਹੀਂ ਥੱਕਦੇ। ਇਹ ਠੀਕ ਹੈ ਕਿ ਨਵੀਨ ਅੰਗਰੇਜ਼ੀ ਲੇਖਕਾਂ ਦੀ ਖੋਜ-ਵਿਧੀ ਤੇ ਪੇਸ਼ਕਾਰੀ ਜ਼ਮਾਨੇ ਅਨੁਸਾਰ ਹੈ ਪਰ ਜਿਸ ਸੋਮੇ ਵਿਚੋਂ ਇਹ ਬੋਤਲ ਭਰੀ ਗਈ ਹੈ, ਉਹ ਕਿਵੇਂ ਸਾਰੇ ਦਾ ਸਾਰਾ ਰੱਦੀ ਹੋ ਗਿਆ।

ਇਹ ਅਸੀਂ ਮੰਨਦੇ ਹਾਂ ਕਿ ਸਾਡਾ ਇਤਿਹਾਸ—ਕਾਵ੍ਯ-ਰੀਤਿ, ਕਰਾਮਾਤੀ ਕ੍ਰਿਸ਼ਮਿਆਂ, ਕਹਿਰਾਂ ਦੀ ਸ਼ਰਧਾ ਤੇ ਕੁਝ ਕੁਝ ਕੱਚਪੁਣੇ ਦਾ ਸ਼ਿਕਾਰ ਹੈ ਪਰ ਇਹ ਸਮੇਂ ਦੀ ਸ਼ੈਲੀ ਤੇ ਰੀਤਿ-ਰਿਵਾਜ ਦੀ ਗੱਲ ਸੀ, ਨਾਲੇ ਅਧਿਐਨ ਦੇ ਸਾਧਨ ਵੀ ਸੀਮਤ ਸਨ। ਸਾਡੀਆਂ ਜਨਮ-ਸਾਖੀਆਂ ਦੀ ਆਪਣੀ ਸ਼ੈਲੀ ਹੈ, ਇਸ ਨੂੰ ਵੀਹਵੀਂ ਸਦੀ ਦੇ ਇਤਿਹਾਸਕ ਪੈਮਾਨਿਆਂ ਨਾਲ ਮਾਪਣਾ ਜਾਂ ਬੇਸਮਝੀ ਹੈ ਜਾਂ ਸ਼ਰਾਰਤ। ਹੁਣ ਜੇ ਮਿ. ਮੈਕਲੋਡ ਵਰਗਾ ਈਸਾਈ ਮਿਸ਼ਨਰੀ, ਸਾਡੀਆਂ ਜਨਮਸਾਖੀਆਂ ਦੀ ਖਿੱਲੀ

ਉਡਾਵੇ ਤਾਂ ਸਾਡੇ ਪ੍ਰੋਫੈਸਰ ਖੁਸ਼ ਹੁੰਦੇ ਹਨ। ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਸਾਡੇ ਸਾਖੀਕਾਰਾਂ ਆਪਣੇ ਤਰੀਕੇ ਨਾਲ ਗੁਰੂ ਦੀ ਮਹਿਮਾ ਕੀਤੀ ਹੈ। ਇਹ ਸਾਰੇ ਦਾ ਸਾਰਾ ਨਿਰਾਪੁਰਾ ਇਤਿਹਾਸ ਨਹੀਂ, ਇਸ ਵਿਚ ਸਮੇਂ ਦੀ ਸਾਹਿਤਕ ਸ਼ੈਲੀ, ਸੰਸਕ੍ਰਿਤੀ ਤੇ ਲੋਕ-ਮੰਨਤਾ ਵੀ ਸ਼ਾਮਲ ਹੈ। ਫਰਜ਼ ਕਰੋ ਅਸੀਂ ਜਨਮ ਸਾਖੀਆਂ ਨੂੰ ਰੱਦ ਕਰ ਦੇਈਏ ਤਾਂ ਸਾਡੇ ਪਾਸ ਗੁਰੂ ਨਾਨਕ ਸਾਹਿਬ ਦੀ ਜਾਣ-ਪਛਾਣ ਕਰਾਉਣ ਵਾਲਾ ਕਿਹੜਾ ਸੋਮਾ ਰਹਿ ਜਾਵੇਗਾ। ਇਸੇ ਤਰ੍ਹਾਂ ਜੇ ਆਪਣੇ ਗੁਰਬਿਲਾਸਾਂ, ਪੰਥ ਪ੍ਰਕਾਸ਼ਾਂ ਤੇ ਸੂਰਜ ਪ੍ਰਕਾਸ਼ ਨੂੰ ਹੀ ਅਸੀਂ ਨਿੰਦਣ ਬਹਿ ਜਾਈਏ ਤਾਂ ਇਨ੍ਹਾਂ ਨੂੰ ਛਡ ਕੇ ਗੁਰ-ਇਤਿਹਾਸ ਕਿਥੋਂ ਲੱਭ ਸਕਾਂਗੇ। ਮੈਕਾਲਫ ਨੇ ਇਹ ਮਸਾਲਾ ਕਿਥੋਂ ਲਿਆ ਹੈ। ਅਸੀਂ ਮੈਕਾਲਫ ਜਾਂ ਕਨਿੰਘਮ ਦੀ ਅੰਗਰੇਜ਼ੀ ਵਿਚ ਲਿਖੀ ਗੱਲ ਮੰਨਣ ਲਈ ਤਿਆਰ ਹਾਂ ਪਰ ਭਾਈ ਸੰਤੋਖ ਸਿੰਘ ਜਾਂ ਗਿਆਨੀ ਗਿਆਨ ਸਿੰਘ ਦੀ ਦੇਸੀ ਜ਼ਬਾਨ ਵਿਚ ਦੱਸੀ ਗੱਲ ਸਾਨੂੰ ਚੰਗੀ ਨਹੀਂ ਲਗਦੀ। ਇਹ ਬਦਕਿਸਮਤੀ ਦੀ ਗੱਲ ਹੈ ਕਿ ਅਸੀਂ ਆਪਣੇ ਆਪ ਨਾਲ ਘ੍ਰਿਣਾ ਕਰਨ ਉਤੇ ਤੁਲੇ ਹੋਏ ਹਾਂ।

ਇਸ ਦਾ ਭਾਵ ਹਰਗਿਜ਼ ਇਹ ਵੀ ਨਹੀਂ ਕਿ ਅਸਾਂ ਭਾਈ ਸੰਤੋਖ ਸਿੰਘ ਜਾਂ ਗਿਆਨ ਸਿੰਘ ਦੀ ਹਰ ਗੱਲ ਨੂੰ ਠੀਕ ਮੰਨਣਾ ਹੈ। ਪਰਖ ਕਰਨਾ ਸਾਡਾ ਫਰਜ਼ ਹੈ। ਪਰ ਜਿਥੋਂ ਤਕ ਕੱਚੇ ਮਸਾਲੇ ਦਾ ਤੱਲਕ ਹੈ, ਇਹ ਸਾਨੂੰ ਆਪਣੇ ਇਤਿਹਾਸਕਾਰਾਂ ਤੋਂ ਹੀ ਮਿਲ ਸਕੇਗਾ। ਸਾਨੂੰ ਚਾਹੀਦਾ ਹੈ ਕਿ ਵਧ ਤੋਂ ਵਧ ਪੁਰਾਣੇ ਸੋਮੇ ਲੱਭ ਕੇ ਇਸ ਦੀ ਪੁਣ-ਛਾਣ ਕਰੀਏ ਤੇ ਜੇ ਇਸ ਵਿਚ ਫਾਰਸੀ ਤ੍ਵਾਰੀਖ਼ਾਂ ਦੀ ਮਦਦ ਦੀ ਲੋੜ ਪਵੇ ਤਾਂ ਉਹ ਵੀ ਸੂਝ-ਬੂਝ ਨਾਲ ਵਰਤੀਏ। ਭਾਵੇ ਸਿਖ ਕੌਮ ਨੂੰ ਇਕ ਸਦੀ ਬੰਵਤਨ ਰਹਿਣਾ ਪਿਆ ਹੈ, ਉਨ੍ਹਾਂ ਦੇ ਘਰ ਬਾਰ ਅਤੇ ਉਨ੍ਹਾਂ ਦੀਆਂ ਕਿਤਾਬਾਂ ਅਨੇਕਾਂ ਵਾਰ ਦੁਸ਼ਮਣਾਂ ਅਗਨਿ-ਭੇਟ ਕੀਤੀਆਂ ਪਰ ਫਿਰ ਵੀ ਸਾਡਾ ਇਤਿਹਾਸ-ਭੰਡਾਰ ਇਤਨਾ ਊਣਾ ਨਹੀਂ ਕਿ ਅਸੀਂ ਬਿਗਾਨਿਆਂ ਦੇ ਮੁਥਾਜ ਬਣੀਏ। ਇਸ ਭੰਡਾਰ ਦੀ ਸੋਝੀ ਹੋਣੀ ਸਾਡਾ ਪਹਿਲਾ ਕਰਤੱਵ ਹੈ, ਇਸ ਖਜ਼ਾਨੇ ਦੇ ਕੁਝ ਕੁ ਅਮੋਲਕ ਰਤਨ ਇਸ ਪ੍ਰਕਾਰ ਹਨ—

ਆਦਿ ਗੁਰੂ ਗ੍ਰੰਥ, ਵਾਰਾਂ ਭਾਈ ਗੁਰਦਾਸ, ਜਨਮ ਸਾਖੀਆਂ (5), ਦਸਮ ਗ੍ਰੰਥ, ਰਹਿਤਨਾਮੇ, ਗੁਰਪ੍ਰਣਾਲੀਆਂ, ਵਾਰਾਂ, ਜੰਗਨਾਮੇ, ਕਥਾ ਗੁਰੂ ਜੀ ਕੇ ਸੁਤਨ ਕੀ,

ਪੰਜ ਸੌ ਸਾਖੀ, ਸ੍ਰੀ ਗੁਰਰਤਨ ਮਾਲ, ਗੁਰੂ ਕੀਆਂ ਸਾਖੀਆਂ, ਸ੍ਰੀ ਗੁਰ ਸ਼ੋਭਾ, ਪਰਚੀ ਪਾਤਸ਼ਾਹੀ ਦਸਵੀਂ, ਬੰਸਾਵਲੀਨਾਮਾਂ, ਮਹਿਮਾ ਪ੍ਰਕਾਸ਼, ਗੁਰਬਿਲਾਸ (ਪੰਜ), ਸ਼ਹੀਦ ਬਿਲਾਸ, ਪੰਥ ਪ੍ਰਕਾਸ਼ (ਦੋ), ਸਿਖਾਂ ਦੀ ਭਗਤ ਮਾਲ, ਗਿਆਨ ਰਤਨਾਵਲੀ, ਦੋਰੇ ਦੀ ਸਾਖੀ, ਗੁਰਕੀਰਤਿ ਪ੍ਰਕਾਸ਼, ਸਿੰਘ ਸਾਗਰ, ਸ੍ਰੀ ਨਾਨਕ ਪ੍ਰਕਾਸ਼, ਗੁਰ ਪ੍ਰਤਾਪ ਸੂਰਯ, ਗੁਰ ਨਾਨਕ ਦਿਗ ਵਿਜਯ, ਗੁਰ ਪਦ ਪ੍ਰੇਮ ਪ੍ਰਕਾਸ਼, ਤ੍ਵਾਰੀਖ ਗੁਰੂ ਖਾਲਸਾ, ਭੱਟ ਵਹੀਆਂ, ਪੰਡਾ ਵਹੀਆਂ, ਸੇਵਾਪੰਥੀ ਸਾਹਿਤ, ਦੀਵਾਨਾ-ਸਾਹਿਤ ਤੇ ਉਦਾਸੀ, ਅਤੇ ਨਿਰਮਲੇ ਸਾਧੂਆਂ ਦੀਆਂ ਲਿਖਤਾਂ ਆਦਿ ।

ਇਨ੍ਹਾਂ ਗ੍ਰੰਥਾਂ ਵਿਚ ਕਈ ਗੱਲਾਂ ਗਲਤ ਹਨ ਤੇ ਕਈ ਪਰਸਪਰ ਵਿਰੋਧੀ ਪਰ ਇਨ੍ਹਾਂ ਦੀ ਦਰੁਸਤੀ ਲਈ ਕਾਇਦਾ ਇਹੋ ਹੈ ਕਿ ਵਧ ਤੋਂ ਵਧ ਪੁਰਾਤਨ ਸੋਮੇ ਵਲ ਜਾ ਕੇ ਘਟਨਾ ਦੀ ਅਸਲੀਅਤ ਲੱਭਣ ਦਾ ਜਤਨ ਕਰੀਏ ਨ ਕਿ ਬਿਗਾਨੇ ਮੂੰਹਾਂ ਵਲ ਦੇਖੀਏ । ਹੁਣ ਇਕ ਵਿਦਵਾਨ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਬਾਰੇ ਖੋਜ ਕਰਦਾ, ਕਹਿੰਦਾ ਹੈ ਕਿ ਚੂੰਕਿ ਫਾਰਸੀ ਤ੍ਵਾਰੀਖ਼ਾਂ ਵਿਚ ਗੁਰੂ ਜੀ ਪਾਸ ਅਨੰਦਪੁਰ ਬ੍ਰਾਹਮਣ ਆਏ ਨਹੀਂ ਲਿਖੇ, ਇਸ ਲਈ ਇਹ ਠੀਕ ਨਹੀਂ । ਦੂਜੇ ਪਾਸੇ ਇਹ ਲੋਕ ਉਨ੍ਹਾਂ ਫਾਰਸੀ ਤ੍ਵਾਰੀਖਾਂ ਨੂੰ ਅਹਿਮ ਪ੍ਰਮਾਣ ਮੰਨ ਕੇ ਚਲਦੇ ਹਨ ਜਿਨ੍ਹਾਂ ਨੂੰ ਇਤਨਾ ਵੀ ਪਤਾ ਨਹੀਂ ਕਿ ਗੁਰੂ ਜੀ ਦੀ ਸ਼ਹੀਦੀ ਗਵਾਲੀਅਰ ਹੋਈ ਸੀ ਜਾਂ ਦਿਲੀ। ਇਹੋ ਲੇਖਕ ਗੁਲਾਮ ਹੁਸੈਨ (ਕਰਤਾ ਸਿੱਜਰੁਲ ਮੁਤਾਖ਼ਰੀਨ) ਸ਼ੇਖ ਹਾਫਜ਼ ਆਦਮ ਨੂੰ ਗੁਰੂ ਜੀ ਦਾ ਹਮਸਫਰ ਬਣਾਉਂਦਾ ਹੈ ਜੋ ਕਿ ਆਪ ਦੇ ਗੁਰਿਆਈ ਬੈਠਣ ਤੋਂ ਵੀ 21 ਸਾਲ ਪਹਿਲਾਂ 1643 ਈ. ਵਿਚ ਮਦੀਨੇ ਚਲਾਣਾ ਕਰ ਗਿਆ ਸੀ ।

ਸੋ ਬਿਹਤਰ ਇਹ ਹੈ ਕਿ ਅਸੀਂ ਅਪਣਾ ਘਰ ਫੋਲੀਏ ਤੇ ਹਕੀਕਤ ਭਾਲੀਏ ।

ਖਾਲਸਾ-ਇਤਿਹਾਸ ਬਾਰੇ ਤਾਂ ਕੁਝ ਨ ਕੁਝ ਖੋਜ ਹੋਈ ਹੈ, 'ਗੁਰ-ਇਤਿਹਾਸ' ਸਬੰਧੀ ਬਹੁਤ ਘਟ ਕੰਮ ਹੋਇਆ ਹੈ। ਹੁਣ ਗੁਰੂ ਤੇਗ ਬਹਾਦਰ ਜੀ ਦੀ ਤਿੰਨ ਸੌ-ਸਾਲਾ ਸ਼ਹੀਦੀ ਯਾਦਗਾਰ ਮਨਾਈ ਜ਼ਾ ਰਹੀ ਹੈ, ਇਸ ਮੌਕੇ ਤੇ ਉਸ ਮਹਾਂਪੁਰਖ ਦੇ ਜੀਵਨ ਨੂੰ ਆਪਣੇ ਸੋਮਿਆਂ ਵਿਚੋਂ ਲੱਭ ਕੇ ਵਾਚਣ ਦੀ ਲੋੜ ਹੈ । ਮਿਸਾਲ ਲਈ ਨੌਂਵੇਂ ਸਤਿਗੁਰਾਂ ਸਬੰਧੀ ਸਾਡੇ ਇਤਿਹਾਸ ਵਿਚ ਕਈ ਭੁਲੇਖੇ ਪਾਏ ਜਾਂਦੇ ਹਨ ਇਹ ਵਿਰੋਧੀਆਂ ਵੀ ਪਾਏ, ਅਸੀਂ ਵੀ ਪਾਏ, ਜਿਵੇਂ ਕਿ—

ਇਤਿਹਾਸਕ ਭੁਲੇਖੇ—

(1) ਸਾਡੇ ਇਤਿਹਾਸਕਾਰਾਂ ਬਕਾਲੇ ਨੌਵੇਂ ਗੁਰਾਂ ਦਾ 1701 ਤੋਂ 1721 ਬਿ. ਤਕ 20 ਸਾਲ ਤਪ ਕਰਨ ਦਾ ਸਮਾਂ ਲਿਖਿਆ ਹੈ ਜਦੋਂ ਕਿ 1713 ਬਿ. ਵਿਚ ਆਪ ਤੀਰਥਯਾਤ੍ਰਾ ਤੇ ਜਾਂਦੇ ਅਤੇ 7-8 ਸਾਲ ਭਾਰਤ ਦਾ ਭ੍ਰਮਣ ਕਰਦੇ ਹਨ।

(2) ਗੁਰੂ ਸਾਹਿਬ ਪਟਨੇ ਇਕ ਵਾਰ ਨਹੀਂ ਗਏ, ਦੋ ਤਿੰਨ ਵਾਰ ਗਏ ਹਨ। ਪਹਿਲੇ ਤੀਰਥ ਯਾਤ੍ਰਾ ਸਮੇਂ 1714 ਬਿ. ਵਿਚ ਤੇ ਦੂਜੀ ਵਾਰ ਪ੍ਰਚਾਰ-ਯਾਤ੍ਰਾ ਸਮੇਂ 1722 ਬਿ. ਵਿਚ ਅਤੇ ਫਿਰ ਰਾਜਾ ਰਾਮ ਸਿੰਘ ਨਾਲ।

(3) ਸਾਡੇ ਇਤਿਹਾਸਕਾਰਾਂ ਇਕ ਵਾਰ ਗ੍ਰਿਫਤਾਰੀ ਲਿਖੀ ਹੈ ਜਦੋਂ ਕਿ ਆਪ ਦੋ ਵਾਰ ਗ੍ਰਿਫਤਾਰ ਹੋਏ, ਇਕ ਵਾਰ ਧਮਧਾਣ ਤੋਂ, ਦੂਜੀ ਵਾਰ ਰੋਪੜ ਲਾਗੇ ਮਲਕਪੁਰ ਤੋਂ।

(4) ਆਗਰੇ ਤੋਂ ਗ੍ਰਿਫਤਾਰੀ ਵਾਲੀ ਕਹਾਣੀ ਉੱਨੀਵੀਂ ਸਦੀ ਵਿਚ ਚਲੀ ਹੈ ਜੋ ਕਿ ਪਹਿਲੀ ਵਾਰ ਕਰਤਾ 'ਸੂਰਜਪ੍ਰਕਾਸ਼' ਨੇ ਲਿਖੀ। ਦੋਵੇਂ ਗੁਰ-ਬਿਲਾਸ (ਕੁਇਰ ਸਿੰਘ ਤੇ ਸੁੱਖਾ ਸਿੰਘ ਵਾਲਾ ਤੇ ਪ੍ਰਾਚੀਨ ਪੰਥ ਪ੍ਰਕਾਸ਼ ਦਿੱਲੀ ਲਿਖਦੇ ਹਨ; ਕੇਸਰ ਸਿੰਘ ਛਿੱਬਰ ਤੇ ਭੱਟ ਵਹੀਆਂ ਰੋਪੜ ਲਾਗੇ ਗ੍ਰਿਫਤਾਰ ਹੋਈ ਦਸਦੇ ਹਨ, ਠੀਕ ਵੀ ਇਹੋ ਹੈ।

(5) ਸਤਿਗੁਰੂ ਜੀ ਜਿਥੇ ਵੀ ਪ੍ਰਚਾਰ-ਦੌਰੇ ਤੇ ਜਾਂਦੇ ਉਨ੍ਹਾਂ ਨਾਲ ਉਦਾਸੀ ਸਾਧੂਆਂ ਦੀਆਂ ਜਮਾਤਾਂ ਹੁੰਦੀਆਂ ਸਨ ਤੇ ਕਾਫੀ ਸ਼ਰਧਾਲੂ ਵੀ ਆ ਇਕੱਤਰ ਹੁੰਦੇ ਸਨ, ਇਸ ਗੱਲ ਨੂੰ ਸਰਕਾਰੀ ਖਬਰ-ਨਵੀਸਾਂ ਹੋਰ ਰੰਗਣ ਦੇ ਕੇ ਬਾਦਸ਼ਾਹ ਦੇ ਕੰਨ ਭਰੇ ਤੇ ਫਾਰਸੀ ਤ੍ਵਾਰੀਖਦਾਨਾਂ ਇਸੇ ਨੂੰ ਆਪ ਨਾਲ 'ਲੁਟੇਰਿਆਂ ਦਾ ਗ੍ਰੋਹ' ਜੁੜਿਆ ਦੱਸਿਆ, ਪਰ ਇਹ ਸਭ ਨਿਰਮੂਲ ਹੈ।

(6) ਸਤਿਗੁਰਾਂ ਦਾ ਔਰੰਗਜ਼ੇਬ ਨਾਲ ਜੋ ਦਿਲੀ ਵਾਰਤਾਲਾਪ ਕਰਾਇਆ ਗਿਆ ਹੈ ਉਹ 1675 ਈ. ਵਿਚ ਬਣਦਾ ਨਹੀਂ ਕਿਉਂਕਿ ਔਰੰਗਾ ਇਸ ਸਮੇਂ ਦਿੱਲੀ ਨਹੀਂ ਸੀ। ਉਹ 7 ਅਪ੍ਰੈਲ, 1674 ਤੋਂ 27 ਮਾਰਚ, 1676 ਈ. ਤਕ ਬਾਹਰ ਹਸਨ ਅਬਦਾਲ ਵਲ ਰਿਹਾ। ਹਾਂ, 1665 ਵਿਚ ਪਹਿਲੀ ਗ੍ਰਿਫਤਾਰੀ ਸਮੇਂ ਉਹ ਦਿੱਲੀ ਸੀ, ਮੁਮਕਿਨ ਹੈ ਉਸ ਸਮੇਂ ਇਹ ਸੰਵਾਦ ਹੋਇਆ ਹੋਵੇ ਤੇ ਸਾਡੇ ਇਤਿਹਾਸਕਾਰਾਂ ਭੁਲੇਖੇ ਨਾਲ ਇਸ ਨੂੰ ਦੂਜੀ ਗ੍ਰਿਫਤਾਰੀ ਸਮੇਂ ਜੋੜ ਦਿੱਤਾ।

(7) ਅਸਾਮ ਦੀ ਮੁਹਿੰਮ ਤੇ ਜਾਣ ਵਾਲੇ ਰਾਜੇ ਦਾ ਨਾਂ ਕਿਸੇ ਮਾਨ ਸਿੰਘ ਲਿਖਿਆ ਹੈ, ਕਿਸੇ ਬਿਸ਼ਨ ਸਿੰਘ ਦਰਅਸਲ ਇਹ ਰਾਜਾ ਰਾਮ ਸਿੰਘ ਸੀ, ਜੋ ਗੁਰੂ ਜੀ ਨੂੰ ਪਟਨੇ ਤੋਂ ਅਸਾਮ ਵਲ ਲੈ ਕੇ ਗਿਆ ।

(8) ਮੈਕਾਲਫ ਨੇ ਭਾਈ ਨਰਾਇਣ ਸਿੰਘ ਦੇ ਹਵਾਲੇ ਨਾਲ ਇਕ ਹੋਰ ਗਲਤ ਸਾਖੀ ਪਾ ਦਿਤੀ ਕਿ ਗੁਰੂ ਸਾਹਿਬ ਜੇਲ੍ਹਖਾਨੇ ਉਤੇ ਟਹਿਲ ਰਹੇ ਸਨ, ਔਰੰਗਜ਼ੇਬ ਨੇ ਕਿਹਾ ਇਹ ਮੇਰੇ ਮਹਲਾਂ ਵਲ ਕਿਉਂ ਤੱਕ ਰਹੇ ਹਨ ? ਗੁਰੂ ਜੀ ਨੇ ਕਿਹਾ 'ਮੈਂ ਮਹਲਾਂ ਵਲ ਨਹੀਂ ਤੱਕ ਰਿਹਾ. ਮੈਂ ਤਾਂ ਉਨ੍ਹਾਂ ਟੋਪੀ ਵਾਲੇ ਸਿਖਾਂ (ਅੰਗਰੇਜ਼ਾਂ) ਵਲ ਦੇਖ ਰਿਹਾ ਹਾਂ ਜੋ ਤੇਰੇ ਪੜਦੇ ਪਾੜ[illegible] ਕਿਸੇ ਭਲੇਮਾਣਸ ਨੇ ਇਹ ਨਹੀਂ ਸੋਚਿਆ ਕਿ ਮੁਗਲ ਜ਼ਮਾਨੇ ਵਿਚ ਜਿਸ ਕੈਦੀ ਨੂੰ ਲੋਹੇ ਦੇ ਪਿੰਜਰੇ ਵਿਚ ਪਾ ਕੇ ਰੱਖਿਆ ਹੋਵੇ. ਉਸ ਨੂੰ ਉਤਲੀ ਮੰਜ਼ਲ ਤੇ ਜਾ ਕੇ ਸੈਰ ਟਹਿਲ ਦਾ ਮੌਕਾ ਦੇਣ ਦਿੰਦਾ ਹੈ । ਨਾਲੇ ਚਾਂਦਨੀ ਚੌਂਕ ਦੇ ਮੁਕਾਮ ਤੋਂ ਲਾਲ ਕਿਲੇ ਦੇ ਅੰਦਰ ਜ਼ਨਾਨਖਾਨੇ ਤੇ ਅੱਧ ਮੀਲ ਨਿਗਾਹ ਕਿਵੇਂ ਜਾ ਸਕਦੀ ਹੈ ? ਫਿਰ ਗੁਰੂ ਤੇਗ ਬਹਾਦਰ ਵਰਗੇ ਪਰਮਾਤਮਾ ਬਾਰੇ ਇਜੇਹਾ ਸੋਚਣਾ ਹੀ ਮੂਰਖਤਾ ਹੈ ।

(9) ਕਈ ਸਾਖੀ-ਨਵੀਸਾਂ ਸਤਿਗੁਰਾਂ ਨੂੰ ਜੇਲ੍ਹ ਵਿਚ ਹੁੰਦਿਆਂ ਦਿੱਲੀ ਦੇ ਸਿਖਾਂ ਦੀ ਘਰੀਂ ਰੋਟੀ ਖਾਂਦੇ ਦੱਸਿਆ ਹੈ. ਇਹ ਵੀ ਠੀਕ ਨਹੀਂ । ਕਿਉਂਕਿ ਜੇ ਗੁਰੂ ਸਾਹਿਬ ਕਰਾਮਾਤਾਂ ਕਰ ਕੇ ਇਸ ਤਰ੍ਹਾਂ ਭਜਨ ਛਕਣ ਜਾ ਸਕਦੇ ਸਨ ਤਾਂ ਉਹ ਔਰੰਗਜ਼ੇਬ ਨੂੰ ਵੀ ਕਰਾਮਾਤ ਦਿਖਾ ਸਕਦੇ ਸਨ ।

(10) ਕੁਝ ਇਤਿਹਾਸਕਾਰ ਗੁਰੂ ਜੀ ਦੇ ਸਾਥੀ ਸਿਖਾਂ ਦਾ ਜੇਲ੍ਹ ਵਿਚੋਂ ਦੌੜ ਜਾਣਾ ਲਿਖਦੇ ਹਨ. ਇਹ ਬਿਲਕੁਲ ਝੂਠ ਹੈ । ਗੁਰੂ ਜੀ ਨਾਲ ਜੋ ਸਿਖ ਗ੍ਰਿਫ਼ਤਾਰ ਹੋਏ, ਉਹ ਧੁਰ ਤਕ ਨਿਭੇ ਤੇ ਉਨ੍ਹਾਂ ਖੁਸ਼ੀ ਖੁਸ਼ੀ ਸ਼ਹੀਦੀਆਂ ਪਾਈਆਂ ।

(11) ਬਹੁਤੇ ਸਿਖ ਇਤਿਹਾਸਕਾਰਾਂ ਸ਼ਰਧਾ-ਵਸ ਇਹ ਵੀ ਲਿਖਿਆ ਹੈ ਕਿ ਗੁਰੂ ਜੀ ਨੇ ਬੰਦੀਖਾਨੇ ਵਿਚ ਆਪਣੇ ਸਿਖ ਪਾਸੋਂ ਹੀ ਸਿਰ ਕਟਵਾ ਲਿਆ ਤਾਂ ਕਿ ਮਲੇਛਾਂ ਦਾ ਹੱਥ ਨ ਲਗੇ । ਇਕ ਲੇਖਕ ਨੇ ਰਾਜਪੂਤ ਪਾਸੋਂ ਸੀਸ ਜੁਦਾ ਕਰਾਇਆ ਦੱਸਿਆ ਹੈ।ਇਹ ਸਭ ਇਸ ਲਈ ਘੜਿਆ ਗਿਆ ਕਿ ਸਾਡੀ ਸ਼ਰਧਾ ਰਹਿੰਦੀ

ਹੈ ਕਿ ਗੁਰੂ ਜੀ ਦੇ ਸੀਸ ਨੂੰ ਕੋਈ ਤੁਰਕ ਕੱਟ ਨਹੀਂ ਸਕਦਾ ਪਰ ਇਨ੍ਹਾਂ ਇਹ ਨਹੀਂ ਸੋਚਿਆ ਕਿ ਇਉਂ ਮੰਨ ਕੇ ਅਸੀਂ ਗੁਰੂ ਜੀ ਨੂੰ 'ਸ਼ਹੀਦ' ਬਣਨ ਤੋਂ ਬਹੁਤ ਦੂਰ ਲੈ ਜਾਂਦੇ ਹਾਂ। ਨਾਲੇ ਇਤਿਹਾਸਕ ਹਕੀਕਤ ਇਹ ਹੈ ਕਿ ਸਤਿਗੁਰਾਂ ਨੂੰ ਇਕੱਲਿਆਂ ਪਿੰਜਰੇ ਵਿਚ ਬੰਦ ਕੀਤਾ ਹੋਇਆ ਸੀ, ਨਾਲ ਕੋਈ ਵੀ ਹੋਰ ਸਾਥੀ ਨਹੀਂ ਸੀ।

ਇਸ ਕਿਸਮ ਦੀਆਂ ਅਨੇਕਾਂ ਭੁੱਲਾਂ ਹਨ। ਨ ਇਉਂ ਹੋਇਆ ਤੇ ਨਾ ਹੀ ਇਸ ਨਾਲ ਗੁਰੂ ਜੀ ਦੀ ਵਡਿਆਈ ਬਣਦੀ ਹੈ। ਇਤਿਹਾਸਕ ਸੱਚ ਇਹ ਹੈ ਕਿ ਬਾਵਜੂਦ ਔਰੰਗਜ਼ੇਬ ਦੀ ਦਿੱਲੀ ਗੈਰ ਹਾਜਰੀ ਦੇ, ਸਭ ਕੁਝ ਉਸਦੇ ਹੁਕਮ ਨਾਲ ਹੋਇਆ। ਗੁਲਾਮ ਹੁਸੈਨ ਖ਼ਾਂ ਨੇ ਠੀਕ ਲਿਖਿਆ ਹੈ ਕਿ ਪਹਿਲਾਂ ਉਸ ਗ੍ਰਿਫਤਾਰੀ ਦਾ ਹੁਕਮ ਦਿਤਾ ਤੇ ਫਿਰ ਦੂਜਾ ਹੁਕਮ ਕਤਲ ਦਾ। ਸਮਕਾਲੀ ਸੁਜਾਨ ਰਾਇ ਭੰਡਾਰੀ ਸਾਫ ਲਿਖਦਾ ਹੈ—

'ਹਸਬੁਲ ਹੁਕਮ ਆਲਮਗੀਰ ਬਾਦਸ਼ਾਹ,
ਦਰ ਸ਼ਾਹ ਜਹਾਨਾਬਾਦ ਕੁਸ਼ਤਾ ਸ਼ੁਦ।'

(ਖੁਲਾਸਾਤੁਲ ਤ੍ਵਾਰੀਖ 1695 ਈ.)

ਸੋ ਇਹ ਜਾਂ ਅਜੇਹੀਆਂ ਹੋਰ ਗਲਤੀਆਂ ਦਰੁਸਤ ਕਰਨ ਲਈ ਸਾਨੂੰ ਪਹਿਲੇ ਆਪਣੇ ਪੁਰਾਣੇ ਸੋਮੇ ਜ਼ਰੂਰੀ ਫੋਲਣੇ ਚਾਹੀਦੇ ਹਨ, ਫਿਰ ਇਨ੍ਹਾਂ ਨੂੰ,ਫਾਰਸੀ ਤ੍ਵਾਰੀਖ਼ਾਂ ਵਿਚ ਮਿਲਦੇ ਮਸਾਲੇ ਨਾਲ ਵੀ ਮਿਲਾ ਕੇ ਵੇਖਣਾ ਹਿਤਕਾਰੀ ਹੈ।

ਭੱਟ ਵਹੀਆਂ—ਸਾਡੇ ਇਤਿਹਾਸ ਦਾ ਇਕ ਪੁਰਾਤਨ ਸੋਮਾ ਜੋ ਅਜੇ ਤਕ ਅਛੂਤਾ ਪਿਆ ਹੈ, ਉਹ ਭੱਟ ਵਹੀਆਂ ਤੇ ਪੰਡਾ ਵਹੀਆਂ ਹਨ ਜਿਨ੍ਹਾਂ ਵਿਚ ਪੰਜਾਬ ਦਾ ਸੱਤ ਅੱਠ ਸਦੀਆਂ ਦਾ ਇਤਿਹਾਸ ਸਾਂਭਿਆ ਪਿਆ ਹੈ। ਭੱਟ ਬ੍ਰਾਹਮਣਾਂ ਦੀ ਇਕ ਸ਼ਾਖ ਹੈ ਜਿਨ੍ਹਾਂ ਦਾ ਕੰਮ ਜਜਮਾਨੀ ਪ੍ਰੋਹਤੀ ਹੈ ਤੇ ਥਾਂ ਥਾਂ ਫਿਰ ਕੇ ਵਧਾਈਆਂ ਲੈਣਾ ਤੇ ਆਪਣੇ ਜਜਮਾਨਾਂ ਦੇ ਨਾਂ ਪਤੇ ਨਾਲੋ ਨਾਲ ਦਰਜ ਕਰਦੇ ਜਾਣਾ ਹੈ ਤਾਂ ਕਿ ਅਗਲੀ ਵਾਰ ਆਉਣ ਸਮੇਂ ਜਜਮਾਨ ਦਾ ਕੁਰਸੀਨਾਮਾ ਬਖੂਬੀ ਸੁਣਾਇਆ ਜਾ ਸਕੇ। ਸਾਰੇ ਭੱਟਾਂ ਨੇ ਆਪਣੇ ਇਲਾਕੇ ਅਤੇ ਪਰਿਵਾਰ ਵੰਡੇ ਹੋਏ ਹਨ ਤੇ ਸਾਰਾ ਸਾਲ ਉਨ੍ਹਾਂ ਵਿਚ ਘੁੰਮਦੇ ਰਹਿੰਦੇ ਹਨ। ਭੱਟਾਂ ਦਾ ਸਬੰਧ ਸਿਖ ਲਹਿਰ ਨਾਲ ਤੀਜੇ ਗੁਰੂ ਸਾਹਿਬ ਤੋਂ ਸ਼ੁਰੂ ਹੋਇਆ ਤੇ ਪੰਚਮ ਪਾਤਸ਼ਾਹ ਸਮੇਂ

ਅਨੇਕਾਂ ਭੱਟ ਸਿਖ ਬਣ ਗਏ ਤੇ ਗੁਰੂ ਸਾਹਿਬਾਨ ਦੀਆਂ ਸਰਗਰਮੀਆਂ ਦਾ ਲੇਖਾ-ਪੱਤਾ ਆਪਣੀਆਂ ਵਹੀਆਂ ਵਿਚ ਦਰਜ ਕਰਨ ਲਗੇ । ਇਨ੍ਹਾਂ ਵਿਚ ਛੇਵੇਂ ਪਾਤਸਾਹ ਤੋਂ ਦਸਮ ਪਾਤਸ਼ਾਹ ਤਕ ਅਨੇਕਾਂ ਟੂਕਾਂ ਮਿਲਦੀਆਂ ਹਨ ਜਿਨ੍ਹਾਂ ਤੋਂ ਅਜੇ ਸਾਡਾ ਇਤਿਹਾਸ ਅਣਜਾਣ ਹੈ । ਇਹ ਸਮਕਾਲੀ ਲਿਖਤਾਂ ਹਨ ਜਿਨ੍ਹਾਂ ਵਿਚ ਸਮਾਂ, ਸਥਾਨ ਦਾ ਸੰਕੇਤ ਦੇਣ ਤੋਂ ਇਲਾਕਾ ਹਰ ਵਿਅਕਤੀ ਦੀ ਵਲਦੀਅਤ ਵੀ ਸਪਸ਼ਟ ਭਾਂਤ ਲਿਖੀ ਹੋਈ ਹੈ ।

ਇਸ ਸਮੇਂ ਪੰਜਾਬ ਵਿਚ ਤਿੰਨ ਜ਼ਿਲਿਆਂ ਅੰਦਰ ਭੱਟਾਂ ਦਾ ਵਾਸਾ ਹੈ. ਸੰਗਰੂਰ ਕਰਨਾਲ ਤੇ ਹਿਸਾਰ । ਇਨ੍ਹਾਂ ਦੀਆਂ ਵੀ ਅੱਗੇ ਕਈ ਕਈ ਟੋਲੀਆਂ ਹਨ ਜਿਨ੍ਹਾਂ ਆਪਣੇ ਹਲਕੇ ਵੰਡੇ ਹੋਏ ਹਨ । ਇਨ੍ਹਾਂ ਵਹੀਆਂ ਦੇ ਨਾਮ ਵੀ ਇਨ੍ਹਾਂ ਇਲਾਕਿਆਂ ਖ਼ਾਨਦਾਨਾਂ ਜਾਂ ਪਿੰਡਾਂ ਦੇ ਨਾਂ ਤੇ ਹਨ ਜਿਵੇਂ ਭੱਟ ਵਹੀ ਮੁਲਤਾਨੀ ਸਿੰਧੀ, ਭੱਟ ਵਹੀ ਪੂਰਬੀ ਦੱਖਣੀ, ਭੱਟ ਵਹੀ ਜਾਦੋਬੰਸੀਆਂ ਕੀ. ਭੱਟ ਵਹੀ ਤਲਉਂਢਾ, ਭੱਟ ਵਹੀ ਭਾਦਸੋਂ, ਭੱਟ ਵਹੀ ਕਰਸਿੰਧੂ ਵਾਲੀ । ਕਰਸਿੰਧੂ (ਪਰਗਣਾ ਸਫੈਦੋਂ) ਨਿਵਾਸੀ ਭੱਟ ਭਾਈ ਸੰਤ ਸਿੰਘ ਦਸਦਾ ਸੀ ਕਿ ਸਾਡੇ ਪਾਸ ਲਗਭਗ 20 ਮਣ ਵਹੀਆਂ ਹਨ । ਕਰਸਿੰਧੂ ਵਾਲੇ ਭਾਈ ਮਾਨ ਸਿੰਘ ਭੱਟ ਨੇ ਗਿ. ਗਰਜਾ ਸਿੰਘ ਜੀ ਨੂੰ 'ਸ਼ਹੀਦ ਬਿਲਾਸ' ਦਾ ਖਰੜਾ ਭੱਟ ਮੋਹਲੂਰਾਮ ਤੋਂ ਲੈ ਕੇ ਦਿਤਾ ਸੀ ਜਿਸ ਤੋਂ ਸਾਨੂੰ ਭਾਈ ਮਨੀ ਸਿੰਘ ਜੀ ਦੇ ਜੀਵਨ ਬਾਰੇ ਨਵੀਂ ਰੌਸ਼ਨੀ ਮਿਲੀ ਹੈ । ਇਸੇ ਤਰ੍ਹਾਂ ਭਾਈ ਸਰੂਪ ਸਿੰਘ ਕੌਸ਼ਿਸ਼ ਨੇ ਭੱਟ ਵਹੀਆਂ ਵਿਚ ਮਿਲਦੇ ਮਸਾਲੇ ਦੇ ਆਧਾਰ ਤੇ 1790 ਈ. ਵਿਚ 'ਗੁਰੂ ਕੀਆਂ ਸਾਖੀਆਂ' ਪੁਸਤਕ ਲਿਖੀ ਸੀ ਪਰ ਇਸ ਦੇ ਉਤਾਰੇ ਬਹੁਤ ਘੱਟ ਹੋਏ ਤੇ ਨਾ ਹੀ ਅਜੇ ਤਕ ਇਹ ਛਪੀ ਹੈ । ਇਸ ਵਿਚ ਗੁਰੂ ਸਾਹਿਬਾਨ ਬਾਰੇ ਸਚਮੁਚ ਦੁਰਲਭ ਤੇ ਪ੍ਰਮਾਣਿਕ ਸਮੱਗਰੀ ਪ੍ਰਾਪਤ ਹੈ ।

ਜੋ ਉਪਰੋਕਤ ਭੱਟ ਵਹੀਆਂ ਵਿਚ ਗੁਰੂ ਤੇਗ ਬਹਾਦਰ ਜੀ ਸਬੰਧੀ ਵੀ ਕਈ ਅਜੇਹੀਆਂ ਟੂਕਾਂ ਮਿਲਦੀਆਂ ਹਨ ਜਿਨ੍ਹਾਂ ਸਾਡੀਆਂ ਅਨੇਕਾਂ ਗੁੰਝਲਾਂ ਨੂੰ ਸੁਲਝਾ ਦਿਤਾ ਹੈ । ਅੱਜ ਲੋੜ ਹੈ ਇਨ੍ਹਾਂ ਵਹੀਆਂ ਦੀ ਸਾਰੀ ਸਮੱਗਰੀ ਨੂੰ ਜਾਣਨ ਦੀ ਤੇ ਪੁਣ ਛਾਣਨ ਦੀ । ਭਲਾ ਹੋਵੇ, ਗਿ. ਗਰਜਾ ਸਿੰਘ ਜੀ ਦਾ ਜਿਨ੍ਹਾਂ ਪਹਿਲੇ ਪਹਿਲ ਭੱਟ ਵਹੀਆਂ ਦੇ ਸੋਮੇ ਨੂੰ ਲੱਭਿਆ ਤੇ ਸਾਨੂੰ ਇਨ੍ਹਾਂ ਦੀ ਜਾਣ-ਪਛਾਣ ਕਰਾਈ । ਕਈ

ਸਾਲ ਹੋਏ ਭਾਈ ਮਾਨ ਸਿੰਘ ਭੱਟ ਨੂੰ ਉਹ ਪਟਿਆਲੇ ਲਿਆਏ ਤੇ ਕਈ ਵਹੀਆਂ ਦੇ ਦਰਸ਼ਨ ਕਰਾਏ । ਇਨ੍ਹਾਂ ਵਿਚੋਂ ਕੁਝ ਕੁ ਵਹੀਆਂ ਦੀਆਂ ਮਹਿਕਮਾ ਆਰਕਾਇਵਜ਼ ਨੇ ਫੋਟੋਆਂ ਵੀ ਲੀਤੀਆਂ । ਹੁਣ ਵੀ ਇਕੋ ਇਕ ਗਿ. ਗਰਜਾ ਸਿੰਘ ਜੀ ਹੀ ਹਨ ਜਿਨ੍ਹਾਂ ਇਨ੍ਹਾਂ ਭੱਟ ਵਹੀਆਂ ਤੋਂ ਲੋੜੀਂਦੇ ਨੋਟ ਲਏ ਤੇ ਅੱਗੇ ਕਈ ਇਤਿਹਾਸਕਾਰਾਂ ਨੂੰ ਦਿਤੇ । ਸਾਡੇ ਮੁਖੀ ਇਤਿਹਾਸਕਾਰਾਂ ਇਹ ਨੋਟ ਵਰਤ ਤਾਂ ਲਏ ਪਰ ਗਿਆਨੀ ਜੀ ਦਾ ਨਾਂ ਲੈਣ ਦੀ ਲੋੜ ਨਹੀਂ ਸਮਝੀ । 6-7 ਸਾਲ ਹੋਏ ਆਪ ਨੇ ਇਨ੍ਹਾਂ ਭੱਟ ਵਹੀਆਂ ਦੀਆਂ ਟੂਕਾਂ ਦੇ ਆਧਾਰ ਤੇ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਲਿਖਕੇ ਪੰਜਾਬੀ ਯੂਨੀਵਰਸਿਟੀ ਨੂੰ ਦਿਤਾ ਸੀ; ਪਰ ਅਜੇ ਤਕ ਇਸ ਨੂੰ ਕਿਸੇ ਨੇ ਛਾਪਣ ਦੀ ਖੇਚਲ ਨਹੀਂ ਕੀਤੀ । ਸੋ ਜਿਥੇ ਭੱਟਾਂ ਦਾ ਕੰਮ ਅਮੁੱਲਾ ਹੈ, ਉਥੇ ਗਿਆਨੀ ਜੀ ਦੀ ਖੋਜੀ ਸੇਵਾ ਵੀ ਅਣਡਿੱਠ ਕੀਤੀ ਜਾਣ ਵਾਲੀ ਨਹੀਂ । ਅਸੀਂ ਉਨ੍ਹਾਂ ਦੇ ਦਿਲੋਂ ਧੰਨਵਾਦੀ ਹਾਂ, ਜਿਨਾਂ ਸਾਨੂੰ ਇਸ ਸੋਮੇ ਨਾਲ ਪਰਿਚਤ ਕਰਾਇਆ ਹੈ ।

ਅਸਾਂ ਗੁਰੂ ਤੇਗ ਬਹਾਦਰ ਜੀ ਦਾ ਜੀਵਨ ਭੱਟ ਵਹੀਆਂ ਦੀ ਰੋਸ਼ਨੀ ਵਿਚ ਹੀ ਮਿਤੀਵਾਰ ਕਰਕੇ ਲਿਖਿਆ ਹੈ ਤੇ ਸਾਡੇ ਕੁਝ ਪੁਰਾਤਨ ਗ੍ਰੰਥਾਂ ਤੋਂ ਵੀ ਇਸ ਦੀ ਪੁਸ਼ਟੀ ਮਿਲਦੀ ਹੈ । ਪਹਿਲਾਂ ਗੁਰੂ ਤੇਗ ਬਹਾਦਰ ਸਬੰਧੀ ਸਰ ਦਲਜੀਤ ਸਿੰਘ ਡਾ. ਅਰਜਨ ਸਿੰਘ ਮਾਨ, ਡਾ. ਤ੍ਰਿਲੋਚਨ ਸਿੰਘ, ਡਾ. ਗੁਰਚਰਨ ਸਿੰਘ ਅਨੰਦ ਤੇ ਪ੍ਰੋ. ਪ੍ਰੀਤਮ ਸਿੰਘ ਗਿਲ ਨੇ ਅੰਗਰੇਜ਼ੀ ਵਿਚ ਕੰਮ ਕੀਤਾ ਹੈ. ਜੋ ਸ਼ਲਾਘਾਯੋਗ ਹੈ । ਹੁਣ ਤਿੰਨ ਸੌ-ਸਾਲਾ ਪੁਰਬ ਸਮੇਂ ਵੀ ਕਈ ਰਵਾਇਤੀ ਤਰੀਕੇ ਦੀਆਂ ਕਿਤਾਬਾਂ ਨਿਕਲਣਗੀਆਂ ਤੇ ਸ਼ਾਇਦ ਕੋਈ ਸ਼ੁੱਧ ਖੋਜ-ਗ੍ਰੰਥ ਵੀ ਹੋਵੇ । ਲੇਕਿਨ ਭੱਟ ਵਹੀਆਂ ਦੀ ਦਿਤੀ ਸੇਧ ਅਜਾਈਂ ਜਾਣ ਵਾਲੀ ਨਹੀਂ । 1 ਅਕਤੂਬਰ 1975 ਨੂੰ ਉਪਰੇਸ਼ਨ ਹੋ ਜਾਣ ਕਾਰਣ ਮੈਨੂੰ ਰੋਗੀ-ਮੰਚ ਉਤੇ ਪੈਣਾ ਪੈ ਗਿਆ ਜਿਸ ਕਰਕੇ ਮੈਂ ਇਸ ਕੰਮ ਉਤੇ ਹੋਰ ਵਧੇਰੇ ਮਿਹਨਤ ਨਹੀਂ ਕਰ ਸਕਿਆ । ਪਰ ਤ੍ਰੈ ਸੌ-ਸਾਲਾ ਸ਼ਹੀਦੀ ਸਮਾਗਮ ਸਮੇਂ ਸ਼ਰਧਾ-ਸੁਮਨ ਸਮਰਪਣ ਕਰਨਾ ਜ਼ਰੂਰੀ ਸੀ, ਇਸ ਲਈ ਯਥਾਸ਼ਕਤਿ ਇਹ ਢੋਆ ਪੇਸ਼ ਕੀਤਾ ਹੈ । ਆਸ ਹੈ, ਇਹ ਪੰਨੇ ਸ਼ਹੀਦਿਆਜ਼ਮ ਸਤਿਗੁਰੂ ਦੀ ਸ਼ਖਸੀਅਤ ਨੂੰ ਸਮਝਣ ਵਿਚ ਸਹਾਇਕ ਸਿਧ ਹੋਣਗੇ ।

ਪਿਆਰਾ ਸਿੰਘ ਪਦਮ

ਕਲਮ ਮੰਦਿਰ

ਪਟਿਆਲਾ ।

ਨਵੰਬਰ, 1975

ਗੁਰੂ ਤੇਗ ਬਹਾਦਰ ਤੇ ਆਜ਼ਾਦੀ ਦੀ ਲਹਿਰ

ਜਦੋਂ ਹਿੰਦੂ ਸੰਸਕ੍ਰਿਤੀ, ਮੁਸਲਮਾਨੀ ਹੱਲਿਆਂ ਦੀ ਮਾਰ ਨ ਸਹਾਰ ਕੇ ਜਰਵਾਣਿਆਂ ਅੱਗੇ ਢਹਿਾਲ ਡਿਗ ਪਈ ਤੇ ਆਪਣੀ ਰਾਜਸੀ ਅਤੇ ਧਾਰਮਿਕ ਸੁਤੰਤ੍ਰਤਾ ਗੁਆ ਬੈਠੀ ਤਾਂ ਉਸ ਸਮੇਂ ਗੁਰੂ ਨਾਨਕ ਸਾਹਿਬ ਨੇ 'ਨਾਮ ਦੀ ਚੜ੍ਹਦੀ ਕਲਾ ਤੇ ਸਰਬਤ ਦੇ ਭਲੇ' ਦਾ ਨਾਅਰਾ ਦੇ ਕੇ ਮਨੁੱਖੀ ਚੇਤਨਾ ਨੂੰ ਜਗਾਇਆ। ਇਸ ਮੌਕੇ ਭਾਰਤ-ਵਾਸੀ ਭੈਭੀਤ ਸਨ ਤੇ ਉਹ ਆਪਣਾ ਸਵੈਮਾਨ ਤੇ ਸੁਤੰਤ੍ਰਤਾ ਗੁਆ ਬੈਠੇ ਸਨ, ਤੇ ਉਨ੍ਹਾਂ ਦੀ ਜਿੰਦ ਹੀਣ ਧਾਰਮਿਕਤਾ ਨਿਰਾ ਦਿਖਾ[illegible]ਮਾਤਰ ਸੀ, ਦੂਜੇ ਪਾਸੇ ਮੁਸਲਮਾਨ ਜਾਤੀ, ਗੈਰ-ਮੁਸਲਿਮ ਦਾ ਸ਼ੁਭ-ਚਿੰਤਕ ਹੋਣਾ [illegible] ਤੋਂ ਬਾਹਰੀ ਗੱਲ ਮੰਨਦੀ ਸੀ। ਇਸ ਹਾਲਤ ਵਿਚ ਚੜ੍ਹਦੀ ਕਲਾ ਤੇ ਸਰਬਤ ਦੇ ਭਲੇ ਦਾ ਦਾਰੂ ਦੋਹਾਂ ਧਿਰਾਂ ਦੀ ਸਿਹਤ ਲਈ ਅਤਿ ਜ਼ਰੂਰੀ ਸੀ। ਡਾਢਾ, ਮਾੜੇ ਨੂੰ ਮਾਰਦਾ ਸੀ ਤੇ ਮਾੜਾ ਡਾਢੇ ਤੋਂ ਮਾਰ ਖਾਂਦਾ ਸੀ', ਗੁਰੂ ਸਾਹਿਬ ਨੂੰ ਦੋਵੇਂ ਗੱਲਾਂ ਨ-ਪਸੰਦ ਸਨ। ਉਹ ਚਾਹੁੰਦੇ ਸਨ ਕਿ ਤਾਕਤਵਰ ਤਾਕਤਵਰ ਨਾਲ ਜੂਝੇ, ਜੇ ਪਾੜ-ਖਾਣੇ ਬਘਿਆੜ ਗਊਆਂ ਉਤੇ ਟੁਟ ਪੈਣ ਤੇ ਹੱਤਿਆ ਕਰਨ ਤਾਂ ਇਹ ਕੋਈ ਨਿਆਂ ਨਹੀਂ। ਬਰਾਬਰ ਦੀ ਟੱਕਰ ਹੋਵੇ ਤਾਂ ਇਹ ਕੋਈ ਹਰਜੇ ਵਾਲੀ ਗੱਲ ਵੀ ਨਹੀਂ। ਆਖਰ ਜ਼ਿੰਦਗੀ ਇਕ ਸੰਗ੍ਰਾਮ ਹੈ, ਰਣ-ਖੇਤਰ ਹੈ :—

ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸ ਨ ਹੋਈ। [ਆਸਾ ੧

ਇਥੇ ਜਰਵਾਣਿਆਂ ਨੇ ਭਾਰਤ ਦੀ ਧਾਰਮਿਕ ਮਾਨਤਾ, ਬੋਲ-ਬਾਣੀ,

ਪਹਿਰਾਵਾ, ਖਾਣ ਪੀਣ ਤੇ ਰਹਿਣ ਸਹਿਣ ਸਭੋ ਮਲੀਆਮੇਟ ਕਰ ਛੱਡਿਆ ਸੀ ਤੇ ਇਹ ਲੋਕ ਸਭ ਪਾਸਿਓਂ ਬੇਪਤ ਸਨ। ਖ਼ਾਸ ਕਰਕੇ ਮੁਗ਼ਲ ਜ਼ਮਾਨੇ ਵਿਚ ਹਾਲਤ ਬਹੁਤ ਹੀ ਤਰਸਯੋਗ ਹੋ ਗਈ ਸੀ।

ਭਗਤੀ ਲਹਿਰ ਦੇ ਸੰਤਾਂ ਨਾਲੋਂ ਗੁਰੂ ਨਾਨਕ ਸਾਹਿਬ ਦੀ ਇਹੋ ਵਿਸ਼ੇਸ਼ਤਾ ਸੀ ਕਿ ਉਨ੍ਹਾਂ ਨੂੰ ਇਹ ਸਭ ਕੁਝ ਚੁਭਦਾ ਸੀ, ਉਹ ਬ੍ਰਹਮਗਿਆਨੀ ਹੋਣ ਦੇ ਬਾਵਜੂਦ ਸਵੈਮਾਨੀ ਸਨ ਤੇ ਹਿੰਦ ਦਾ ਕੌਮੀ ਸਵੈਮਾਨ ਨਸ਼ਟ ਹੁੰਦਾ ਦੇਖ ਕੇ ਸਹਿ ਨਹੀਂ ਸੀ ਸਕਦੇ। ਉਹ ਕਹਿੰਦੇ ਸਨ—

'ਜੀ ਜੀਵੈ ਪਤ ਲਥੀ ਜਾਇ। ਸਭ ਹਰਾਮ ਜੇਤਾ ਕਿਛੂ ਖਾਇ।' [ਵਾਰਮਾਝ
'ਆਦਿ ਪੁਰਖ ਕਉ ਅਲਹੁ ਕਹੀਐ, ਸੇਖਾਂ ਆਈ ਵਾਰੀ।'
'ਦੇਵਲ ਦੇਵਤਿਆਂ ਕਰੁ ਲਾਗਾ, ਐਸੀ ਕੀਰਤ ਚਾਲੀ।'
'ਘਰਿ ਘਰਿ ਮੀਆਂ ਸਭਨਾਂ ਜੀਆ, ਬੋਲੀ ਅਵਰਿ ਤੁਮਾਰੀ।' [ਬਸੰਤ
'ਨੀਲ ਬਸਤ੍ਰ ਲੇ ਕਪੜੇ ਪਹਰੇ, ਤੁਰਕ ਪਠਾਣੀ ਅਮਲ ਕੀਆ।'
'ਅਭਾਖਿਆ ਦਾ ਕੁੱਠਾ ਬਕਰਾ ਖਾਣਾ।' [ਵਾਰ ਆਸਾ 1

ਗੁਲਾਮੀ ਦੇ ਇਹ ਕਾਰੀ ਜ਼ਖਮ ਇਕ ਦਿਨ ਵਿਚ ਰਾਜ਼ੀ ਨਹੀਂ ਸੀ ਹੋ ਸਕਦੇ। ਇਸ ਕਰਕੇ ਗੁਰੂ ਨਾਨਕ ਸਾਹਿਬ ਨੇ ਸਿਖ ਲਹਿਰ ਨੂੰ ਯੋਜਨਾ-ਬੱਧ ਕਰਨ ਲਈ ਗੁਰਗੱਦੀ ਨੂੰ ਦਸ ਵਿਅਕਤੀਆਂ ਤਕ ਚਲਾਇਆ, ਥਾਂ ਥਾਂ 'ਸੰਗਤਾਂ' ਕਾਇਮ ਕੀਤੀਆਂ, ਧਰਮਸ਼ਾਲਾਂ ਥਾਪੀਆਂ ਤਾਂ ਕਿ ਨੇਕੀ ਦੀ ਸ਼ਕਤੀ ਸੰਗਠਿਤ ਹੋਕੇ ਬਦੀ ਨਾਲ ਟੱਕਰ ਲੈ ਸਕੇ। ਸਿੱਖਾਂ ਨੂੰ ਉਨ੍ਹਾਂ ਸਾਵਧਾਨ ਵੀ ਕਰ ਦਿਤਾ ਕਿ ਇਹ ਮਾਲਾ ਫੜ ਕੇ ਜਾਂ ਏਕਾਂਤ-ਵਾਸ ਲੈ ਕੇ ਦਿਨ-ਕਟੀ ਕਰਨ ਦਾ ਸਮਾਂ ਨਹੀਂ, ਸਗੋਂ ਸਿਰ ਤਲੀ ਤੇ ਰੱਖ ਕੇ ਚਲਣ ਦਾ ਵੇਲਾ ਹੈ:—

ਜਉ ਤਉ ਪ੍ਰੇਮ ਖੇਲਣ ਕਾ ਚਾਉ। ਸਿਰਿ ਧਰਿ ਤਲੀ ਗਲੀ ਮੇਰੀ ਆਉ।
ਇਤੁ ਮਾਰਗਿ ਪੈਰ ਧਰੀਜੈ। ਸਿਰ ਦੀਜੈ ਕਾਣਿ ਨ ਕੀਜੈ। [ਮ. ੧

ਇਸ ਜਬਰ ਜ਼ੁਲਮ ਦੇ ਖਿਲਾਫ ਕਈ ਵਿਰੋਧ ਉਠੇ ਪਰ ਇਹ ਸਭ ਵਿਅਕਤੀ-ਗਤ ਕਿਸਮ ਦੇ ਸਨ। ਮੁਗ਼ਲਾਂ ਨੇ ਰਾਜਪੂਤਾਂ ਦਾ ਨ ਰਾਜ ਹੀ ਨਹੀਂ ਖੋਹਿਆ, ਸਗੋਂ ਉਨ੍ਹਾਂ ਦੀਆਂ ਧੀਆਂ ਦੇ ਡੋਲੇ ਮਹਲਾਂ ਵਿਚ ਲਿਆਕੇ ਉਨ੍ਹਾਂ ਦੀ ਸਮਾਜਕ ਸ਼ਾਨ ਨੂੰ ਵੀ

ਜਾਰੀ ਕੀਤਾ। ਅਕਬਰ ਤੇ ਸ਼ਾਹਜਹਾਨ ਦੇ ਰਣਵਾਸ ਵਿਚ ਦਰਜਨਾਂ ਬਗਮਾਂ ਸਨ ਜੋ ਹਿੰਦੂ ਘਰਾਣਿ ਤੋਂ ਆਈਆਂ ਸਨ। ਇਸ ਜਬਰ ਵਿਰੁਧ ਸ਼ਿਵਾ ਜੀ ਨੇ ਮਰਾਠਿਆਂ ਨੂੰ ਤਿਆਰ ਕੀਤਾ, ਗੋਕਲ ਨੇ ਜਾਟਾਂ ਨੂੰ ਤੇ ਖੁਸ਼ਹਾਲ ਖ਼ਾਂ ਖਟਕ ਨੇ ਪਠਾਣਾਂ ਨੂੰ ਲੜਾਇਆ। ਇਹ ਸਮੇਂ ਸਮੇਂ ਦੀਆਂ ਲਾਟਾਂ ਸਨ ਲੇਕਿਨ ਗੁਰੂਆਂ ਨੇ ਪੰਜਾਬ ਵਿਚ ਜਥੇਬੰਦ ਜਤਨਾਂ ਦੁਆਰਾ ਜੁਆਲਾਮੁਖੀ ਜਗਾ ਕੇ ਇਸ ਕ੍ਰਾਂਤੀਕਾਰੀ ਲਹਿਰ ਨੂੰ ਜ਼ੋਰ ਨਾਲ ਬਾਕਾਇਦਾ ਲਗਾਤਾਰ ਚਲਾਇਆ।

ਗੁਰੂ ਨਾਨਕ ਸਾਹਿਬ ਨੇ ਉਮਰ-ਭਰ ਸਾਰੇ ਹਿੰਦ ਵਿਚ ਫਿਰ ਕੇ ਰੱਤ-ਪੀਣੇ ਕਸਾਈ ਰਾਜਿਆਂ ਦੀ ਰੱਜ ਕੇ ਨਿਖੇਧੀ ਕੀਤੀ, ਤੇ ਪਰਾਇਆ ਹੱਕ ਖਾਣ ਵਾਲਿਆਂ ਨੂੰ ਲਿਆ। ਅੰਧੀ ਰੱਯਤ ਨੂੰ ਨਿਰਭੈਤਾ ਦਾ ਜੀਵਨ ਬਸਰ ਕਰਨ ਦੀ ਜਾਚ ਕੌਮੀ ਕਿ ਰਾਜਸੀ ਭੈ ਇਕ ਹਊਆ ਹੀ ਹੈ, ਮਨ ਤਕੜਾ ਹੋਵੇ ਤਾਂ ਇਹ ਡਰ ਦਾ ਭਾਰ ਉਤਾਰਿਆ ਜਾ ਸਕਦਾ ਹੈ, ਨਿਰਭੈਤਾ ਤਾਂ ਆਜ਼ਾਦ ਜੀਵਨ ਦਾ ਮੁਖ ਲੱਛਣ ਹੈ।

'ਡਰੀਐ ਜੇ ਡਰੁ ਹੋਵਹਿ ਹੋਰ। ਡਰ ਡਰ ਡਰਣਾ ਮਨ ਕਾ ਸੋਰ।'
[ਗਉੜੀ 1

'ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹੁ।' [ਵਾਰ ਆਸਾ 1

ਗੁਰੂ ਅੰਗਦ ਸਾਹਿਬ ਨੇ ਲੋਕਾਂ ਵਿਚ ਦੇਸ ਦੀ ਲਿਪੀ ਤੇ ਬੋਲੀ ਬਾਰੇ ਸਵੈਮਾਨ ਜਗਾਇਆ ਤੇ ਗੁਰੂ ਅਮਰਦਾਸ ਸਾਹਿਬ ਨੇ ਸਾਂਝਾ ਲੰਗਰ ਲਾ ਕੇ ਤੇ ਸਾਂਝੀ ਪੰਗਤ ਜਿਨ੍ਹਾਂ ਨੇ ਜਾਤ ਪਾਤ ਦਾ ਵਹਿਮ ਤੋੜਿਆ ਤੇ ਮਨੁਖੀ ਏਕਤਾ ਦਾ ਸਬਕ ਦ੍ਰਿੜਾਇਆ। ਗੁਰੂ ਰਾਮਦਾਸ ਜੀ ਨੇ ਕਿਰਤੀ ਗਰੀਬ ਸਿਖਾਂ ਦੀ ਨਵੀਂ ਬਸਤੀ 'ਗੁਰੂ ਕਾ ਚੱਕ' (ਅੰਮ੍ਰਿਤਸਰ) ਵਸਾ ਕੇ ਇਸ ਏਕਤਾ ਨੂੰ ਹੋਰ ਮਜ਼ਬੂਤ ਕੀਤਾ ਤੇ ਸ਼ਿਖਾਂ ਵਿਚ ਨਿਰਭੈਤਾ ਤੇ ਸੰਗਠਨ ਦੀ ਭਾਵਨਾ ਜਗਾਈ—

ਸੇ ਮੁਕਤ ਸੇ ਮੁਕਤ ਭਏ ਜਿਨ ਹਰਿ ਧਿਆਇਆ ਜੀ,
ਤਿਨ ਤੂਟੀ ਜਮ ਕੀ ਫਾਸੀ
ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ,
ਤਿਨ ਕਾ ਭਉ ਸਭ ਗਵਾਸੀ। [ਆਸਾ 4

ਜਿਸ ਅੰਤਰਿ ਹਿਰਦਾ ਸੁਧ ਹੈ, ਮੇਰੀ ਜਿੰਦੜੀਏ
ਤਿਨ ਜਨ ਸਭਿ ਡਰ ਸਟ ਘਤੇ ਰਾਮ । (ਬਿਹਾਗੜਾ ੪

ਗੁਰੂ ਅਰਜਨ ਸਾਹਿਬ ਨੇ ਸਾਂਝਾ ਧਰਮ ਮੰਦਰ-ਹਰਿਮੰਦਰ ਤੇ ਸਾਂਝਾ ਧਰਮ-ਗ੍ਰੰਥ ਗੁਰੂ ਗ੍ਰੰਥ ਸਾਹਿਬ ਬਣਾ ਕੇ ਇਸ ਲਹਿਰ ਨੂੰ ਇਕ ਸੁਤੰਤਰ ਧਰਮ ਦਾ ਰੂਪ ਦੇ ਦਿਤਾ ਤੇ ਥਾਂ ਥਾਂ ਤੋਂ ਇਹ ਧੁਨ ਸੁਣਾਈ ਦੇਣ ਲਗੀ—

'ਨ ਹਮ ਹਿੰਦੂ ਨ ਮੁਸਲਮਾਨ । ਅਲਹੁ ਰਾਮ ਕੇ ਪਿੰਡ ਪਰਾਨ ।' [ਭੈਰਉ
'ਜਾ ਤੂ ਮੇਰੇ ਵਲ ਹੈ ਤਾ ਕਿਆ ਮੁਹਛੰਦਾ
ਤੁਧ ਸਭ ਕਿਛੁ ਮੈਂ ਨੋ ਸਉਪਿਆ, ਮੈਂ ਤੇਰਾ ਬੰਦਾ ।' [ਵਾਰ ਮਾਰੂ ਮ, ੫

ਹੁਣ ਸਿਖੀ ਦਾ ਜਲਵਾ ਸਾਫ ਦਿਸਣ ਲਗ ਪਿਆ ਸੀ ਤੇ ਜਰਵਾਣਿਆਂ ਦੀ ਰਾਜਸੀ ਸੱਤਾ ਦੇ ਮਾਲਕ ਤੇ ਮਜ਼ਬੀ ਆਗੂ ਦੋਵੇਂ ਤਿਲਮਿਲਾ ਰਹੇ ਸਨ । 'ਤੋਜ਼ਕਿ ਜ਼ਹਾਂਗੀਰੀ' ਵਿਚ ਬਾਦਸ਼ਾਹ ਜਹਾਂਗੀਰ ਦੇ ਇਹ ਲਫਜ਼ ਧਿਆਨ ਯੋਗ ਹਨ—

'ਤਿੰਨ ਚਾਰ ਪੀੜ੍ਹੀਆਂ ਤੋਂ ਇਹ ਸਿਖੀ ਦੀ ਦੁਕਾਨ ਗਰਮ ਸੀ । ਕਿਤਨੇ ਚਿਰ ਤੋਂ ਮੇਰੇ ਦਿਲ ਵਿਚ ਇਹ ਖਿਆਲ ਆਉਂਦਾ ਸੀ ਕਿ ਇਸ ਝੂਠ ਦੇ ਵਪਾਰ ਨੂੰ ਬੰਦ ਕਰਨਾ ਚਾਹੀਦਾ ਹੈ ਜਾਂ ਉਸ ਗੁਰੂ ਨੂੰ ਮੁਸਲਮਾਨੀ ਮਤ ਵਿਚ ਲਿਅ ਉਣਾ ਚਾਹੀਦਾ ਹੈ ।'

'ਅਜ਼ ਸਿਹ ਚਹਾਰ ਪੁਸ਼ਤਿ ਊ ਈਂ ਦੁਕਾਨ ਤਾ ਗਰਮ ਮੀਦਾਸ਼ਤੰਦ
ਊ ਰਾ ਦਰ ਜਿਰਗਾਇ ਅਹਲਿ ਇਸਲਾਮ ਦਰ ਬਾਯਦ ਆਵੁਰਦ ।'
(ਤੋਜ਼ਕਿ ਜਹਾਂਗੀਰੀ, ਪੰਨਾ 35)

ਇਤਿਹਾਸ ਦੇ ਪਾਠਕ ਇਹ ਜਾਣਦੇ ਹੀ ਹਨ ਕਿ ਕਿਸ ਤਰ੍ਹਾਂ ਇਸ ਮਜ਼ਬੀ ਜਨੂੰਨ ਵਿਚ ਜਹਾਂਗੀਰ ਨੇ ਬਿਨਾਂ ਕਿਸੇ ਕਸੂਰ ਦੇ ਗੁਰੂ ਅਰਜਨ ਸਾਹਿਬ ਨੂੰ ਤਸੀਹੇ ਦੇ ਦੇ ਮਾਰ ਮੁਕਾਉਣਦਾ ਫੁਰਮਾਨ ਜਾਰੀ ਕੀਤਾ ।

ਦੂਜੇ ਪਾਸੇ ਸ਼ੇਖ ਅਹਿਮਦ ਸਰਹੰਦੀ (1561—1624 ਈ.) ਜੋ ਆਪਣੇ ਆਪ ਨੂੰ 'ਮੁਜੱਦਦ ਅਲਫਸਾਨੀ' ਅਰਥਾਤ 'ਅਨੋਖਾ ਧਰਮ-ਰੱਖਿਅਕ' ਕਹਾਉਂਦਾ ਸੀ ਤੇ ਅਕਬਰ ਬਾਦਸ਼ਾਹ ਵਲੋਂ ਸਾਂਝ ਤੇ ਰਵਾਦਾਰੀ ਦੀ ਲਹਿਰ ਨੂੰ ਕੱਟ ਕੇ ਨਿਰੋਲ

ਮੁਸਲਮ ਤਅੱਸਬ ਨੂੰ ਗਰਮਾਉਂਦਾ ਸੀ, ਇਸ ਕੱਟਰ ਫਿਰਕਾਪ੍ਰਸਤ ਨੇ ਰਾਜ-ਸੱਤਾ ਦੀ ਸ਼ਕਤੀ ਨਾਲ ਇਸਲਾਮ ਦੀ ਜਵਾਲਾ ਪ੍ਰਚੰਡ ਕਰਨ ਲਈ ਪੂਰੇ-ਪੂਰੇ ਜਤਨ ਕੀਤੇ । ਉਹ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਉਪਰੰਤ ਆਪਣੇ ਮਿਤ੍ਰ ਸ਼ੇਖ ਫਰੀਦ ਬੁਖਾਰੀ ਨੂੰ ਖ਼ਤ ਲਿਖਦਾ ਹੋਇਆ ਕਹਿੰਦਾ ਹੈ—

'ਇਸ ਸਮੇਂ ਗੋਇੰਦਵਾਲ ਵਾਲੇ ਲਾਨ੍ਹਤੀ ਕਾਫਰ ਦਾ ਮਾਰਿਆ ਜਾਣਾ ਇਕ ਅੱਛੀ ਘਟਨਾ ਹੈ ਤੇ ਮਰਦੂਦ ਹਿੰਦੂਆਂ ਦੀ ਸਖਤ ਹਾਰ ਦਾ ਕਾਰਣ ਹੈ । ਇਸਲਾਮ ਵਾਲਿਆਂ ਲਈ ਇਹੋ ਹੀ ਭਲਾ ਹੈ ਕਿ ਇਹ ਮਾਰੇ ਜਾਣ, ਜਿਵੇਂ ਕਿਵੇਂ ਨਸ਼ਟ ਹੋਣ ।'

'ਦਰੀਂ ਵਕਤ ਕੁਸ਼ਤਨਿ ਕਾਫਰਿ ਲਈਨਿ ਗੋਇੰਦਵਾਲ, ਕਿਸਯਾਰ ਖ਼ੂਬ ਵਾਕਯਾ ਸ਼ੁਦ, ਬਾਇਸਿ ਸ਼ਿਕਸਤਿ ਅਜ਼ੀਮ ਬਰ ਹਨੂਦ ਮਰਦੂਦ ਗਸ਼ਤ । ਬਹਰ ਨਿਯਤ ਕਿ ਕੁਸ਼ਤਾ ਬ ਸ਼ੁੰਦ ਵ ਬ ਹਰ ਗਰਜ਼ ਕਿ ਹਲਾਕ ਕਰਦਾ, ਖਵਾਰੀਏ ਕੱਫਾਰ, ਨਕਦਿ ਅਹਲਿ ਇਸਲਾਮ ਅਸਤ ।'

(ਮਕਤੂਬਾਤਿ ਇਮਾਮ ਰੱਬਾਨੀ, ਜਿਲਦ 1, ਭਾਗ ਤੀਜਾ, ਖ਼ਤ ਨੰਬਰ 193
ਸੰਪਾਦਕ—ਨੂਰ ਅਹਿਮਦ

ਇਹ ਸੀ ਮੁਸਲਮਾਨੀ ਬਾਦਸ਼ਾਹ ਤੇ ਮੁਸਲਮਾਨੀ ਸ਼ੇਖ ਪੀਰ ਜਮਾਤ ਦਾ ਨਜ਼ਰੀਆ, ਜੋ ਸਟੇਟ ਤੇ ਚਰਚ ਦੋਵੇਂ ਸਿਖ ਲਹਿਰ ਤੋਂ ਔਖੇ ਸਨ । ਜਦੋਂ ਸੋਲ੍ਹਵੀਂ ਸਦੀ ਦੇ ਅੰਤ ਨਾਲ ਸਿਖੀ ਇਉਂ ਦੁਸ਼ਮਨਾਂ ਦੇ ਸੀਨਿਆਂ ਵਿਚ ਰੜਕਣ ਲਗ ਪਈ ਤਾਂ ਸਮੇਂ ਦੀ ਲੋੜ ਨੂੰ ਮੁਖ ਰੱਖ ਕੇ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ । ਇਸ ਦਾ ਭਾਵ ਇਹ ਸੀ ਕਿ ਅਸੀਂ ਪੀਰੀ—ਧਰਮ ਨੂੰ ਤਿਆਗਿਆ ਨਹੀਂ ਸਗੋਂ ਇਸ ਦੀ ਸੁਰੱਖਿਆ ਲਈ ਨਾਲ ਮੀਰੀ-ਰਾਜਨੀਤਕ ਸੱਤਾ ਵੀ ਧਾਰ ਲਈ ਹੈ । ਛਾਹੀਆਂ ਦੀ ਥਾਂ ਛਾਉਣੀਆਂ ਬਣੀਆਂ, ਮਾਲਾਂ ਨਾਲ ਤੇਗਾਂ ਲਿਸ਼ਕੀਆਂ, ਵਾਰਾਂ ਦੀਆਂ ਗੁੰਜਾਰਾਂ ਪਈਆਂ, ਸੰਤ-ਸਿਪਾਹੀ ਰੋਹ ਵਿਚ ਆਏ, ਨਿਕੇ ਮੋਟੇ ਜੰਗ ਹੋਏ ਤੇ ਸਿਖ ਲਹਿਰ ਨੇ ਇਕ ਨਵਾਂ ਤਜਰਬਾ ਕੀਤਾ ਕਿ ਜਬਰ ਨਾਲ ਇਉਂ ਵੀ ਸਿੱਝਿਆ ਜਾ ਸਕਦਾ ਹੈ । ਧਰਮ, ਸੰਸਾਰੀ ਸ਼ਕਤੀ ਨੂੰ ਨੇਕੀ ਦੀ ਤਾਕਤ ਵਧਾਉਣ ਲਈ ਵੀ ਵਰਤ ਸਕਦਾ ਹੈ । ਗੁਰੂ ਹਰਿਰਾਇ ਸਾਹਿਬ

ਦਾਰਾਸ਼ਿਕੋਹ ਵਰਗੇ ਸ਼ਾਂਤੀ-ਪਸੰਦ ਤੇ ਨਿਰਪੱਖ ਨੀਤੀਵਾਨ ਦੇ ਮੁੱਦਈ ਸਨ, ਪਰ ਉਸ ਭਲੇ ਆਦਮੀ ਨੂੰ ਸ਼ੈਤਾਨ ਸਾਹਵੇਂ ਹਾਰ ਹੋ ਗਈ। ਔਰੰਗਜ਼ੇਬ ਆਪਣੇ ਪਿਉ ਨੂੰ ਕੈਦ ਕਰਕੇ ਤੇ ਭਾਈਆਂ ਨੂੰ ਕਤਲ ਕਰਕੇ 1658 ਈ, ਵਿਚ ਰਾਜ-ਗੱਦੀ ਉਤੇ ਬੈਠਾ। ਗੁਰੂ ਹਰਿ ਰਾਇ ਸਾਹਿਬ ਤੇ ਗੁਰੂ ਹਰਿ ਕ੍ਰਿਸ਼ਨ ਸਮੇਂ ਸਿਖ ਲਹਿਰ ਦਾ ਇਹੋ ਰਵਈਆ ਰਿਹਾ ਕਿ ਜਾਬਰ ਜਰਵਾਨੇ ਦੇ ਮੱਥੇ ਨਹੀਂ ਲਗਣਾ, ਨਾਮਿਲਵਰਤਨ ਰੱਖਣਾ ਹੈ। ਇਸ ਪ੍ਰਣ ਨੂੰ ਪਕਿਆਈ ਨਾਲ ਨਿਭਾਇਆ ਗਿਆ। ਹੁਣ ਔਰੰਗਜ਼ੇਬ ਵਰਗਾ ਕੱਟਰ ਬਾਦਸ਼ਾਹ ਕਿਵੇਂ ਪਸੰਦ ਕਰ ਸਕਦਾ ਸੀ ਕਿ ਪੰਜਾਬ ਵਿਚ ਧਾਰਮਿਕ ਤੇ ਰਾਜਸੀ ਅਜ਼ਾਦੀ ਦੀ ਲਹਿਰ ਸਿਰ ਉਠਾਵੇ ਤੇ ਗੈਰ-ਮੁਸਲਮਾਨ ਸੁਤੰਤਰ ਵਿਚਰ ਸਕਣ। ਜਿਥੇ ਸ਼ੇਖ ਅਹਿਮਦ ਸਰਹੰਦੀ ਨੇ ਜਹਾਂਗੀਰ ਦੇ ਕੰਨ ਭਰ ਕੇ ਗੁਰੂ ਅਰਜਨ ਸਾਹਿਬ ਦਾ ਖ਼ੂਨ ਲਿਆ, ਉਥੇ ਇਸੇ ਸ਼ੇਖ ਦੇ ਦੋ ਪੁੱਤਰ-ਖੁਆਜਾ ਮੁਹੰਮਦ ਸਈਦ ਤੇ ਮੌਲਵੀ ਮਾਅਸੂਮ ਬੜੇ ਤਸੱਬੀ ਸਨ, ਮੌਲਵੀ ਦਾ ਪੁੱਤਰ ਖੁਵਾਜਾ ਸੈਫ਼ੁਦੀਨ ਔਰੰਗਜ਼ੇਬ ਪਾਸ ਦੱਖਣ ਰਹਿੰਦਾ ਇਸ ਨੂੰ ਤੱਸਬ ਦੀ ਪੱਟੀ ਪੜ੍ਹਾਉਂਦਾ ਰਹਿੰਦਾ। ਸਿਟਾ ਇਹ ਹੋਇਆ ਕਿ ਔਰੰਗਾ ਆਪਣੇ ਬਾਬੇ ਦਾ ਵੀ ਪਿਉ ਨਿਕਲਿਆ, ਇਸਨੇ ਮਜ਼੍ਹਬੀ ਤਅੱਸਬ ਦੀ ਤਲਵਾਰ ਸੂਤਕੇ ਗੈਰ ਮੁਸਲਮਾਨਾਂ ਦਾ ਹਰ ਤਰ੍ਹਾਂ ਮਲੀਆਮੇਟ ਕਰਨਾ ਸ਼ੁਰੂ ਕਰ ਦਿਤਾ। ਹਿੰਦੂਆਂ ਦੇ ਮੰਦਰ, ਪਾਠਸ਼ਾਲਾਂ, ਰਸਮਰੀਤਿ ਤੇ ਬਾਹਰੀ ਚਿੰਨ੍ਹ ਸਭ ਕ੍ਰੋਪੀ ਦਾ ਸ਼ਿਕਾਰ ਸਨ। ਇਸ ਮੌਕੇ ਗੁਰੂ ਤੇਗ ਬਹਾਦਰ ਅਜ਼ਾਦੀ ਦੀ ਲਹਿਰ ਦੇ ਨੇਤਾ ਬਣੇ। ਉਨ੍ਹਾਂ ਸਾਰੇ ਹਿੰਦੁਸਤਾਨ ਵਿਚ ਇਕੋ ਹੋਕਾ ਦਿਤਾ ਕਿ ਜੋ ਦਬੇਲ ਬਣਦਾ ਹੈ, ਉਹ ਕਾਇਰ ਹੈ, ਜੋ ਦੂਜੇ ਨੂੰ ਭੈਭੀਤ ਕਰਕੇ ਦਬੇਲ ਬਣਾਉਂਦਾ ਹੈ, ਉਹ ਜ਼ਾਲਮ। ਅਸਲ ਸੋਝੀਵਾਨ ਸਾਊ ਮਨੁੱਖ ਉਹੋ ਹੈ ਜੋ ਭੈ-ਰਹਿਤ ਜੀਵਨ ਬਿਤਾਉਂਦਾ ਤੇ ਦੂਜਿਆਂ ਨੂੰ ਅਜੇਹੇ ਜੀਵਨ ਦਾ ਹੱਕ ਦਿੰਦਾ ਹੈ :—

'ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ।
ਕਹੁ ਨਾਨਕ ਸੁਨ ਰੇ ਮਨਾ, ਗਿਆਨੀ ਤਾਂਹਿ ਬਖਾਨ।'

ਉਨ੍ਹਾਂ ਸੁਤੰਤਰ ਮਨੁੱਖ ਦਾ ਸੰਕਲਪ ਹੀ ਇਹ ਰੱਖਿਆ ਜੋ ਦੁਖ ਸੁਖ, ਮਾਨ ਅਪਮਾਨ, ਖੁਸ਼ੀ ਗ਼ਮੀ, ਨਿੰਦਾ ਉਸਤਤਿ ਤੇ ਗਰੀਬੀ ਅਮੀਰੀ ਤੋਂ ਉਪਰ ਉਠਕੇ ਸਮ-ਦ੍ਰਿਸ਼ਟਾ ਬਣੇ, ਨਿਰਭੈਤਾ ਤੇ ਦ੍ਰਿੜ੍ਹਤਾ ਨਾਲ ਅਚਲ ਅਡੋਲ ਹੋ ਕੇ ਆਪਣੇ ਉਚੇ ਸੁੱਚੇ ਆਦਰਸ਼ ਵਲ ਵਧਦਾ ਜਾਵੇ।

ਜੋ ਨਰ ਦੁਖ ਮਹਿ ਦੁਖੁ ਨਹੀਂ ਮਾਨੈ।
ਸੁਖ ਸਨੇਹ ਅਰ ਭੈ ਨਹੀ ਜਾਂਕੈ ਕੰਚਨ ਮਾਟੀ ਮਾਨੈ।
ਨਹਿ ਨਿੰਦਿਆ ਨਹਿ ਉਸਤਤਿ ਜਾਕੈ, ਲੋਭ ਮੋਹੁ ਅਭਿਮਾਨਾ
ਹਰਖ ਸੋਗ ਤੇ ਰਹੈ ਨਿਆਰਉ, ਨਾਹਿ ਮਾਨ ਅਪਮਾਨਾ। [ਸੋਰਠਿ ੯

ਇਸ ਕਿਸਮ ਦੇ ਵਿਚਾਰ ਉਨ੍ਹਾਂ ਪੰਜਾਬ ਵਿਚ ਹੀ ਨਹੀਂ ਪ੍ਰਚਾਰੇ ਸਗੋਂ ਪੰਜਾਬ ਤੋਂ ਬਾਹਰ ਜਾ ਕੇ ਬੰਗਾਲ, ਅਸਾਮ ਤਕ ਵੀ ਇਹ ਨਿਰਭੈਤਾ ਤੇ ਸੁਤੰਤ੍ਰਤਾ ਦੀ ਜੀਵਨ-ਜਾਚ ਸਮਝਾਈ, ਜਿਸਦਾ ਡੂੰਘਾ ਅਸਰ ਪਿਆ। ਬਾਦਸ਼ਾਹ ਬਹੁਤ ਘਬਰਾਇਆ, ਉਹ ਸਾਰੀ ਹਿੰਦਵੈਣ ਨੂੰ ਇਕੋ ਚੱਕਰ ਵਿਚ ਮੁਸਲਮਾਨ ਬਣਾ ਲੈਣਾ ਚਾਹੁੰਦਾ ਸੀ। ਆਮ ਹਿੰਦੂ ਭੈਭੀਤ ਹੋ ਕੇ ਬ੍ਰਾਹਮਣਾਂ ਪਾਸ ਪਹੁੰਚੇ ਤੇ ਦੇਸ਼ ਭਰ ਦੇ ਮੁਖੀ ਬ੍ਰਾਹਮਣ ਇਕੱਤਰ ਹੋ ਕੇ ਅਨੰਦਪੁਰ ਗੁਰੂ ਜੀ ਦੀ ਸ਼ਰਣ ਆਏ, ਸਤਿਗੁਰਾਂ ਉਨ੍ਹਾਂ ਨੂੰ ਨਿਡ੍ਰਤਾ ਦਾ ਪਾਠ ਪੜ੍ਹਾਇਆ ਤੇ ਕੁਰਬਾਨੀ ਦਾ ਰਸਤਾ ਦਿਖਾਇਆ :—

'ਸਾਧੋ ਇਹ ਤਨੁ ਮਿਥਿਆ ਜਾਨਉ
ਯਾ ਭੀਤਰਿ ਜੋ ਰਾਮ ਬਸਤ ਹੈ, ਸਾਚਉ ਤਾਂਹਿ ਪਛਾਨਉ।' [ਬਸੰਤ

ਔਰੰਗਜ਼ੇਬ ਨੇ ਗੁਰੂ ਸਾਹਿਬ ਦੀ ਸਰਗਰਮੀ ਵੇਖਕੇ ਫੌਰਨ ਉਨ੍ਹਾਂ ਦੀ ਗ੍ਰਿਫ਼ਤਾਰੀ ਦੇ ਹੁਕਮ ਜਾਰੀ ਕਰ ਦਿਤੇ ਤੇ ਉਨ੍ਹਾਂ ਨੂੰ ਦਿਲੀ ਚਾਂਦਨੀ ਚੌਂਕ ਵਿਚ ਬਿਠਾ ਕੇ ਕਤਲ ਕਰ ਦਿਤਾ ਗਿਆ। ਉਨ੍ਹਾਂ ਸਾਮ੍ਹਣੇ ਤਿੰਨ ਗੱਲਾਂ ਰੱਖੀਆਂ ਗਈਆਂ :—

(1) ਜੇ ਹਿੰਦੂਆਂ ਦੇ ਪੀਰ ਹੋ ਤਾਂ ਕਰਾਮਾਤ ਦਿਖਾਓ
(2) ਜੇ ਇਹ ਨਹੀਂ ਕਰਨਾ ਤਾਂ ਇਸਲਾਮ ਅਪਣਾਓ।
(3) ਵਰਨਾ, ਤੀਜੀ ਸਜ਼ਾ ਮੌਤ ਕਬੂਲ ਕਰੋ।।

ਗੁਰੂ ਸਾਹਿਬ ਨੇ ਕਿਹਾ, 'ਸਾਡੇ ਮਤ ਵਿਚ ਰੱਬੀ ਹੁਕਮ ਦੇ ਸਨਮੁਖ ਕਰਾਮਾਤ ਦਿਖਾਉਣਾ ਕਹਿਰ ਕਮਾਉਣਾ ਹੈ। ਜਬਰੀ ਇਸਲਾਮ ਧਾਰਨ ਕਰਨਾ ਆਪਣਾ ਈਮਾਨ ਗੁਆਉਣਾ ਹੈ। ਨਾਟਕ ਚੇਟਕ ਮਦਾਰੀਆਂ ਦਾ ਕੰਮ ਹੈ, ਮਰਦਾਂ ਦਾ ਨਹੀਂ। ਅਸੀਂ ਤਾਂ ਭਾਣੇ ਵਿਚ ਰਹਿ ਕੇ ਜੀਵਨ ਬਸਰ ਕਰਨਾ ਹੈ। ਦੂਜੇ, ਕਿਸੇ ਦੀ ਧਾਰਮਿਕ ਆਜ਼ਾਦੀ ਵਿਚ ਦਖਲਅੰਦਾਜ਼ੀ ਮਨੁੱਖੀ ਸੁਭਿਆਚਾਰ ਵਿਚ ਪਰਵਾਣ ਨਹੀਂ। ਅਸੀਂ

ਨਾ ਤਿਲਕ ਦੇ ਮੁੱਦਈ ਹਾਂ ਤੇ ਨ ਜੰਞੂ ਦੇ ਪਰ ਮਜ਼ਲੂਮ ਲੋਕਾਂ ਦੀ ਬਾਂਹ ਫੜਨਾ ਯਾ ਉਨ੍ਹਾਂ ਨਾਲ ਹਮਦਰਦੀ ਕਰਨਾ ਸਾਡਾ ਪਹਿਲਾ ਫਰਜ਼ ਹੈ, ਇਹੋ 'ਸ੍ਰਬਤ ਦਾ ਭਲਾ' ਸਾਡਾ ਧਰਮ ਹੈ ਤੇ ਇਸ ਧਰਮ ਲਈ ਅਸੀਂ ਕੋਈ ਵੀ ਕੁਰਬਾਨੀ ਕਰਨੋਂ ਨਹੀਂ ਹਿਚਕਚਾਉਂਦੇ।' ਸੋ ਗੁਰੂ ਸਾਹਿਬ ਨੇ ਮੌਤ ਨੂੰ ਖੁਸ਼ੀ ਖੁਸ਼ੀ ਪਰਵਾਣ ਕੀਤਾ।*

ਇਸ ਲਾਸਾਨੀ ਕੁਰਬਾਨੀ ਨੇ ਆਜ਼ਾਦੀ ਦੀ ਲਹਿਰ ਨੂੰ ਇਤਨੀ ਭਾਰੀ ਸ਼ਕਤੀ ਪ੍ਰਦਾਨ ਕੀਤੀ ਕਿ ਖਾਲਸਾ ਦਲ, ਖੰਡਾ ਪਕੜ ਕੇ ਜਬਰ ਨਾਲ ਟੱਕਰ ਲੈਣ ਲਈ ਪੂਰੀ ਤਰ੍ਹਾਂ ਤਤਪਰ ਹੋ ਗਿਆ। ਇਹ ਠੀਕ ਹੈ ਕਿ ਇਸ ਖਾਤਰ ਸਿੰਘਾਂ ਨੂੰ ਸਾਲਾਂ-ਬੱਧੀ ਸੈਂਕੜੇ ਔਕੜਾਂ ਸਹਾਰਨੀਆਂ ਪਈਆਂ ਤੇ ਹਜ਼ਾਰਾਂ ਜਾਨਾਂ ਵਾਰਨੀਆਂ ਪਈਆਂ ਪਰੰਤੂ ਔਰੰਗਜ਼ੇਬ ਦੀ ਅੜਬਾਈ ਤੇ ਸ਼ੇਖ ਅਹਿਮਦ ਦੀ ਅਹਿਮਕਾਨਾ ਤੇ ਤੱਸਬੀ ਨੀਤੀ ਨੂੰ ਅੰਤਾਂ ਦੀ ਹਾਰ ਹੋਈ ਤੇ ਸੱਚ ਧਰਮ ਦੀ ਜੈ ਜੈ ਕਾਰ ਹੋਈ।

ਇਹ ਧਰਮ ਦੇ ਪੜਦੇ ਕੱਜਣ ਵਾਲਾ ਤੇ ਹਿੰਦ ਦੀ ਲੱਜ ਰੱਖਣ ਵਾਲਾ ਗੁਰੂ 'ਧਰਮ ਦੀ ਚਾਦਰ, ਤੇ ਹਿੰਦ ਦੀ ਚਾਦਰ' ਕਹਿ ਕੇ ਸਤਿਕਾਰਿਆ ਗਿਆ। ਸਚਮੁਚ ਬਿਨਾਂ ਤੇਗ ਦੇ ਜ਼ੁਲਮ ਦੀ ਤੇਗ ਨਾਲ ਜੂਝਣ ਵਾਲਾ ਸੂਰਬੀਰ ਗੁਰੂ ਤੇਗ ਬਹਾਦਰ, ਆਪਣੀ ਮਿਸਾਲ ਆਪ ਸੀ :—

ਠੀਕਰ ਫੋਰਿ ਦਿਲੀਸ ਸਿਰ, ਪ੍ਰਭੁ ਪੁਰਿ ਕੀਆ ਪਿਆਨ ।
ਤੇਗ ਬਹਾਦਰ ਸੀ ਕ੍ਰਿਆ, ਕਰੀ ਨ ਕਿਨਹੂੰ ਆਨ ।
ਤੇਗ ਬਹਾਦਰ ਕੇ ਚਲਤ, ਭਯੋ ਜਗਤ ਮਹਿ ਸ਼ੋਕ ।
ਹੈ ਹੈ ਹੈ ਸਭ ਜਗ ਭਯੋ, ਜੈ ਜੈ ਸੁਰ ਲੋਕ । [ਬਚਿਤ੍ਰ ਨਾਟਕ ਪਾ: ੧੦

— 0 —

*ਧਰਮ ਹੇਤ ਸਾਕਾ ਜਿਨ ਕੀਆ
ਸੀਸ ਦੀਆ ਪਰ ਸਿਰਰੁ ਨ ਦੀਆ। [ਪਾਤਸ਼ਾਹੀ ੧੦

੨

ਪਰਉਪਕਾਰੀ

ਗੁਰੂ ਤੇਗ ਬਹਾਦਰ ਜੀ ਦਾ ਕਰਣੀਨਾਮਾ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ (1621-1675) ਗੁਰੂ ਨਾਨਕ ਸਾਹਿਬ ਦੀ ਗੱਦੀ ਦੇ ਨੌਵੇਂ ਜਾਨਸ਼ੀਨ ਸਨ। ਆਪ ਦੇ ਪਿਤਾ ਗੁਰੂ ਹਰਿਗੋਬਿੰਦ ਜੀ ਦੇ ਤ੍ਰਿਨ ਮਹਲ ਸਨ ਤੇ ਛੇ ਬੱਚੇ —

ਮਾਤਾ ਦਮੋਦਰੀ———[illegible]ਾ ਗੁਰਦਿਤਾ, ਅਣੀ ਰਾਇ, ਬੀਬੀ ਵੀਰੋ

ਮਾਤਾ ਨਾਨਕੀ———ਸ੍ਰੀ ਤੇਗ ਬਹਾਦਤ

ਮਾਤਾ ਮਰਵਾਹੀ———ਸ੍ਰੀ ਸੂਰਜ ਮੱਲ ਤੇ ਅਟੱਲਰਾਇ

ਜਨਮ 1621 ਈ.—

ਗੁਰੂ ਤੇਗ ਬਹਾਦਰ ਜੀ ਦਾ ਜਨਮ ਮਾਤਾ ਨਾਨਕੀ ਦੀ ਕੁੱਖੋਂ ਪੰਜ ਵਿਸਾਖ 1678 ਬਿ. (1 ਅਪ੍ਰੈਲ, 1621 ਈ.) ਨੂੰ ਰਾਮਦਾਸਪੁਰੇ (ਅੰਮ੍ਰਿਤਸਰ) ਹੋਇਆ। ਭੱਟ ਵਹੀਆਂ ਵਿਚ ਜਨਮ ਮਿਤੀ 19 ਮੱਘਰ, 1682 ਬਿ. ਲਿਖੀ ਹੈ। ਆਪਦਾ ਵਿਆਹ ਕਰਤਾਰਪੁਰ ਸੁਭਿਖੀ ਖ਼ਤ੍ਰੀ ਲਾਲ ਚੰਦ ਦੀ ਸਪੁੱਤਰੀ ਸ੍ਰੀ ਗੁਜਰੀ ਜੀ ਨਾਲ 1686 ਬਿ. ਅੱਸੂ ਸੁਦੀ ਪੰਚਮੀ ਨੂੰ ਕੀਤਾ ਗਿਆ, ਇਹ ਸਮੇਂ ਦੇ ਰਿਵਾਜ ਦੀ ਗੱਲ ਸੀ। ਸਿਖ ਲਹਿਰ ਮੁਗ਼ਲ-ਰਾਜ ਨਾਲ ਵਿਰੋਧ ਪੈ ਜਾਣ ਕਾਰਣ ਗੁਰੂ ਹਰਿਗੋਬਿੰਦ ਜੀ ਨੂੰ ਚਾਰ ਪੰਜ ਜੰਗਾਂ ਲੜਨੀਆਂ ਪਈਆਂ ਤੇ

ਕਰਤਾਰ ਪੁਰ ਜੀ ਜੰਗ ਸਮੇਂ ਜੇਠ 1692 ਬਿ. ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਤੇਗ ਦੇ ਕਾਰਨਾਮੇ ਦਿਖਾ ਕੇ ਚੰਗੀ ਵਾਹ ਵਾਹ ਪ੍ਰਾਪਤ ਕੀਤੀ । ਇਸ ਪਿਛੋਂ ਪਿਤਾ ਸਤਿਗੁਰੂ, ਕੀਰਤਪੁਰ ਚਲੇ ਗਏ ਤੇ ਇਹ ਉਥੇ ਰਹਿੰਦੇ ਵੱਡੇ ਭਾਈ ਬਾਬਾ ਗੁਰਦਿਤੇ ਨਾਲ ਰਲ ਕੇ ਸ਼ਿਕਾਰ ਖੇਡਦੇ ਤੇ ਬੰਦਗੀ ਵਿਚ ਸਮਾਂ ਬਿਤਾਉਂਦੇ । ਗੁਰਦਿਤਾ ਜੀ ਦਾ ਦੇਹਾਂਤ 1695 ਬਿ. ਚੇਤ ਸੁਦੀ ਦਸਮੀ ਨੂੰ ਹੋਇਆ ਤੇ ਪਿਤਾ ਗੁਰੂ ਹਰਿਗੋਬਿੰਦ 1701 ਬਿ ਚੇਤ ਸੁਦੀ ਪੰਚਮੀ ਨੂੰ ਜੋਤੀ ਜੋਤਿ ਸਮਾਏ । ਬਾਬਾ ਗੁਰਦਿਤਾ ਜੀ ਦੇ ਦੋ ਪੁੱਤਰ ਸਨ—ਸ੍ਰੀ ਧੀਰ ਮੱਲ ਤੇ ਸ੍ਰੀ ਹਰਿਰਾਇ। ਗੁਰੂ ਸਾਹਿਬ ਨੇ ਪੋਤਰੇ ਸ੍ਰੀ ਹਰਿਰਾਇ ਜੀ ਨੂੰ ਗੱਦੀ ਸੌਂਪੀ ਜੋ 1718 ਬਿ. ਕੱਤਕ ਵਦੀ 9 ਨੂੰ ਜੋਤੀ ਜੋਤਿ ਸਮਾਏ। ਗੁਰੂ ਹਰਿਰਾਇ ਜੀ ਦੇ ਦੋ ਸਪੁੱਤਰ ਸਨ -- ਸ੍ਰੀ ਰਾਮਰਾਇ ਤੇ ਸ੍ਰੀ ਹਰਿ ਕ੍ਰਿਸ਼ਨ । 1718 ਬਿ. ਕੱਤਕ ਵਦੀ ਦਸਮੀ ਨੂੰ ਗੁਰੂ ਹਰਿਕ੍ਰਿਸ਼ਨ ਗੱਦੀ ਤੇ ਬਿਰਾਜਮਾਨ ਹੋਏ ।

ਇਹ ਗੱਲ 1713 ਬਿ. 11 ਹਾੜ ਦੀ ਹੈ ਜਦੋਂ ਕਿ ਸ੍ਰੀ ਤੇਗ ਬਹਾਦਰ ਜੀ ਨੇ ਕੀਰਤਪੁਰ ਤੋਂ ਪਰਿਵਾਰ ਦੇ ਹੋਰ ਬਹੁਤ ਸਾਰੇ ਸੰਗੀ-ਸਾਥੀ ਨਾਲ ਲੈ ਕੇ ਤੀਰਥ-ਯਾਤਰਾ ਦਾ ਸੰਕਲਪ ਕੀਤਾ ।* ਇਸ ਸਮੇਂ ਆਪ ਨਾਲ ਮਾਤਾ ਨਾਨਕੀ, ਮਾਤਾ ਹਰੀ ਜੀ (ਸ੍ਰੀ ਸੂਰਜ ਮੱਲ ਦੀ ਸੁਪਤਨੀ), ਮਾਮਾ ਕ੍ਰਿਪਾਲ ਚੰਦ, ਭਾਈ ਸਾਧੂ ਰਾਮ (ਬੀਬੀ ਵੀਰੋ ਦਾ ਪਤੀ) ਬਾਵਾ ਦਿਆਲ ਦਾਸ, ਮਤੀ ਦਾਸ,

---

*ਮੁਰ ਪਿਤ ਪੂਰਬ ਕੀਅਸੁ ਪਿਆਨਾ । ਭਾਂਤ ਭਾਂਤ ਕੇ ਤੀਰਥ ਨ੍ਹਾਨਾ ।

[ਬਚਿਤ੍ਰ ਨਾਟਕ ਪਾ. 10

ਬਰਸ ਸਤਾਰਾਂ ਸਾਹਿਬ ਰਹੇ ਪਿਤਾ ਪਾਸ
ਬਰਸ ਅਠਾਰਾਂ ਕੀਤਾ ਭਰਾਵਾਂ ਵਿਚ ਨਿਵਾਸ
ਪੰਜ ਸਾਲ ਤੀਰਥ ਕੀਤੇ, ਸੰਮਤ ਸਤਾਰਾਂ ਸੈ ਤੇਰ੍ਹਵੇਂ ਜਾਈ
ਸਾਢੇ ਦਸ ਬਰਸ ਕੀਤੀ ਗੁਰਿਆਈ । 54 । [ਬੰਸਾਵਲੀਨਾਮਾ, ਨੌਵਾਂ ਚਰਣ

(ਕੇਸਰ ਸਿੰਘ ਛਿੱਬਰ)

ਸਨ। ਆਪ ਕੁਰਖੇਤਰ, ਪਹੋਏ ਹੁੰਦੇ ਹੋਏ
ਮਥੁਰਾ, ਪ੍ਰਯਾਗਰਾਜ, ਬਨਾਰਸ, ਸਸਰਾਮ, ਗਯਾ ਹੋ ਕੇ ਪਟਨੇ ਪਹੁੰਚੇ।

ਪਟਨਾ 1661—ਦਿੱਲੀ 1663 ਈ.

1718 ਬਿ. ਹਾੜ ਸੁਦੀ ਪੰਚਮੀ ਨੂੰ ਸਾਰਾ ਸੰਗ ਬਨਾਰਸ ਸੀ ਤੇ ਇਥੋਂ ਅੱਗੇ ਪਟਨੇ ਪਧਾਰੇ ਜਿਥੇ ਕਿ 1718 ਬਿ. ਪੋਹ ਸੁਦੀ ਸਪਤਮੀ ਨੂੰ ਸ੍ਰੀ ਗੋਬਿੰਦ ਦਾਸ ਦਾ ਜਨਮ ਹੋਇਆ। ਇਧਰ ਸੱਤਵੇਂ ਗੁਰੂ ਦੇ ਦੇਹਾਂਤ ਦੀ ਘਟਨਾ ਵਾਪਰੀ ਤੇ ਦਿਲੀ ਤੋਂ ਅੱਠਵੇਂ ਗੁਰੂ ਹਰਿ ਕ੍ਰਿਸਣ ਜੀ ਨੂੰ ਬਾਦਸ਼ਾਹ ਨੇ ਬੁਲਾਵਾ ਭੇਜਿਆ। ਇਹ ਸੂਚਨਾਵਾਂ ਆਪ ਨੂੰ ਕਈ ਮਹੀਨਿਆਂ ਬਾਦ ਪਟਨੇ ਮਿਲੀਆਂ ਤੇ ਆਪ ਨੇ ਅਫਸੋਸ ਲਈ ਪੰਜਾਬ ਵਲ ਆਉਣ ਦਾ ਇਰਾਦਾ ਕੀਤਾ। ਰਸਤੇ ਵਿਚ ਪਤਾ ਲਗਾ ਕਿ ਸ੍ਰੀ ਰਾਮਰਾਇ ਤੇ ਗੁਰੂ ਹਰਿਕ੍ਰਿਸ਼ਣ ਦੋਵੇਂ ਦਿਲੀ ਆਏ ਹੋਏ ਹਨ। ਗੁਰੂ ਹਰਿਰਾਇ ਜੀ ਦੀ ਮਾਤਾ ਨੇਤੀ ਬਸੀ ਤੇ ਘਰ ਵਾਲੀ ਮਾਤਾ ਸੁਲੱਖਣੀ ਜੀ ਵੀ ਨਾਲ ਹੀ ਹਨ। ਇਸ ਲਈ 1720 ਬਿ. ਕੱਤਕ ਸੁਦੀ ਪੰਚਮੀ ਨੂੰ ਆਪ ਦਿਲੀ ਆਏ ਤੇ ਇਨ੍ਹਾਂ ਪਾਸ ਗੁਰੂ ਹਰਿਰਾਇ ਜੀ ਦੇ ਦੇਹਾਂਤ ਦਾ ਸ਼ੋਕ ਪਰਗਟ ਕੀਤਾ।

ਪਰਚਾਵਣੀ ਉਪਰੰਤ ਆਪ ਜਲਦੀ ਪੰਜਾਬ ਆ ਗਏ ਤੇ ਬਕਾਲੇ ਆ ਕੇ ਟਿਕ ਗਏ। ਉਧਰ ਭਾਣੇ ਦੀ ਖੇਡ, ਦਿਲੀ ਗੁਰੂ ਹਰਿ ਕ੍ਰਿਸ਼ਣ ਜੀ 1721 ਬਿ. ਚੇਤ ਸੁਦੀ ਚੌਦੇ ਨੂੰ ਜੋਤੀ ਜੋਤ ਸਮਾ ਗਏ ਤੇ ਉਨ੍ਹਾਂ ਦੇ ਅੰਤਮ ਸ਼ਬਦ ਸਨ—'ਬਾਬਾ ਬਕਾਲੇ'। ਗੁਰੂ ਤੇਗ ਬਹਾਦਰ, ਗੁਰੂ ਹਰਿ ਕ੍ਰਿਸ਼ਣ ਜੀ ਦੇ ਬਾਬਾ ਜੀ ਲਗਦੇ ਸਨ ਤੇ ਧੀਰ ਮੱਲ ਚਾਚਾ ਲਗਦਾ ਸੀ। ਬਕਾਲਾ ਗੁਰੂ ਤੇਗ ਬਹਾਦਰ ਜੀ ਦਾ ਨਾਨਕਾ ਘਰ ਸੀ ਤੇ ਧੀਰ ਮੱਲ ਦਾ ਸੌਹਰਾ ਘਰ।

ਗੁਰਿਆਈ, ਅਗਸਤ 1664 ਈ.—

ਦੀਵਾਨ ਦਰਗਹ ਮੱਲ ਤੇ ਸਤਿਗੁਰੂ ਪਰਿਵਾਰ ਦੇ ਹੋਰ ਮੈਂਬਰ 1721 ਬਿ. ਭਾਦੋਂ ਦੀ ਅਮਾਵਸ ਨੂੰ ਦਿਲੀ ਤੋਂ ਬਕਾਲੇ ਪੁਜੇ ਤੇ ਸ੍ਰੀ ਤੇਗ ਬਹਾਦਰ ਜੀ ਨੂੰ ਭਾਈ ਗੁਰਦਿਤੇ ਰੰਧਾਵੇ ਨੇ ਗੁਰਿਆਈ ਦਾ ਤਿਲਕ ਲਾਇਆ। ਦੀਵਾਲੀ ਨੂੰ ਮੱਖਣ ਸ਼ਾਹ ਲੁਬਾਣਾ ਪਰਵਾਰ ਸਮੇਤ ਬਕਾਲੇ ਪੁਜਾ ਤੇ ਉਸ ਨੇ 'ਗੁਰੂ ਲਾਧੋ ਰੇ' ਦਾ ਢੰਡੋਰਾ ਥਾਂ

ਥਾਂ ਫੇਰਿਆ । ਕੁਝ ਕੁ ਦਿਨਾਂ ਬਾਦ ਗੁਰੂ ਜੀ ਭਾਦੋਂ ਸੁਦੀ ਦਸਮੀ ਨੂੰ ਬੀਬੀ ਰੂਪ ਕੌਰ ਪਾਸ ਅਫਸੋਸ ਕਰਨ ਲਈ ਕੀਰਤਪੁਰ ਚਲੇ ਗਏ ਤੇ ਏਕਾਦਸੀ ਨੂੰ ਕੁਝ ਮੁਖੀ ਸਿਖ—ਭਾਈ ਨਾਨੂ, ਸੰਗਤੀਆ, ਜਗਤੂ ਤੇ ਦਰੀਆ ਆਦਿ ਗੁਰੂ ਹਰਿਕ੍ਰਿਸ਼ਨ ਜੀ ਦੀ ਭਸਮ ਸਤਲੁਜ ਵਿਚ ਪ੍ਰਵਾਹੁਣ ਲਈ ਕੀਰਤਪੁਰ ਆਏ। ਸਤਿਗੁਰੂ ਸਭ ਨੂੰ ਮਿਲੇ ਤੇ ਅਫਸੋਸ ਜ਼ਾਹਰ ਕੀਤਾ ਅਤੇ ਦੋ ਦਿਨ ਬਾਦ ਬਕਾਲੇ ਵਾਪਸ ਆ ਗਏ। 1721 ਬਿ. ਕੱਤਕ ਵਦੀ ਚੌਥ ਨੂੰ ਗੁਰੂ ਹਰਿ ਰਾਇ ਜੀ ਦੀ ਮਾਤਾ ਬਸੀ ਦਾ ਦੇਹਾਂਤ ਹੋ ਗਿਆ, ਇਸ ਦੀ ਸਤਾਰ੍ਹਮੀ ਤੇ ਕੱਤਕ ਸੁਦੀ ਪੰਚਮੀ ਨੂੰ ਆਪ ਫਿਰ ਕੀਰਤਪੁਰ ਆਏ ਤੇ ਸ਼ੋਕ ਉਪਰੰਤ ਵਾਪਸ ਬਕਾਲੇ ਚਲੇ ਗਏ ।

ਪ੍ਰਚਾਰ ਯਾਤਰਾ 1664 ਈ.—

1721 ਬਿ. ਮੱਘਰ ਦੀ ਪੂਰਨਮਾਸੀ ਨੂੰ ਗੁਰੂ ਜੀ ਗੁਰੂ ਕਾ ਚੱਕ (ਅੰਮ੍ਰਿਤਸਰ) ਆਏ, ਮਨੋਹਰ ਦਾਸ ਮਿਹਰਵਾਨ ਦਾ ਪੁੱਤਰ ਹਰਿ ਜੀ ਆਪ ਨੂੰ ਸਤਿਕਾਰ ਨਾਲ ਮਿਲਿਆ ਤੇ ਉਸ ਆਪਣਾ ਪੁੱਤਰ ਕੰਵਲ ਨੈਨ ਚਰਨੀਂ ਲਾਇਆ। ਇਥੋਂ ਆਪ ਵੱਲੇ, ਸਹਿੰਸਰੇ, ਘੁੱਕੇਵਾਲੀ, ਨਿਝਰਆਲਾ (ਅਜਨਾਲਾ), ਤਰਨਤਾਰਨ, ਖਡੂਰ ਹੁੰਦੇ ਪੋਹ ਦੀ ਮੱਸਿਆ ਨੂੰ ਗੋਇੰਦਵਾਲ ਪੁਜ ਗਏ। ਇਥੇ ਰਘੁਪਤਿਰਾਇ ਨਿਝਰ ਮਿਲ ਗਿਆ ਤੇ ਉਹ ਪ੍ਰੇਮ ਕਰਕੇ ਗੁਰੂ ਜੀ ਨੂੰ ਖੇਮਕਰਨ ਲੈ ਗਿਆ, ਜਿਥੇ ਉਸ 15 ਦਿਨ ਰੱਖਿਆ ਅਤੇ ਘੋੜੀ ਦੇ ਕੇ ਗੁਰੂ ਜੀ ਨੂੰ ਵਿਦਾ ਕੀਤਾ। ਇਸ ਤਰ੍ਹਾਂ ਦੋ ਤਿੰਨ ਮਹੀਨੇ ਮਾਝੇ ਵਿਚ ਵਿਚਰਕੇ ਬਿਆਸ ਕੰਢੇ ਪਿੰਡ ਚੋਲ੍ਹੇ ਪਹੁੰਚੇ ਤੇ ਕੁਝ ਸਮਾਂ ਭਾਈ ਹੀਰੇ ਬਾਢੀ ਦੇ ਘਰ ਬਿਤਾਇਆ। ਇਥੋਂ ਦਰਿਆ ਪਾਰ ਕਰਕੇ ਮੋਗੇ ਹੁੰਦੇ ਆਪਣੇ ਮਾਸੜ-ਭਾਈ ਸਾਈਂ ਦਾਸ ਪਾਸ ਡਰੋਲੀ ਠਹਿਰੇ, ਕੁਝ ਦਿਨ ਅਟਕ ਕੇ ਲੱਖੀ ਜੰਗਲ ਲੰਘ, ਫਿਰ ਹੌਲੀ ਹੌਲੀ ਸਾਬੋ ਕੀ ਤਲਵੰਡੀ ਚਲੇ ਗਏ ।

ਤਲਵੰਡੀ ਸਾਬੋ ਕੀ, ਮਾਰਚ, 1665 ਈ.

1722 ਬਿ. ਦੀ ਵਿਸਾਖੀ ਨੂੰ ਆਪ ਇਥੇ ਸਨ, ਪਾਣੀ ਦੀ ਤੋਟ ਅਨੁਭਵ ਕਰਕੇ ਗੁਰੂ ਜੀ ਨੇ ਤਲਾ ਖੁਦਵਾਇਆ, ਲੋਕ ਬੜੇ ਪ੍ਰਸੰਨ ਹੋਏ, ਇਧਰ ਕੋਈ ਟਾਂਵਾਂ ਟਾਂਵਾਂ ਹੀ ਸੰਤ ਮਹਾਤਮਾ ਪਹੁੰਚਦਾ ਸੀ। ਦੋ ਹਫਤੇ ਮੁਕਾਮ ਬਾਦ ਗੁਰੂ ਜੀ ਘੁੰਮਦੇ ਫਿਰਦੇ ਬਠਿੰਡੇ ਜ਼ਾਖਲ ਵਲ ਦੀ ਹੁੰਦੇ ਬਾਂਗਰ ਦੇ ਇਲਾਕੇ ਵਿਚ ਧਮਧਾਣ ਪਹੁੰਚ

ਗਏ। ਇਥੇ ਬਹੁਤ ਰੌਣਕ ਹੋਈ ਤੇ ਭਾਈ ਦਗੋ ਮਸੰਦ ਨੇ ਗੁਰੂ ਜੀ ਦੀ ਖਾਤਰ
ਚੰਗੇ ਸੋਹਣੇ ਮਕਾਨ ਵੀ ਤਿਆਰ ਕਰਾ ਰਖੇ ਸਨ। ਧਮਧਾਣ ਗੁਰੂ ਸਾਹਿਬ ਦਾ
ਇਕ ਤਰ੍ਹਾਂ ਮੁਖ ਸਥਾਨ ਬਣ ਗਿਆ।

ਗ੍ਰਿਹ ਲੋਕ ਆਏ ਤਾਂ ਕੀਨਾ ਬਾਸਾ। ਨਿਤਪ੍ਰਤਿ ਮੰਗਲ ਹੋਇ ਬਿਲਾਸਾ
ਹਰਿਮੰਦਰ ਤਹਾਂ ਭਯਾ ਤਯਾਰ। ਤਿਸ ਮਾਹਿ ਬਿਰਾਜੇ ਗੁਰ ਕਰਤਾਰ।। 13।
(ਮਹਿਮਾ ਪ੍ਰਕਾਸ਼

ਭਾਈ ਮੀਹਾਂ ਤੇ ਭਾਈ ਸੰਗਤੀਏ ਵਰਗੇ ਸੇਵਕ, ਜਲ ਦੀ ਸੇਵਾ ਕਰਕੇ ਇਸ
ਗਰਮ ਰੇਤ ਥਲ ਨੂੰ ਸੀਤਲ ਬਣਾਈ ਰਖਦੇ ਤੇ ਨਾਲ ਨਾਲ ਬਾਣੀ ਦੀ ਬਰਖਾ
ਹੁੰਦੀ ਰਹਿੰਦੀ। ਸੰਗਤਾਂ ਜੁੜਦੀਆਂ ਰਹਿੰਦੀਆਂ।

ਬਿਲਾਸਪੁਰ, 13 ਮਈ, 1665—

ਇਥੇ ਹੀ ਗੁਰੂ ਜੀ ਨੂੰ ਖਬਰ ਮਿਲੀ ਕਿ 30 ਵਿਸਾਖ ਨੂੰ ਬਿਲਾਸਪੁਰ ਦੇ
ਰਾਜਾ ਦੀਪ ਚੰਦ ਦਾ ਦੇਹਾਂਤ ਹੋ ਗਿਆ, ਗੁਰੂ-ਪਰਿਵਾਰ ਨਾਲ ਇਨ੍ਹਾਂ ਦੇ ਬੜੇ
ਡੂੰਘੇ ਸਬੰਧ ਸਨ। ਇਸ ਲਈ ਗੁਰੂ ਸਾਹਿਬ ਇਸ ਦੀ ਸਤਾਰ੍ਹਵੀਂ ਤੇ ਕੀਰਤਪੁਰ
ਹੁੰਦੇ, 15 ਜੇਠ ਨੂੰ ਬਿਲਾਸਪੁਰ ਪਹੁੰਚ ਗਏ। ਮਾਤਾ ਨਾਨਕੀ, ਮਾਤਾ ਸੁਲੱਖਣੀ,
ਮਾਤਾ ਹਰੀ ਜੀ ਤੇ ਬੀਬੀ ਰੂਪ ਕੌਰ ਨਾਲ ਸਨ। ਰਾਣੀ ਚੰਪਾ ਪਾਸ ਸਭ ਨੇ
ਅਫਸੋਸ ਕੀਤਾ। ਰਾਣੀ ਨੂੰ ਗੱਲਾਂ ਗੱਲਾਂ ਵਿਚ ਇਹ ਵੀ ਪਤਾ ਲਗ ਗਿਆ ਕਿ ਹੁਣ
ਸਤਿਗੁਰੂ ਇਧਰ ਕੀਰਤਪੁਰ ਨਿਵਾਸ ਨਹੀਂ ਰਖ ਰਹੇ।

ਚੱਕ ਨਾਨਕੀ, 19 ਜੂਨ 1665—

ਇਸ ਕਰਕੇ ਉਸ ਨੇ ਬੜੇ ਮਾਣ ਨਾਲ ਕਿਹਾ ਕਿ ਤੁਸੀਂ ਬਾਂਗਰ ਦੇ ਬੰਜਰ
ਥਲ ਵਲ ਕਿਉਂ ਚਲੇ ਗਏ। ਇਥੇ ਪਿੰਡ ਮੀਆਂਪੁਰ, ਸਹੋਟਾ ਤੇ ਲੋਧੀਪੁਰ ਤਿੰਨਾਂ
ਪਿੰਡਾਂ ਦੀ ਭੁਇ ਆਪਦੇ ਅਰਪਣ ਹੈ। ਤੁਸੀਂ ਇਥੇ ਨਵੀਂ ਵਸਤੀ ਬਣਾਕੇ ਸਤਲੁਜ
ਕੰਢੇ ਨਿਵਾਸ ਕਰੋ। ਸਤਿਗੁਰੂ ਇਨਕਾਰ ਨ ਕਰ ਸਕੇ ਤੇ 21 ਹਾੜ 1722 ਬਿ.
ਨੂੰ ਪਿੰਡ ਸਹੋਟੇ ਦੇ ਮਾਖੋਵਾਲ ਵਾਲੇ ਥੇਹ ਤੇ 'ਚੱਕ ਨਾਨਕੀ' ਦੀ ਮੋੜ੍ਹੀ ਭਾਈ
ਗੁਰਦਿਤੇ ਰੰਧਾਵੇ ਦੇ ਹੱਥੋਂ ਗਡਾ ਦਿਤੀ। ਇਥੇ ਚੁਮਾਸਾ ਕੱਟਿਆ ਤੇ ਨਾਮ ਬਾਣੀ ਦਾ
ਪ੍ਰਵਾਹ ਚਲਾਇਆਂ। ਫਿਰ ਰੋਪੜ, ਬਨੂੜ, ਸਮਾਣੇ ਹੁੰਦੇ ਧਮਧਾਣ ਚਲੇ ਗਏ।
ਪ੍ਰੇਮੀ ਸਿਖ ਦੂਰੋਂ ਦੂਰੋਂ ਆਉਣ ਲਗੇ ਤੇ
ਸੰਗਤਾਂ ਦਾ ਭਾਰੀ ਇਕੱਠ ਹੋਇਆ।

ਦੀਵਾਲੀ ਦੇ ਮੌਕੇ ਡਾਢੀ ਰੌਣਕ ਹੋਈ। ਸਤਿਗੁਰਾਂ ਸੰਗਤਾ ਨੂੰ ਵੈਰਾਗ, ਤਿਆਗ ਸਿਮਰਨ ਤੇ ਨਿਰਭੈਤਾ ਦਾ ਸਬਕ ਦ੍ਰਿੜਾਇਆ।

ਇਸ ਸਮੇਂ ਔਰੰਗਜ਼ੇਬ ਇਸ ਖੋਜ ਵਿਚ ਸੀ ਕਿ ਗੁਰੂ ਨਾਨਕ-ਗੱਦੀ ਉਤੇ ਕੌਣ ਬੈਠਾ ਹੈ, ਉਹ ਇਨ੍ਹਾਂ ਦੀ ਸਰਗਰਮੀ ਉਤੇ ਪੂਰੀ ਨਿਗਰਾਨੀ ਰੱਖ ਰਿਹਾ ਸੀ।

ਧਮਧਾਣ ਗ੍ਰਿਫਤਾਰੀ, 8 ਨਵੰਬਰ 1665—

ਕੁਝ ਅਹਿਦੀਏ ਬਕਾਲੇ ਤੇ ਕੀਰਤਪੁਰ ਗਏ, ਉਥੋਂ ਪਤਾ ਲਗਾ ਕਿ ਗੁਰੂ ਜੀ ਧਮਧਾਣ ਹਨ। ਚੁਨਾਂਚਿ ਆਲਮ ਖ਼ਾਂ ਰੁਹੇਲੇ ਨੇ ਸਿਪਾਹੀ ਲੈ ਕੇ 1722 ਬਿ. ਕੱਤਕ ਸੁਦੀ ਏਕਾਦਸੀ ਨੂੰ ਗੁਰੂ ਜੀ ਨੂੰ ਗ੍ਰਿਫਤਾਰ ਕਰਕੇ ਦਿੱਲੀ ਲਿਆਂਦਾ। ਨਾਲ ਭਾਈ ਮਤੀਦਾਸ, ਸਤੀਦਾਸ, ਗੁਆਲ ਦਾਸ, ਗੁਰਦਾਸ, ਸੰਗਤੀਆ, ਜੇਠਾ, ਦਿਆਲਾ ਤੇ ਭਾਈ ਦੱਗੋ ਆਦਿ ਮੁਖੀ ਸਿੱਖ ਸਨ। ਇਸ ਤੋਂ ਇਲਾਵਾ ਕਾਫੀ ਗਿਣਤੀ ਵਿਚ ਉਦਾਸੀ ਸਾਧੂ ਵੀ ਨਾਲ ਸਨ। ਕਾਰਣ ਇਹ ਸੀ ਕਿ ਬਾਬਾ ਸ੍ਰੀ ਚੰਦ ਜੀ ਨੇ ਉਸ ਸਮੇਂ ਉਦਾਸੀ ਮੰਡਲੀ ਨੂੰ ਬਾਬੇ ਗੁਰਦਿਤੇ ਨੂੰ ਸੌਂਪ ਦਿਤਾ ਸੀ ਤੇ ਬਹੁਤੇ ਸਾਧੂ ਕੀਰਤਪੁਰ ਹੀ ਨਿਵਾਸ ਰਖਦੇ ਸਨ। ਪਿਛੋਂ ਇਹੋ ਸਾਧੂ ਗੁਰੂ ਜੀ ਦੇ ਨਾਲ ਨਾਲ ਦੇਸ਼ ਭ੍ਰਮਣ ਕਰਦੇ ਰਹੇ।

ਇਹ ਧਮਧਾਣ ਤੋਂ ਹੋਈ ਗ੍ਰਿਫਤਾਰੀ ਦਾ ਜ਼ਿਕਰ ਭੱਟ ਵਹੀਆਂ ਤੋਂ ਇਲਾਵਾ ਕੇਵਲ 'ਮਹਿਮਾ ਪ੍ਰਕਾਸ਼' ਨੇ ਕੀਤਾ ਹੈ, ਹੋਰ ਕਿਸੇ ਸਿੱਖ ਇਤਿਹਾਸਕਾਰ ਨੇ ਨਹੀਂ ਕੀਤਾ। ਕਰਤਾ 'ਮਹਿਮਾ ਪ੍ਰਕਾਸ਼' ਲਿਖਦਾ ਹੈ ਕਿ ਔਰੰਗਜ਼ੇਬ ਨੇ ਗੁਰੂ ਜੀ ਪਾਸ ਮੁਲਾਣਾ ਭੇਜਿਆ ਤੇ ਕਿਹਾ ਕਿ ਕਰਾਮਾਤ ਦਿਖਾਓ ਜਾਂ ਇਸਲਾਮ ਵਿਚ ਆਓ। ਸਤਿਗੁਰਾਂ ਦੋਵੇਂ ਗੱਲਾਂ ਪਰਵਾਨ ਨ ਕੀਤੀਆਂ।* ਇਸ ਗੱਲ ਤੇ ਔਰੰਗਜ਼ੇਬ

*ਨ ਲਾਇਕ ਫਕਰ ਕੋ ਕਰਾਮਾਤ ਕਰਨਾ। ਹੈ ਨਿਸਦਿਨ ਸਦਾ ਖੌਫ਼ ਮੌਲਾ ਕੇ ਰਹਿਨਾ
ਕਰਾਮਾਤ ਕਰਨਾ ਦੁਈ ਕਾ ਨਿਸ਼ਾਨ। ਤੁਮ੍ਹਾਰੇ ਦਿਲੋਂ ਮੇਂ ਯਹੀ ਹੈ ਗੁਮਾਨ।21।
ਜਿਨੋ ਰੱਬ ਕੇ ਜ਼ਿਕਰ ਸਿਉਂ ਕਾਮ ਹੈ। ਤਿਨੋਂ ਕੋ ਦੁਈ ਸਿਉਂ ਨ ਅਰਾਮ ਹੈ।
ਕਰੇ ਜੁ ਕਰਾਮਾਤ ਮੁਸ਼ਰਕ ਕਹਾਵੈ। ਜੁ ਮੁਸ਼ਰਕ ਭਯਾ ਲਾਸ਼ਰੀਕਹਿ ਨ ਭਾਵੈ।22।
ਸਜ਼ੇ ਸਾਹਿਬ ਕੋ ਸਾਹਿਬੀ ਬੰਦਾ ਬੰਦਗੀ ਮਾਹਿ
ਕਰੇ ਅਦਾਲਤ ਤਖਤ ਬਹਿ, ਸੋਹਤ ਸੋ ਬਾਦਸ਼ਾਹ।23।

(ਬਾਕੀ 35 ਸਫ਼ੇ ਤੇ)

ਬਹੁਤ ਔਖਾ ਹੋਇਆ ਤੇ ਉਸ ਦੇ ਜਤਨ ਨਿਰਾਰਥਕ ਗਏ।

ਸਾਡੇ ਨਵੇਂ ਖੋਜੀ ਇਤਿਹਾਸਕਾਰ, ਪੁਰਾਣੇ ਇਤਿਹਾਸਕਾਰਾਂ ਨੂੰ ਨਿੰਦਦੇ ਨਹੀਂ ਥਕਦੇ ਕਿ ਉਨ੍ਹਾਂ ਨੂੰ ਇਤਿਹਾਸਕ ਘਟਨਾਵਲੀ ਦਾ ਪਤਾ ਨਹੀਂ ਸੀ ਪਰ ਨਵਿਆਂ ਨੂੰ ਇਹ ਨਹੀਂ ਪਤਾ ਕਿ ਸੰਵਾਦ ਪਹਿਲੀ ਗ੍ਰਿਫਤਾਰੀ ਸਮੇਂ ਹੋਇਆ ਸੀ ਜਦੋਂ ਕਿ ਔਰੰਗਜ਼ੇਬ ਦਿੱਲੀ ਵਿਚ ਹਾਜ਼ਰ ਸੀ। ਉਕਾਈ ਇਤਨੀ ਹੀ ਹੋਈ ਹੈ ਕਿ ਇਸੇ ਸੰਵਾਦ ਨੂੰ ਸਾਡੇ ਇਤਿਹਾਸਕਾਰਾਂ ਦੂਜੀ ਗ੍ਰਿਫਤਾਰੀ ਸਮੇਂ ਜੋੜ ਦਿਤਾ, ਜਦੋਂ ਕਿ ਔਰੰਗਜ਼ੇਬ ਸਰਹੱਦੀ ਗੜਬੜ ਦਬਾਉਣ ਲਈ ਹਸਨ ਅਬਦਾਲ ਵਲ ਸੀ, ਦਿੱਲੀ ਨਹੀਂ ਸੀ। ਪਰ ਇਹ ਹਕੀਕਤ ਹੈ ਕਿ ਉਸ ਦੇ ਹੁਕਮ ਨਾਲ ਹੀ ਸਾਰੀ ਕਾਰਵਾਈ ਹੋਈ ਸੀ।

ਜਦ ਰਾਜਾ ਰਾਮ ਸਿੰਘ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਬਹੁਤ ਤੜਫਿਆ ਕਿਉਂਕਿ ਇਹ ਘਰਾਣਾ ਗੁਰੂ ਘਰ ਦਾ ਬਹੁਤ ਸ਼ਰਧਾਲੂ ਸੀ। ਇਸ ਨੇ ਬਾਦਸ਼ਾਹ ਨੂੰ ਸਾਰੀ ਗੱਲ ਸਮਝਾਈ ਕਿ ਫਕੀਰਾਂ ਦਾ ਨਿਰਾਦਰ ਕਰਨਾ ਹਕੂਮਤ ਦਾ ਕੰਮ ਨਹੀਂ। ਉਸਨੇ ਕਿਹਾ, "ਤੁਸੀਂ ਆਪ ਜ਼ਿਮਾ ਲਓ ਤੇ ਆਪਣੀ ਮਿਸਲ ਵਿਚ ਨਜ਼ਰਬੰਦ ਰਖ ਲਓ।" ਇਸ ਤਰ੍ਹਾਂ ਦਾ ਭਰੋਸਾ ਦੇ ਕੇ ਦੋ ਮਹੀਨੇ ਤਿੰਨ ਦਿਨ ਦੀ ਕੈਦ ਬਾਦ 1722 ਬਿ. ਪੋਹ ਵਦੀ ਏਕਮ ਨੂੰ ਸਾਥੀਆਂ ਸਮੇਤ ਗੁਰੂ ਜੀ ਨੂੰ ਛੱਡ ਦਿਤਾ ਗਿਆ। ਇਸ ਸਮੇਂ ਮਿਰਜ਼ਾ ਰਾਜਾ ਜੈ ਸਿੰਘ, ਸ਼ਿਵਾ ਜੀ ਵਿਰੁਧ ਮੁਹਿੰਮ

—ਸਫਾ 34 ਦੀ ਬਾਕੀ

ਤੁਮਕੋ ਬਾਦਸ਼ਾਹੀ ਰੱਬ ਦੀਨੀ। ਦੋਨਹੁ ਚਸ਼ਮ ਬਰਾਬੰਰ ਕੀਨੀ
ਹਿੰਦੂ ਤੁਰਕ ਕਾ ਮੌਲਾ ਏਕ। ਕਰੋ ਮਿਹਰ ਮਨ ਧਰੋ ਬਿਬੇਕ। 24।
'ਰੱਬੁਲ ਆਲਮੀਨ' ਹੈ ਨਾਉਂ। ਘਟਿ ਘਟਿ ਪੂਰ ਰਹਾ ਸਭ ਠਾਉਂ
ਜ਼ੁਲਮ ਜ਼ੁਲਾਮੀ ਰੱਬ ਨਾ ਭਾਵਹਿ। ਜ਼ਾਲਮ ਅੰਤ ਦੋਜ਼ਕ ਮੈਂ ਜਾਵਹਿ। 25।
ਹਮ ਦਾਅਵਾ ਕਾਹੂੰ ਸੋਂ ਨਾਹੀ, ਨਹੀਂ ਲੇਨ ਦੇਨ ਕਾਹੂੰ ਸੋਂ ਆਹੀ
ਅਦਲ, ਸ਼ਰੀਅਤ ਮੇਂ ਪ੍ਰਮਾਨ, ਜੋ ਕਰੇ ਅਦਲ ਸੋਈ ਪ੍ਰਧਾਨ। 26।
ਜੋ ਰੱਬ ਰਜਾਇ ਅੰਤ ਸੋ ਹੋਇ। ਬਿਨ ਹੁਕਮ ਰੱਬ ਦੇ ਕਰੇ ਨ ਕੋਇ।
ਰਹੇ ਰਜ਼ਾਇ ਸੋ ਅਹਲਿ ਫ਼ਕੀਰ। ਸੋ ਮੌਲਾ ਕੇ ਹੈਂ ਜਗ ਧੀਰ। 27।

(ਮਹਿਮਾ ਪ੍ਰਕਾਸ਼, ਪੰਨਾ 674 (1971)

ਉਤੇ ਸੂਰਤ ਵਲ ਭੇਜਿਆ ਹੋਇਆ ਸੀ, ਗੁਰੂ ਜੀ ਰਾਜੇ ਦੇ ਬੰਗਲੇ ਆਏ ਤੇ ਉਸ ਦੀ ਘਰ ਵਾਲੀ ਰਾਣੀ-ਪੁਸ਼ਪਾ ਦੇਵੀ ਬਹੁਤ ਪ੍ਰਸੰਨ ਹੋਈ। ਪਰੰਤੂ ਔਰੰਗਜ਼ੇਬ ਬਹੁਤ ਔਖਾ ਹੋਇਆ ਕਿ ਉਨ੍ਹਾਂ ਨੂੰ ਕਿਉਂ ਛੱਡਿਆ ਗਿਆ। ਰਾਜਾ ਰਾਮ ਸਿੰਘ ਦਾ ਜਵਾਬ ਸੀ 'ਇਹ ਕੋਈ ਰਾਜਾ, ਰਾਣਾ ਜਾਂ ਨਵਾਬ ਨਹੀਂ। ਇਹ ਤਾਂ ਫਕੀਰ ਹੈ, ਫ ੀਰਾਂ ਨੂੰ ਕੈਦ ਰੱਖਣਾ ਸਰਕਾਰ ਨੂੰ ਸ਼ੋਭਦਾ ਨਹੀਂ।' ਰਾਜਾ ਰਾਮ ਸਿੰਘ ਨੇ ਇਸ ਤਰ੍ਹਾਂ ਆਪ ਦੀ ਰਿਹਾਈ ਤਾਂ ਕਰਾ ਦਿਤੀ* ਪਰ ਬਾਦਸ਼ਾਹ ਵਲੋਂ ਨਾਲ ਪਾਬੰਦੀ ਇਹ ਲਗਾ ਦਿਤੀ ਗਈ ਕਿ ਫਿਲਹਾਲ ਇਹ ਪੰਜਾਬ ਨ ਜਾਣ। ਗੁਰੂ ਸਾਹਿਬ ਦਾ ਪਰਿਵਾਰ ਕਈ ਸਾਲਾਂ ਤੋਂ ਪਟਨੇ ਸੀ। ਮਾਤਾ ਗੁਜਰੀ ਚਾਹੁੰਦੇ ਸਨ ਕਿ ਮਸੰਦਾਂ ਤੇ ਈਰਖਾਲੂ ਸ਼ਰੀਕਾਂ ਦੀਆਂ ਨਜ਼ਰਾਂ ਤੋਂ ਪਰੇ ਰਹਿ ਕੇ ਸਾਹਿਬਜ਼ਾਦੇ ਦੀ ਪ੍ਰਿਤਪਾਲਣਾ ਕੀਤੀ ਜਾਵੇ, ਇਸ ਕਰਕੇ ਉਹ ਪੰਜਾਬ ਨਹੀਂ ਸੀ ਆਏ। ਗੁਰੂ ਜੀ ਮਥੁਰਾ, ਆਗਰਾ, ਇਟਾਵਾ, ਸਸਰਾਮ, ਗਯਾ ਹੁੰਦੇ ਹੋਏ ਪਟਨੇ ਪਹੁੰਚੇ ਤੇ ਪਰਿਵਾਰ ਵਿਚ ਬਹੁਤ ਖੁਸ਼ੀ ਹੋਈ।

1723 ਬਿ: ਵਿਚ ਇਹ ਘਟਨਾ ਵਾਪਰੀ ਕਿ ਸ਼ਿਵਾ ਜੀ ਤੇ ਸੰਭਾ ਜੀ 19 ਅਗਸਤ, 1666 ਨੂੰ ਦੋਵੇਂ ਆਗਰੇ ਦੀ ਕੈਦ ਵਿਚੋਂ ਫਲਾਂ ਦੇ ਟੋਕਰਿਆਂ ਵਿਚ ਛਿਪ ਕੇ ਖਿਸਕ ਗਏ। ਇਨ੍ਹਾਂ ਦੀ ਨਿਗਰਾਨੀ ਰਾਜਾ ਰਾਮ ਸਿੰਘ ਜ਼ਿਮੇ ਸੀ, ਬਾਦਸ਼ਾਹ ਨੂੰ ਸ਼ੱਕ ਹੋਇਆ ਕਿ ਇਹ ਸਭ ਕੁਝ ਇਸੇ ਨੇ ਕਰਾਇਆ ਹੈ, ਇਸ ਕਰਕੇ ਰਾਮ ਸਿੰਘ ਦੇ ਸਾਰੇ ਮਨਸਬ ਖੋਹ ਲਏ ਗਏ ਤੇ ਦਰਬਾਰ ਵਿਚ ਆਉਣਾ ਜਾਣਾ ਬੰਦ ਕਰ ਦਿਤਾ। ਬਾਦਰੋਂ 1724 ਬਿ. (10 ਜੁਲਾਈ 1667) ਨੂੰ ਰਾਜਾ ਜੈ ਸਿੰਘ ਬੁਰਹਾਨਪੁਰੇ ਦੇਹਾਂਤ ਪਾ ਗਿਆ, ਜੋ ਕਿ ਔਰੰਗਜ਼ੇਬ ਦਾ ਵਿਸ਼ਵਾਸ-ਪਾਤਰ ਜਰਨੈਲ ਸੀ ਜਿਸ ਨੇ ਮੁਗਲ ਰਾਜ ਲਈ ਕਈ ਬਿਖਮ ਮੁਹਿੰਮਾਂ ਸਰ ਕੀਤੀਆਂ ਸਨ। ਇਸ ਸਮੇਂ ਔਰੰਗਜ਼ੇਬ ਖੁਦ ਮਰਾਠਿਆਂ ਵਿਰੁਧ ਲੜਾਈ ਵਿਚ ਉਲਝਿਆ ਹੋਇਆ ਸੀ। ਇਸ ਲਈ ਰਾਜਪੂਤਾਂ ਨੂੰ ਨਰਾਜ਼ ਵੀ ਨਹੀਂ ਸੀ ਕਰਨਾ ਚਾਹੁੰਦਾ। ਦੂਜੇ ਪਾਸਿਓਂ 25 ਪੋਹ 1724 ਬਿ. ਨੂੰ ਬਾਦਸ਼ਾਹ ਨੂੰ ਖ਼ਬਰ ਮਿਲੀ ਕਿ ਆਸਾਮ ਦੇ

---

* The chief of Jaipur advocated Guru's cause and explained to the Emperor that such holy man would prefer on a piligtimage insted of seeking for sovereignty. [A History of thc Sikhs j.D.cunningham (1848)

ਗੋਹਾਟੀ ਥਾਣੇ ਦਾ ਮੁਗ਼ਲ ਹਾਕਮ ਫਿਰੋਜ਼ ਖ਼ਾਂ ਕਤਲ ਕਰ ਦਿਤਾ ਗਿਆ ਹੈ ਤੇ ਬਗ਼ਾਵਤ ਵਧ ਰਹੀ ਹੈ। ਇਸ ਲਈ ਰਾਜਾ ਰਾਮ ਸਿੰਘ ਨੂੰ ਮੁੜ ਬਹਾਲ ਕਰ ਦਿਤਾ ਗਿਆ ਤੇ ਇਸ ਮੁਹਿੰਮ ਤੇ ਜਾਣ ਦਾ ਹੁਕਮ ਦਿਤਾ। ਬਾਦਸ਼ਾਹ ਦੀ ਚਾਲ ਇਹ ਸੀ ਕਿ ਜੇ ਤਾਂ ਰਾਮ ਸਿੰਘ ਜਿੱਤ ਆਇਆ ਤਾਂ ਅਸਾਮ ਕਾਬੂ ਰਹੇਗਾ, ਮੁਗ਼ਲ ਹਕੂਮਤ ਦੀ ਸ਼ਾਨ ਵਧੇਗੀ ਤੇ ਜੇ ਇਹ ਉਧਰ ਮਾਰਿਆ ਗਿਆ ਤਾਂ ਰਾਜਸਥਾਨ ਕਾਬੂ ਕਰਾਂਗੇ, ਇਕ ਵੈਰੀ ਦਾ ਤਾਂ ਖਾਤਮਾ ਹੋਵੇਗਾ। ਇਸ ਹੁਕਮ ਅਨੁਸਾਰ ਰਾਜਾ ਰਾਮ ਸਿੰਘ ਨੂੰ ਸਾਵਣ 1725 ਬਿ. ਨੂੰ ਅਸਾਮ ਵਲ ਜਾਣਾ ਪਿਆ।

ਅਸਾਮ-ਯਾਤ੍ਰਾ 1668—

ਆਮ ਖਿਆਲ ਸੀ ਕਿ ਕਾਮਰੂਪ ਦੇ ਲੋਕ ਜਾਦੂ ਟੂਣੇ ਨਾਲ ਫੌਜਾਂ ਨੂੰ ਨਕਾਰਾ ਜਾਂ ਤਬਾਹ ਕਰ ਦਿੰਦੇ ਹਨ, ਇਸ ਕਰਕੇ ਗ਼ੈਬੀ ਸਹਾਇਤਾ ਦੀ ਲੋੜ ਸੀ। ਮਾਤਾ ਪੁਸ਼ਪਾ ਦੇਵੀ ਨੇ ਆਪਣੇ ਪੁੱਤਰ ਨੂੰ ਤਾਕੀਦ ਕੀਤੀ ਸੀ ਕਿ ਉਹ ਸਤਿਗੁਰੂ ਜੀ ਨੂੰ ਬੇਨਤੀ ਕਰਕੇ ਪਟਨੇ ਤੋਂ ਜ਼ਰੂਰ ਨਾਲ ਲੈਂਦਾ ਜਾਵੇ। ਇਸ ਅਨੁਸਾਰ ਗੁਰੂ ਜੀ ਪਟਨੇ ਤੋਂ ਰਾਜਾ ਰਾਮ ਸਿੰਘ ਦੇ ਨਾਲ ਹੋ ਗਏ। ਗੁਰੂ ਸਾਹਿਬ ਦੇ ਇਕ ਹੁਕਮਨਾਮੇ ਤੋਂ ਵੀ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ—

'ਅਸੀਂ ਪਰੇ ਰਾਜਾ ਜੀ ਕੇ ਸਾਥ ਗਏ ਹਾਂ, ਕਬੀਲਾ ਹਮੋ ਪਟਨੇ ਛੋੜਾ ਹੈ, ਸੰਗਤ ਕੇ ਸੇਵਾ ਕੀ ਵੇਲਾ ਹੈ, ਜੋ ਸਿਖ ਸੇਵਾ ਕਰੇਗਾ, ਤਿਸ ਕੇ ਰੁਜ਼ਗਾਰ ਮੋ ਬਰਕਤਿ ਹੋਵੈਗੀ।'

ਜੈਪੁਰ ਦੇ ਪੁਰਾਣੇ ਰਿਕਾਰਡ ਤੋਂ ਵੀ ਇਸੇ ਦੀ ਪੁਸ਼ਟੀ ਹੁੰਦੀ ਹੈ—

'ਗੁਰੂ ਤਿਆਗ ਮੱਲ ਕਾਇਮ-ਮੁਕਾਮ ਗੁਰੂ ਨਾਨਕ
ਦਰ ਅਸਾਮ ਹਮਰਾਹ ਬੈਕੁੰਠਗਾਹੀ ਮਹਾਰਾਜਾ ਰਾਮ ਸਿੰਘ ਜੀਉ ਬੂਦ।'

ਸਾਡੇ ਇਤਿਹਾਸਕਾਰਾਂ ਤੋਂ ਇਹ ਭੁੱਲ ਹੋਈ ਹੈ ਕਿਸੇ ਨਾਮ ਮਾਨ ਸਿੰਘ ਦਿਤਾ ਹੈ ਕਿਸੇ ਬਿਸ਼ਨ ਸਿੰਘ। ਮਾਨ ਸਿੰਘ ਇਸ ਦਾ ਪੜਦਾਦਾ ਸੀ ਤੇ ਬਿਸ਼ਨ ਸਿੰਘ ਪੁੱਤਰ। ਦਰਅਸਲ ਇਹ 1668 ਵਿਚ ਅਸਾਮ ਜਾਣ ਵਾਲਾ ਰਾਜਾ ਰਾਮ ਸਿੰਘ ਹੀ ਸੀ।

ਗੁਰੂ ਜੀ ਢਾਕੇ ਗਏ ਤਾਂ ਭਾਈ ਬੁਲਾਕੀ ਦਾਸ, ਬਾਬਾ ਨੱਥੇ ਸ਼ਾਹ ਤੇ ਹੋਰ ਮੁਖੀ ਸਿਖਾਂ ਆਪ ਦੀ ਬਹੁਤ ਸੇਵਾ ਕੀਤੀ, ਗੁਰੂ ਜੀ ਨੇ ਸਿਖ ਸੰਗਤਾਂ ਦੀ ਰੌਣਕ ਦੇਖ ਕੇ ਪ੍ਰਸੰਨ ਹੋ ਕੇ ਕਿਹਾ—'ਢਾਕਾ ਸਿਖੀ ਦਾ ਕੋਠਾ ਹੈ।' ਇਥੇ ਸ਼ਾਹੀ ਮੁਸੱਵਰ ਵਲੋਂ ਆਪ ਜੀ ਦੀ ਤਸਵੀਰ ਵੀ ਉਤਾਰੀ ਗਈ ਜੋ ਅਜੇ ਤਕ ਗੁਰਦੁਆਰਾ ਸੰਗਤ ਟੋਲਾ ਢਾਕੇ ਵਿਚ ਮੌਜੂਦ ਹੈ। ਇਹੋ ਚਿਤ੍ਰ ਅਸਾਂ ਪੁਸਤਕ ਦੇ ਸਰਵਰਕ ਉਤੇ ਦਿਤਾ ਹੈ।

ਰਾਜਾ ਰਾਮ ਸਿੰਘ ਗੋਹਾਟੀ ਲਾਗੇ ਸਰਾਇ ਘਾਟ ਅਪ੍ਰੈਲ 1669 ਨੂੰ ਪੁਜਾ ਤੇ ਦੋਹਾਂ ਧਿਰਾਂ ਦੀ ਟੱਕਰ ਹੋਣ ਲਗੀ। ਦੂਜੇ ਪਾਸੇ ਅਹੋਮ ਰਾਜਾ ਸੁੱਗ ਦੇਵ ਚੱਕ੍ਰ ਧੁਜ ਸਿੰਹੁ ਸੀ ਪਰ ਸਤਿਗੁਰਾਂ ਦੀ ਸ਼ਾਂਤਿ-ਪੁੰਜ ਸ਼ਖਸ਼ੀਅਤ ਦਾ ਪ੍ਰਭਾਵ ਸੀ ਕਿ ਦੋਵੇਂ ਫੌਜਾਂ ਕੁਝ ਸਮੇਂ ਲਈ ਖੂਨ-ਖਰਾਬੇ ਤੋਂ ਬਚ ਗਈਆਂ, ਸੰਧੀ ਹੋ ਗਈ। ਇਸੇ ਖੁਸ਼ੀ ਵਿਚ ਬ੍ਰਹਮ ਪੁਤਰ ਦਰਿਆ ਦੇ ਕਿਨਾਰੇ ਇਕ ਉਚੀ ਥਾਂ ਤੇ ਸਿਪਾਹੀਆਂ ਨੇ ਆਪਣੀਆਂ ਢਾਲਾਂ ਵਿਚ ਮਿਟੀ ਭਰ ਭਰ ਕੇ ਗੁਰੂ ਜੀ ਲਈ ਉਚਾ ਚਬੂਤਰਾ ਤਿਆਰ ਕੀਤਾ ਜੋ ਕਿ ਗੁਰਦੁਆਰਾ ਧੋਬੜੀ ਸਾਹਿਬ ਕਰਕੇ ਪ੍ਰਸਿੱਧ ਹੈ।

ਰਾਜਾ ਰਾਮ ਸਿੰਘ ਗੁਹਾਟੀ ਤੋਂ ਪਿਛੇ ਮੁੜ ਆਇਆ ਤੇ ਉਸ 2 ਮਾਰਚ, 1670 ਨੂੰ ਰੰਗਾ ਮਾਟੀ ਡੇਰਾ ਕੀਤਾ. ਇਸ ਸਮੇਂ 1670 ਵਿਚ ਹੀ ਅਹੋਮ ਰਾਜਾ ਦੀ ਮੌਤ ਹੋ ਗਈ ਤੇ ਹਾਲਤ ਬਦਲ ਗਈ। ਫਿਰ ਗੜਬੜ ਵਧ ਗਈ ਅਤੇ ਰਾਮ ਸਿੰਘ ਐਸਾ ਉਲਝਿਆ ਕਿ 1676 ਈ, ਵਿਚ ਦਿੱਲੀ ਪਰਤ ਸਕਿਆ।

ਇਹੋ ਜਿਹੇ ਸੁਲਹ ਸਫਾਈ ਦੇ ਵਾਤਾਵਰਣ ਵਿਚ ਗੁਰੂ ਜੀ ਰਾਜਾ ਰਾਮ ਸਿੰਘ ਦੀ ਸਲਾਹ ਨਾਲ ਪੰਜਾਬ ਵਲ ਪਰਤ ਆਏ। ਰਸਤੇ ਵਿਚ ਹੀ ਭਾਈ ਦਿਆਲ ਦਾਸ ਨੂੰ ਬੁਲਾ ਕੇ ਹਿਦਾਇਤ ਕੀਤੀ ਕਿ ਅਸੀਂ ਆਗਰੇ, ਮਥਰਾ ਦੇ ਰਸਤੇ ਦਿਲੀ ਜਾਣਾ ਹੈ, ਤੁਸੀਂ ਅਯੁੱਧਿਆ, ਨਾਨਕ ਮਤਾ ਤੇ ਹਰਿਦੁਆਰ ਹੁੰਦੇ ਸਾਹਿਬਜ਼ਾਦੇ ਸਣੇ ਲਖਨੌਰ ਪਹੁੰਚੋ। ਅਸੀਂ ਦਿੱਲੀ ਹੋ ਕੇ ਤੁਹਾਡੇ ਪਾਸ ਆਵਾਂਗੇ।

ਦਿੱਲੀ, ਜੁਲਾਈ 1670—

ਦਿੱਲੀ ਇਸ ਲਈ ਜਾਣਾ ਜ਼ਰੂਰੀ ਸੀ ਕਿ ਰਾਜਾ ਜੈ ਸਿੰਘ ਦੇ ਦੇਹਾਂਤ ਦ ਸ਼ੋਕ ਕਰਨਾ ਸੀ ਤੇ ਰਾਜਾ ਰਾਮ ਸਿੰਘ ਦੀ ਸੁਖ-ਸਾਂਦ ਦਾ ਸੁਨੇਹਾ ਵੀ ਉਸਦੀ ਮਾਤਾ ਪੁਸ਼ਪਾ ਦੇਵੀ ਨੂੰ ਦੇਣਾ ਸੀ। ਨਾਲੇ ਸਰਕਾਰੀ ਨਜ਼ਰਾਂ ਵਿਚ ਆਪ ਰਾਜ

ਰਾਮ ਸਿੰਘ ਦੀ ਨਜ਼ਰਬੰਦੀ ਅਧੀਨ ਸਨ, ਇਸ ਕਰਕੇ ਇਸ ਦਾ ਬਾਕਾਇਦਾ ਨਿਪਟਾਰਾ ਹੋਣਾ ਜ਼ਰੂਰੀ ਸੀ। ਗੁਰੂ ਸਾਹਿਬ ਨਾਲ ਭਾ. ਮਤੀਦਾਸ, ਸਤੀਦਾਸ, ਜੇਠਾ ਤੇ ਦੁਰਗਾ ਆਦਿ ਸਿਖ ਸਨ। ਨਵਾਬ ਸੈਫ ਖ਼ਾਂ ਵੀ ਆਪ ਨੂੰ ਰਸਤੇ ਵਿਚ ਮਿਲ ਗਿਆ। ਕਿਹਾ ਨਹੀਂ ਜਾ ਸਕਦਾ ਕਿ ਕਿਥੇ। ਪਰ ਇਤਨਾ ਅਸੀਂ ਜਾਣਦੇ ਹਾਂ ਕਿ ਜਦ ਗੁਰੂ ਜੀ ਦਿੱਲੀ ਆਏ ਤਾਂ ਇਹ ਨਾਲ ਸੀ ਤੇ ਇਸ ਸਤਿਗੁਰਾਂ ਦੀ ਨਜ਼ਰਬੰਦੀ ਵਾਲੀ ਸਮੱਸਿਆ ਦਾ ਸਮਾਧਾਨ ਸੋਚ ਲਿਆ ਸੀ। ਆਖਰ ਬਾਦਸ਼ਾਹ ਨਾਲ ਨਿਕਟਵਰਤੀ ਰਿਸ਼ਤੇਦਾਰੀ ਕਾਰਣ ਇਸ ਦਾ ਰਾਜ ਦਰਬਾਰ ਵਿਚ ਚੰਗਾ ਪ੍ਰਭਾਵ ਸੀ। ਇਸ ਨੇ ਆਉਂਦਿਆਂ ਹੀ ਆਪਣੇ ਸਾਰੇ ਸਾਧਨ ਇਸ ਗੱਲ ਲਈ ਵਰਤੇ ਕਿਉਂਕਿ ਗੁਰੂ ਸਾਹਿਬ ਦੀ ਸ਼ਖਸੀਅਤ ਲਈ ਇਸ ਦੇ ਮਨ ਵਿਚ ਬਹੁਤ ਸਨੇਹ ਤੇ ਸ਼ਰਧਾ ਸੀ। ਗੁਰੂ ਜੀ ਸਿਖਾਂ ਸਮੇਤ ਭਾਦੂੰ ਵਦੀ ਅਸ਼ਟਮੀ 1722 ਬਿ. ਨੂੰ ਦਿਲਵਾਲੀ ਮਹੱਲੇ ਭਾਈ ਕਲਿਆਣੇ ਦੀ ਧਰਮਸਾਲਾ ਜਾ ਠਹਿਰੇ। ਇਕ ਭੱਟ ਵਹੀ ਵਿਚ ਇਹ ਤਰੀਕ 22 ਹਾੜ 1722 ਬਿ. ਦਿਤੀ ਹੈ।

ਆਪ ਨੂੰ ਲਗਭਗ ਢਾਈ ਮਹੀਨੇ ਇਥੇ ਰੁਕਣਾ ਪਿਆ ਤੇ ਨਵਾਬ ਸੈਫ਼ ਖ਼ਾਂ ਦੇ ਅਸਰ ਰਸੂਖ ਸਦਕਾ ਇਹ ਰੇੜਕਾ ਮਸਾਂ ਮੁਕਿਆ ਤੇ ਸਤਿਗੁਰੂ ਜੀ ਫਿਰ ਇਥੋਂ ਸਿਧੇ ਕੁਰਖੇਤਰ, ਪਹੇਏ ਹੁੰਦੇ ਲਖਨੌਰ ਚਲੇ ਆਏ।

ਲਖਨੌਰ, ਸਤੰਬਰ 1670—

ਪਰਿਵਾਰ ਵਿਚ ਬਹੁਤ ਖੁਸ਼ੀ ਹੋਈ ਕਿਉਂਕਿ ਪਰਿਵਾਰ ਤਾਂ ਪਹਿਲਾਂ ਹੀ 1727 ਬਿ. ਅਸੂ ਸੁਦੀ 9 ਨੂੰ ਲਖਨੌਰ ਪੁਜ ਗਿਆ ਸੀ ਜਿਨ੍ਹਾਂ ਵਿਚ ਮਾਤਾ ਗੁਜਰੀ ਬਾਲਕ ਗੋਬਿੰਦ ਦਾਸ, ਮਾਮਾ ਕ੍ਰਿਪਾਲ ਚੰਦ, ਫੁੱਫੜ ਸਾਧੂ ਰਾਮ, ਚਉਪਤਿਰਾਇ, ਗੁਆਲ ਦਾਸ ਆਦਿ ਸਿਖ ਸਨ। ਲਖਨੌਰ ਦਸ਼ਮੇਸ਼ ਜੀ ਦਾ ਮਾਮਾ ਮਿਹਰ ਚੰਦ ਰਹਿੰਦਾ ਸੀ ਮਾਮੇ ਪਾਸ ਕੁਝ ਅਰਸਾ ਠਹਿਰਨ ਉਪਰੰਤ ਸਤਿਗੁਰੂ ਅੰਬਾਲਾ, ਕਬੂਲਪੁਰ ਹੁੰਦੇ ਹੋਏ ਸੈਫਾਬਾਦ, ਨਵਾਬ ਸੈਫ ਖ਼ਾਂ ਪਾਸ ਆਏ ਜਿਸ ਨੇ ਗੁਰੂ ਪਰਿਵਾਰ ਦਾ ਬਹੁਤ ਸਤਿਕਾਰ ਕੀਤਾ ਤੇ ਗੁਰੂ ਜੀ ਨੂੰ ਆਪਣੇ ਮਹਲਾਂ ਵਿਚ ਰੱਖਿਆ। ਇਥੋਂ ਲੰਗ, ਮੂਲੋਵਾਲ, ਸ਼ੇਖਾ, ਠੀਕਰੀਵਾਲ ਹੁੰਦੇ ਮਾਲਵੇ ਵਿਚ ਪਿੰਡ ਮੱਲ੍ਹੇ ਆਏ ਜਿਥੇ ਕਿ ਭੈਣ ਬੀਬੀ ਵੀਰੋ ਦਾ ਘਰ ਸੀ। ਇਸ ਦਾ ਪਤੀ ਸਾਧੂਰਾਮ ਵੀ ਗੁਰੂ ਜੀ ਦੇ ਨਾਲ ਹੀ

ਪਰਤਿਆ ਸੀ, ਇਸ ਕਰਕੇ ਬੀਬੀ ਵੀਰੋ ਦੇ ਸੁਪੁੱਤਰ ਸੰਗੋਸਾਹ, ਜੀਤ ਮੱਲ, ਗੁਲਾਬ ਚੰਦ ਆਦਿ ਪਿਤਾ ਜੀ ਅਤੇ ਮਾਮਾ ਜੀ ਨੂੰ ਮਿਲਕੇ ਬਹੁਤ ਖੁਸ਼ ਹੋਏ। ਦਸ-ਸਾਲਾ ਗੋਬਿੰਦਦਾਸ ਲਈ ਤਾਂ ਇਹ ਨਵੇਂ ਹਾਣੀਆਂ ਦਾ ਨਵਾਂ ਮੇਲ ਸੀ। ਸਤਿਗੁਰੂ ਇਕ ਮਹੀਨਾ ਇਥੇ ਠਹਿਰੇ ਤੇ ਨਾਮ ਬਾਣੀ ਦਾ ਪ੍ਰਵਾਹ ਚਲਾਇਆ।

ਇਥੋਂ ਸਤਲੁਜ ਪਾਰ ਹੋ ਕੇ ਆਪਣੇ ਪੁਰਾਣੇ ਸਹੁਰਾ ਘਰ-ਕਰਤਾਰਪੁਰ ਆਏ ਸਹੁਰਾ ਸਾਹਿਬ-ਲਾਲ ਚੰਦ ਜੀ ਸਨੇਹ ਨਾਲ ਮਿਲੇ; ਬਿਆਸਾ ਪਾਰ ਹੋ ਬਕਾਲੇ ਗਏ ਤਾਂ ਧੀਰ ਮੱਲ ਤੇ ਉਸ ਦੀ ਪਤਨੀ ਗੋਮਾ ਦੇਈ ਮਿਲਣ ਆਈ। ਸਭ ਨੇ ਸਾਹਿਬਜ਼ਾਦੇ ਦੀਆਂ ਵਧਾਈਆਂ ਦਿਤੀਆਂ; ਬਕਾਲੇ ਸਿਖ ਸੰਥੜਾਂ ਆਉਣ ਲਗੀਆਂ ਤੇ ਸਾਲ ਡੇਢ ਸਾਲ ਚੰਗੀ ਰੌਣਕ ਰਹੀ। ਮਾਝੇ ਅੰਦਰ ਮੱਧਮ ਪਈ ਸਿਖ ਲਹਿਰ ਨੂੰ ਮੁੜ ਸੁਰਜੀਤ ਕੀਤਾ ਗਿਆ ਤੇ ਦੰਭੀ ਆਪਣੇ ਆਪ ਛਿੱਥੇ ਪੈਂਦੇ ਗਏ।

ਚੱਕ ਨਾਨਕੀ; ਮਾਰਚ 1672 ਈ.—

1729 ਬਿ. ਦੀ ਵਿਸਾਖੀ ਨੂੰ ਗੁਰੂ ਜੀ ਪਰਿਵਾਰ ਸਮੇਤ ਚੱਕ ਨਾਨਕੀ (ਆਨੰਦਪੁਰ) ਪਹੁੰਚ ਗਏ। ਭੀਮ ਚੰਦ ਦੀ ਮਾਤਾ ਰਾਣੀ ਚੰਪਾ ਨੂੰ ਪਤਾ ਲਗਾ ਤਾਂ ਉਸ ਨੇ ਉਚੇਰਾ ਸੁਨੇਹਾ ਭੇਜ ਕੇ ਸਾਰੇ ਪਰਿਵਾਰ ਨੂੰ ਬਿਲਾਸਪੁਰ ਸੱਦਿਆ ਤੇ ਸਾਹਿਬਜ਼ਾਦੇ ਨੂੰ ਸੋਹਣੇ ਕੀਮਤੀ ਬਸਤਰ ਤੇ ਭੂਖਣ ਦੇਕੇ ਸਨਮਾਨਿਆ।

ਦੋ ਵਰ੍ਹੇ ਸਤਿਗੁਰਾਂ ਇਥੇ 'ਚੱਕ ਨਾਨਕੀ' ਲੰਘਾਏ ਤੇ ਇਸ ਥਾਂ ਨੂੰ ਸਿਖ ਸੰਗਤ ਦਾ ਕੇਂਦਰੀ ਗੜ੍ਹ ਬਣਾਇਆ। ਇਸ ਥਾਂ ਤੋਂ ਸਮੇਂ ਸਮੇਂ ਗੁਰੂ ਜੀ ਮਾਲਵੇ ਤੇ ਬਾਂਗਰ ਵਲ ਧਮਧਾਣ ਵੀ ਜਾਂਦੇ ਰਹੇ ਤਾਂ ਕਿ ਸਿਖੀ ਨੂੰ ਸਭ ਪਾਸਿਉਂ ਸੰਗਠਿਤ ਕੀਤਾ ਜਾ ਸਕੇ ਤੇ ਜਾਬਰ ਬਾਦਸ਼ਾਹ ਵਲੋਂ ਪਾਇਆ ਦਹਲ ਘਟਾਇਆ ਜਾ ਸਕੇ।

ਇਸ ਸਮੇਂ ਦੇਸ਼ ਵਿਚ ਔਰੰਗਜ਼ੇਬ ਦੇ ਅਤਿਆਚਾਰ ਦਾ ਚੱਕ੍ਰ ਜ਼ੋਰ ਨਾਲ ਚਲ ਰਿਹਾ ਸੀ ਤੇ ਉਹ ਧੱਕੇ ਨਾਲ ਹਿੰਦੂ ਮੰਦਰ ਢਾਹ ਢਾਹ ਕੇ ਸਭ ਹਿੰਦੂਆਂ ਨੂੰ ਜ਼ਬਰਦਸਤੀ ਮੁਸਲਮਾਨ ਬਣਾਉਣਾ ਚਾਹੁੰਦਾ ਸੀ। ਬੂੜੀਏ, ਸਿਖ ਧਰਮਸ਼ਾਲਾ ਢਾਹੀ ਗਈ ਤੇ ਸਿਖ ਮਸੰਦ ਥਾਂ ਥਾਂ ਤੋਂ ਕੱਢੇ ਗਏ ਜੈਸਾ ਕਿ ਖ਼ਾਫੀ ਖ਼ਾਂ ਨੇ ਲਿਖਿਆ ਹੈ। **1668** ਤੋਂ **1672** ਈ. ਤਕ ਉਸ ਅਜੇਹੇ ਸ਼ਾਹੀ ਫੁਰਮਾਨ ਜਾਰੀ ਕੀਤੇ ਜਿਸ ਨਾਲ

ਗੈਰ ਮੁਸਲਮ ਜਨਤਾ ਦਾ ਨੱਕ ਦਮ ਆ ਗਿਆ। ਨਵਾਬ ਸੈਫ ਖ਼ਾਂ ਕਸ਼ਮੀਰ ਦਾ ਸੂਬੇਦਾਰ ਸੀ, ਲੇਕਿਨ ਇਹ ਰਵਾਦਾਰੀ ਤੇ ਉਦਾਰ ਸੁਭਾਉ ਵਾਲਾ ਸੀ ਅਤੇ ਜਬਰੀ ਤਬਲੀਗ਼ ਵਾਲੀ ਨੀਤੀ ਨਾਲ ਸਹਿਮਤ ਨਹੀਂ ਸੀ, ਇਸ ਕਰਕੇ ਇਸ ਨੂੰ ਕਸ਼ਮੀਰ ਤੋਂ ਹਟਾ ਦਿਤਾ ਗਿਆ ਤੇ ਇਸ ਦੀ ਥਾਂ 1671 ਵਿਚ ਨਵਾਬ ਇਫਤਖ਼ਾਰ ਖ਼ਾਂ ਨੂੰ ਲਾਇਆ ਗਿਆ ਤਾਂ ਕਿ ਕਸ਼ਮੀਰੀਆਂ ਨੂੰ ਜਬਰੀ ਮੁਸਲਮਾਨ ਬਣਾਉਣ ਦਾ ਕੰਮ ਛੇਤੀ ਨੇਪਰੇ ਚਾੜ੍ਹਿਆ ਜਾ ਸਕੇ। ਇਹ ਗੱਲ ਕੇਵਲ ਕਸ਼ਮੀਰ ਵਿਚ ਹੀ ਨਹੀਂ ਸੀ, ਸਗੋਂ ਸਾਰੇ ਦੇਸ਼ ਵਿਚ ਅਜੇਹਾ ਜਬਰ ਤੇ ਧੱਕਾ ਚਲ ਰਿਹਾ ਸੀ।

ਪੰਡਿਤ ਅਨੰਦਪੁਰ, 25 ਮਈ 1675 ਈ.—

ਭੈਭੀਤ ਹੋਏ ਕਾਂਸ਼ੀ, ਮਥਰਾ, ਹਰਿਦੁਆਰ, ਕੁਰਖੇਤਰ ਆਦਿ ਤੋਂ ਆਏ 16 ਬ੍ਰਾਹਮਣਾਂ ਦਾ ਪ੍ਰਤਿਨਿਧ ਮੰਡਲ ਪੰਡਤ ਕ੍ਰਿਪਾ ਰਾਮ ਮਟਨ ਵਾਲੇ ਦੀ ਅਗਵਾਈ ਵਿਚ 1732 ਬਿ. ਜੇਠ ਸੁਦੀ ਇਕਾਦਸੀ ਨੂੰ 'ਚੱਕ ਨਾਨਕੀ' ਗੁਰੂ ਜੀ ਪਾਸ ਆਇਆ ਤੇ ਸਾਰੀ ਵਿਥਿਆ ਸੁਣਾਈ। ਮਜ਼ਲੂਮਾਂ ਦੀ ਦਰਦਨਾਕ ਕਹਾਣੀ ਸੁਣਕੇ ਸਤਿਗੁਰਾਂ ਦਾ ਮਨ ਦ੍ਰਵ ਗਿਆ, ਆਪਨੇ ਕਿਹਾ, 'ਧੀਰਜ ਰੱਖੋ, ਤਕੜ ਰਹੋ, ਆਪ ਸਭ ਦੀ ਸਹਾਇਤਾ ਬਾਬਾ ਨਾਨਕ ਜੀ ਕਰੇਗਾ।

ਕਈ ਦਿਨ ਦੇਸ਼ ਦੀ ਅਵਸਥਾ ਬਾਰੇ ਵਿਚਾਰਾਂ ਹੁੰਦੀਆਂ ਰਹੀਆਂ। ਅਖੀਰ ਸਤਿਗੁਰਾਂ ਸਾਰੀ ਹਾਲਤ ਨੂੰ ਧਿਆਨ ਵਿਚ ਰੱਖਦਿਆਂ 1732 ਬਿ. 8 ਸਾਵਣ ਨੂੰ ਗੋਬਿੰਦਦਾਸ ਜੀ ਨੂੰ ਗੁਰਿਆਈ ਦੇ ਦਿਤੀ ਤੇ ਆਪ 'ਚੱਕ ਨਾਨਕੀ' ਤੋਂ ਚਲ ਪਏ ਆਪ ਨਾਲ ਭਾਈ ਦਿਆਲ ਦਾਸ, ਭਾਈ ਮਤੀਦਾਸ ਤੇ ਸਤੀਦਾਸ ਸਨ। ਗੁਰੂ ਜੀ ਕੀਰਤਪੁਰ ਆਏ ਤੇ ਸਾਕ ਸਬੰਧੀਆਂ ਨੂੰ ਸਾਰੀ ਗੱਲ ਦੱਸੀ।

ਗ੍ਰਿਫਤਾਰੀ ਮਲਕਪੁਰ, 12 ਜੁਲਾਈ 1675 ਈ.—

ਸਰਸਾ ਪਾਰ ਕਰਕੇ ਮਲਕਪੁਰ ਰੰਘੜਾਂ ਦੀ ਜੂਹ ਵਿਚ ਪਹੁੰਚੇ ਹੀ ਸਨ ਤਾਂ 1732 ਬਿ., 12 ਸਾਵਣ ਨੂੰ ਰੋਪੜ ਥਾਣੇ ਦੇ ਮਿਰਜ਼ਾ ਨੂਰ ਮੁਹੰਮਦ ਖ਼ਾਂ ਨੇ ਆਪ ਨੂੰ ਸਾਥੀਆਂ ਸਮੇਤ ਗ੍ਰਿਫਤਾਰ ਕਰ ਲਿਆ ਕਿਉਂਕਿ ਸ਼ਾਹੀ ਫੁਰਮਾਨ ਅਨੁਸਾਰ ਅਬਦੁਲ ਅਜੀਜ਼ ਦਿਲਾਵਰ ਖ਼ਾਂ, ਹਾਕਮ ਸਰਹੰਦ ਵਲੋਂ ਇਨ੍ਹਾਂ ਪਾਸ ਪਹਿਲੇ ਹੀ ਸੰਮਣ ਪਹੁੰਚਿਆ ਹੋਇਆ ਸੀ। ਉਧਰ ਇਹ ਗ੍ਰਿਫਤਾਰੀ ਲਈ ਚਲੇ ਹੀ ਸਨ।

ਆਗਰੇ ਤੋਂ ਗ੍ਰਿਫਤਾਰੀ ਦੀ ਨਾਟਕੀ ਕਹਾਣੀ ਇਸ ਸਮੇਂ ਨਾਲ ਜੋੜੀ ਗਈ ਹੈ ਜੋ ਕਿ ਬਣਦੀ ਨਹੀਂ ਕਿਉਂਕਿ ਇਸ ਸਮੇਂ ਔਰੰਗਜ਼ੇਬ ਨ ਆਗਰੇ ਸੀ ਤੇ ਨਾ ਹੀ ਦਿਲੀ। ਦਰਅਸਲ ਹਸਨ ਅਬਦਾਲ ਵਲ ਜਾਂਦਿਆਂ ਲਾਹੌਰ ਤੋਂ ਲੰਘਦਿਆਂ ਹੋਇਆਂ ਬਾਦਸ਼ਾਹ ਨੇ ਪੰਜਾਬ ਦੀ ਹਾਲਤ ਬਾਰੇ ਰਿਪੋਟਾਂ ਸੁਣਕੇ ਤੇ ਗੁਰੂ ਜੀ ਦੀਆਂ ਸਰਗਰਮੀਆਂ ਨੂੰ ਜਬਰੀ ਤਬਲੀਗ ਵਿਰੁਧ ਰੋਕ ਸਮਝਕੇ, ਖ਼ੁਦ ਗ੍ਰਿਫ਼ਤਾਰ ਕਰਨ ਦਾ ਹੁਕਮ ਦੇ ਦਿਤਾ ਸੀ।

ਗ੍ਰਿਫਤਾਰੀ ਉਪਰੰਤ ਆਪ ਨੂੰ ਸਰਹੰਦ ਲਿਆਂਦਾ ਗਿਆ ਤੇ ਬਸੀ ਪਠਾਣਾਂ ਦੇ ਬੰਦੀਖਾਨੇ ਵਿਚ ਪੌਣੇ ਚਾਰ ਮਹੀਨੇ ਰੱਖਿਆ ਗਿਆ ਜਿਥੇ ਕਿ ਜੇਲ੍ਹ ਲਾਗੇ ਉਦਾਸੀ ਸਾਧੂਆਂ ਆਪ ਦੀ ਯਾਦ ਵਿਚ ਗੁਰਦੁਆਰਾ ਬਣਾਇਆ ਹੋਇਆ ਹੈ। ਇਤਨਾ ਚਿਰ ਇਥੇ ਰੱਖਣ ਦਾ ਕਾਰਣ ਇਹ ਸੀ, ਹਾਕਮ ਸਰਹੰਦ ਨੇ ਇਸ ਕਾਰਵਾਈ ਉਪਰੰਤ ਹਸਨ ਅਬਦਾਲ ਬੈਠੇ ਬਾਦਸ਼ਾਹ ਨੂੰ ਲਿਖਿਆ ਕਿ ਹੁਣ ਕੀ ਕੀਤਾ ਜਾਵੇ। ਉਥੋਂ ਦੇਰੀ ਨਾਲ ਉਤਰ ਆਇਆ ਕਿ ਇਨ੍ਹਾਂ ਨੂੰ ਦਿਲੀ ਲਿਜਾਕੇ ਕਤਲ ਕਰ ਦਿਤਾ ਜਾਵੇ। ਇਸ ਲਈ ਲੋਹੇ ਦੇ ਪਿੰਜਰੇ ਵਿਚ ਪਾ ਕੇ ਸਾਥੀਆਂ ਸਮੇਤ ਮੱਘਰ ਵਦੀ ਤਰੌਦਸੀ ਨੂੰ ਸਤਿਗੁਰਾਂ ਨੂੰ ਦਿਲੀ ਲਿਆਂਦਾ ਗਿਆ, ਜਿਥੇ ਕਿ ਉਹ ਅੱਠ ਦਿਨ ਕੈਦ ਰਹੇ। ਜ਼ਾਲਮਾਂ ਤਸੀਹੇ ਬਹੁਤ ਦਿਤੇ, ਅੰਨ ਪਾਣੀ ਬੰਦ ਕੀਤਾ, ਸਰੀਰ ਤੇ ਗਰਮ ਰੇਤ ਪਾਈ, ਤੱਤੇ ਥੰਮ ਨਾਲ ਲਾਇਆ। ਫਿਰ ਤਿੰਨੇ ਸਾਥੀ ਸਿਖਾਂ ਨੂੰ ਵੱਖ ਵੱਖ ਸਜ਼ਾਵਾਂ ਦੇ ਕੇ ਸਾਮ੍ਹਣੇ ਮਾਰ ਦਿਤਾ ਗਿਆ, ਭਾਈ ਦਿਆਲ ਦਾਸ ਨੂੰ ਦੇਗ ਵਿਚ ਉਬਾਲਿਆ, ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰਿਆ ਤੇ ਭਾਈ ਸਤੀ ਦਾਸ ਨੂੰ ਰੂੰ ਵਿਚ ਲਪੇਟ ਕੇ ਅੱਗ ਲਾ ਦਿਤੀ। ਇਹ ਸਾਰੀਆਂ ਗੱਲਾਂ ਇਸ ਲਈ ਕੀਤੀਆਂ ਗਈਆਂ ਤਾਂ ਕਿ ਉਹ ਬਾਦਸ਼ਾਹ ਦੀ ਸ਼ਰਤ ਮੰਨ ਲੈਣ। ਸ਼ਰਤ ਇਹ ਸੀ ਕਿ ਜੇ ਉਹ ਹਿੰਦ ਦੇ ਪੀਰ ਹਨ ਤਾਂ ਅਜ਼ਮਤ ਦਿਖਾਉਣ, ਨਹੀਂ ਤਾਂ ਇਸਲਾਮ ਕਬੂਲ ਕਰਨ। ਗੁਰੂ ਜੀ ਦਾ ਜਵਾਬ ਸੀ, 'ਕਰਾਮਾਤ ਕਹਰ ਹੈ, ਅਸੀਂ ਤਾਂ ਪ੍ਰਭੂ ਦੀ ਰਜ਼ਾ ਵਿਚ ਰਹਿਣ ਵਾਲੇ ਹਾਂ, ਇਹ ਕੰਮ ਅਸੀਂ ਨਹੀਂ ਕਰਨਾ। ਦੂਜੇ ਧਰਮ ਬਦਲਣ ਦਾ ਸਵਾਲ ਨਹੀਂ, ਅਸਾਨੂੰ ਜਿਸ ਧਰਮ ਨੇ ਉਮਰ ਭਰ ਬਚਾਇਆ ਹੈ, ਉਹੋ ਧਰਮ ਸਾਡੇ ਨਾਲ ਅੰਤ ਤਕ ਨਿਭੇਗਾ।'

ਸ਼ਹੀਦੀ 11 ਨਵੰਬਰ 1675—

ਅੰਤ 1732 ਬਿ. ਮੱਘਰ ਸੁਦੀ ਪੰਚਮੀ, ਦਿਨ ਵੀਰਵਾਰ ਸ਼ਾਮ ਵੇਲੇ ਸ਼ਾਹੀ ਕਾਜ਼ੀ ਦੇ ਹੁਕਮ ਅਨੁਸਾਰ, ਚਾਂਦਨੀ ਚੌਂਕ ਵਿਚ ਬਰੋਟੇ ਹੇਠ, ਜਲਾਲੁੱਦੀਨ ਜੱਲਾਦ ਨੇ ਤਲਵਾਰ ਮਾਰ ਕੇ ਆਪ ਨੂੰ ਸ਼ਹੀਦ ਕਰ ਦਿਤਾ।

ਇਹ ਕਰੜੀਆਂ ਸਜ਼ਾਵਾਂ ਸੁਣਾਉਣ ਵਾਲਾ ਵੱਡਾ ਕਾਜ਼ੀ-ਮੌਲਵੀ ਅਬਦੁਲ ਵਹਾਬ ਵਹੁਰਾ ਸੀ ਜੋ ਬੜਾ ਭ੍ਰਿਸ਼ਟਾਚਾਰੀ ਤੇ ਨਿਰਦਈ ਸੀ। ਇਹ ਰਿਸ਼ਵਤ ਆਮ ਲੈਂਦਾ ਸੀ।* ਦਿਲੀ ਦੇ ਸਿਖਾਂ ਆਪਣੇ ਤੌਰ ਤੇ ਪੰਜ ਛੇ ਦਿਨ ਨੱਸ-ਭੱਜ ਕਰਕੇ ਕੁਝ ਰੁਪਈਆ ਇਕੱਠਾ ਕੀਤਾ ਤੇ ਇਸਨੂੰ ਦੇਣਾ ਚਾਹਿਆ ਲੇਕਿਨ ਸਤਿਗੁਰਾਂ ਇਸ ਗੱਲ ਨੂੰ ਪਰਵਾਣ ਨ ਕੀਤਾ।

ਸਰਕਾਰੀ ਫੈਸਲਾ ਤਾਂ ਇਹ ਸੀ ਕਿ ਕੱਲ੍ਹ ਇਨ੍ਹਾਂ ਦੀ ਲਾਸ਼ ਦੇ ਟੁਕੜੇ ਕਰਕੇ ਦਰਵਾਜ਼ਿਆਂ ਤੇ ਟੰਗੇ ਜਾਣ ਪਰ ਦਿਲਵਾਲੀ ਮਹੱਲ ਦੇ ਸਿਖਾਂ ਦੀ ਦਲੇਰੀ ਤੇ ਹੁਸ਼ਿਆਰੀ ਦੀ ਗੱਲ ਸੀ ਕਿ ਭਾਈ ਨਾਨੂ ਰਾਇ ਰਾਤ ਨੂੰ ਗੁਰੂ ਜੀ ਦਾ ਸੀਸ ਚੁਕ ਕੇ ਘਰ ਲੈ ਗਿਆ ਤੇ ਭਾਈ ਲੱਖੀ ਦੇ ਪੁੱਤਰ ਭਾਈ ਨਗਾਹੀਏ ਨੇ ਆਪਣੇ ਰੂੰ ਦੇ ਗੱਡੇ ਵਿਚ ਲਾਸ਼ ਪਾ ਕੇ ਰਾਇ ਸੀਨਾ ਬਸਤੀ ਵਿਚ ਰਕਾਬਗੰਜ ਲਿਆਂਦੀ ਤੇ ਝੁੱਗੀ ਨੂੰ ਅੱਗ ਲਾ ਕੇ ਸਸਕਾਰ ਕਰ ਦਿਤਾ!

ਲੇਕਿਨ ਅਜੇਹੇ ਧਰਮਾਤਮਾ ਪੁਰਸ਼ ਦਾ ਕਤਲ ਅਜਾਈਂ ਜਾਣ ਵਾਲਾ

---

* He was the most corrupt and heartless qazi of the reign. He sold the qaziships of the cities for money and took bribes in every case that he tried. During his 16 years of qaziship he amassed a fortune of 33 lakhs of rupees in Cash. besides much jewellery and other valuable things.

[History of Aurangzeb, (j. N, Sarkar)

p. 48 Vol. III

ਨਹੀਂ ਸੀ। ਗੁਰੂ ਜੀ ਦੀ ਸ਼ਹੀਦੀ 11 ਨਵੰਬਰ ਨੂੰ ਹੋਈ ਤੇ ਇਸਦੇ ਸੰਤਾਪ ਨਾਲ ਇਹ ਸ਼ਾਹੀ ਕਾਜ਼ੀ ਬੁਰੀ ਤਰ੍ਹਾਂ ਬੀਮਾਰ ਪੈ ਗਿਆ ਤੇ ਅੰਤ 26 ਨਵੰਬਰ 1675 ਨੂੰ ਤੜਫ ਤੜਫ ਕੇ ਮਰ ਗਿਆ।

ਸ਼ਾਂਤਿ ਪੁੰਜ ਲੋਕ-ਕਲਿਆਣਕਾਰੀ ਗੁਰੂ ਤੇਗ ਬਹਾਦਰ ਜੀ ਦੇ ਇਸ ਤਰ੍ਹਾਂ ਦੇ ਨਿਰਦੋਸ਼ ਕਤਲ ਦਾ ਸਿਖਾਂ ਤੇ ਆਮ ਜਨਤਾ ਉਤੇ ਬਹੁਤ ਡੂੰਘਾ ਅਸਰ ਪਿਆ ਤੇ ਬੇਬਸ ਹੋਏ ਸਿਖਾਂ ਕਈ ਤਰ੍ਹਾਂ ਰੋਸ ਪ੍ਰਗਟਾਇਆ। 'ਮੁਆਸਰਿ ਆਲਮਗੀਰੀ' ਵਿਚ ਤਿੰਨ ਘਟਨਾਵਾਂ ਦਾ ਜ਼ਿਕਰ ਮਿਲਦਾ ਹੈ—

(ੳ) 26 ਹਾੜ 1733 ਬਿ—ਬਾਦਸ਼ਾਹ ਦੀ ਸਵਾਰੀ ਦਿਲੀ ਦੇ ਚੌਂਕ ਵਿਚੋਂ ਲੰਘ ਰਹੀ ਸੀ ਤਾਂ ਕਿਸੇ ਦੂਰੋਂ ਡੰਡਾ ਵਗਾਹਕੇ ਮਾਰਿਆ ਜੋ ਛਤਰ ਦੇ ਅਗਲੇ ਪਾਸੇ ਜਾ ਲਗਾ। ਇਸ ਨੂੰ ਕੁਤਵਾਲ ਦੇ ਹਵਾਲੇ ਕੀਤਾ ਗਿਆ।

(ਅ) 19 ਕੱਤਕ 1733 ਬਿ.-ਬਾਦਸ਼ਾਹ ਜਾਮਾ ਮਸਜਿਦ ਤੋਂ ਘੋੜੇ ਤੇ ਸਵਾਰ ਹੋਣ ਲਗਾ ਤਾਂ ਇਕ ਆਦਮੀ ਨੰਗੀ ਤਲਵਾਰ ਲੈ ਕੇ ਬਾਦਸ਼ਾਹ ਲਾਗੇ ਪਹੁੰਚ ਗਿਆ। ਸਿਪਾਹੀਆਂ ਫੜ ਲਿਆ ਤੇ ਮਾਰ-ਕੁਟਾਈ ਸ਼ੁਰੂ ਕੀਤੀ ਲੇਕਿਨ ਦਯਾਲੂ ਬਾਦਸ਼ਾਹ ਨੇ ਇਸ ਦੀ ਡੇਢ ਰੁਪਈਆ ਖੁਰਾਕ ਨੀਅਤ ਕਰਕੇ ਰਣਥੰਭੋਰ ਦੇ ਕਿਲੇ ਵਿਚ ਭਿਜਵਾ ਦਿਤਾ।

[ਮੁਆਸਰਿ ਆਲਮਗੀਰੀ (ਉਰਦੂ ਅਨੁਵਾਦ) ਪੰਨਾ 104-5

(ੲ) 8 ਫੱਗਣ 1733 ਬਿ. (27 ਅਕਤੂਬਰ 1676) ਨੂੰ ਦਿੱਲੀ ਬਾਦਸ਼ਾਹ ਕਿਸ਼ਤੀਓਂ ਉਤਰਕੇ ਤਖਤਿ ਰਵਾਂ ਤੇ ਬੈਠਣ ਲਗਾ ਤਾਂ ਗੁਰੂ ਤੇਗ ਸਿੰਘ ਦੇ ਇਕ ਚੇਲੇ ਨੇ ਦੋ ਇੱਟਾਂ ਮਾਰੀਆਂ ਜਿਨ੍ਹਾਂ ਵਿਚੋਂ ਇਕ ਤਖਤ ਤੇ ਲਗੀ। ਉਸਨੂੰ ਕੁਤਵਾਲ ਦੇ ਹਵਾਲੇ ਕਰ ਦਿਤਾ ਗਿਆ।

ਇਸ ਤਰ੍ਹਾਂ ਪਤਾ ਨਹੀਂ ਕਿੰਨੀ ਥਾਂ ਕਿੰਨੇ ਸਿਖਾਂ ਨੇ ਆਪਣਾ ਗੁੱਸਾ ਕੱਢਿਆ ਤੇ ਆਪਣੇ ਗੁਰੂ ਖਾਤਰ ਸਖਤ ਸਜ਼ਾਵਾਂ ਵੀ ਭੁਗਤੀਆਂ।

ਲੇਕਿਨ ਔਰੰਗਜ਼ੇਬ ਦਾ ਪਾਰਾ ਅਜੇ ਵੀ ਮੱਠਾ ਨਹੀਂ ਸੀ ਪੈ ਰਿਹਾ ਜਦੋਂ ਉਹ ਹਸਨ ਅਬਦਾਲ ਤੋਂ ਮੁੜਦਾ ਜਨਵਰੀ 1676 ਵਿਚ ਲਾਹੌਰ ਆਇਆ ਤੇ 27 ਮਾਰਚ 1776 ਨੂੰ ਦਿਲੀ ਪਹੁੰਚਿਆ ਤਾਂ ਉਸ ਨੇ ਪੰਜਾਬ ਵਿਚ ਥਾਂ ਥਾਂ ਤੇ

ਇਹ ਘੋਖ ਕਰਵਾਈ ਕਿ ਇਸ ਗੱਦੀ ਦਾ ਹੋਰ ਨਿਕਟਵਰਤੀ ਆਗੂ ਕੌਣ ਹੈ ? ਸਰਕਾਰੀ ਸੂਹਿਆਂ ਨੂੰ ਜਿਵੇਂ ਸਹੀ ਜਾਂ ਗ਼ਲਤ ਪਤਾ ਲਗਾ, ਉਨ੍ਹਾਂ ਬਾਦਸ਼ਾਹ ਨੂੰ ਰਿਪੋਰਟ ਕਰ ਦਿਤੀ । ਕਿਸੇ ਦੱਸਿਆ ਕਿ ਬਕਾਲੇ ਨਾਨਕਪੰਥੀਆਂ ਦਾ ਆਗੂ-ਧੀਰ ਮੱਲ ਨਾਂ ਦਾ ਕੋਈ ਆਦਮੀ ਹੈ । ਚੁਨਾਂਚਿ ਸ੍ਰੀ ਧੀਰ ਮੱਲ ਨੂੰ (ਦੋ ਚੇਲਿਆਂ ਸ਼ੀਂਹਾਂ ਤੇ ਦਮੋਦਰ ਸਣੇ)* ਫੜ ਕੇ ਰਣਥੰਭੋਰ ਦੇ ਕਿਲੇ ਵਿਚ ਡਕ ਦਿਤਾ ਗਿਆ ਤੇ ਖੁਰਾਕ ਵਿਚ ਲਗਾਤਾਰ ਅਜੇਹਾ ਕੁਝ ਖਲਾਇਆ ਗਿਆ ਕਿ ਉਹ 1734 ਬਿ. ਮੱਘਰ ਸੁਦੀ ਦੂਜ (16 ਨਵੰਬਰ 1677) ਨੂੰ ਇਕ ਸਾਲ ਦੋ ਮਹੀਨੇ ਪੰਜ ਦਿਨ ਦੀ ਕੈਦ ਬਾਦ ਉਥੇ ਹੀ ਪ੍ਰਾਣ ਤਿਆਗ ਗਿਆ । ਅੱਗੇ ਬਾਬਾ ਧੀਰ ਮੱਲ ਦੇ ਦੋ ਪੁੱਤਰ ਸਨ, ਰਾਮਚੰਦ ਤੇ ਬਹਾਰ ਮੱਲ ।

ਫਿਰ ਰਾਮਚੰਦ ਨੂੰ ਪਕੜ ਕੇ ਦਿੱਲੀ ਲਿਆਂਦਾ ਗਿਆ ਤੇ ਗਿਆਰਾਂ ਦਿਨ ਬੰਦੀਖਾਨੇ ਵਿਚ ਤਸੀਹੇ ਦੇ ਦੇ, ਅੰਤ 1735 ਬਿ. ਭਾਦੋਂ ਵਦੀ ਏਕਮ, 24 ਜੁਲਾਈ 1678 ਨੂੰ ਇਸ ਨੂੰ ਸ਼ਹੀਦ ਕਰ ਦਿਤਾ ।*

ਇਹ ਸਾਰੀ ਸ਼ਹੀਦ-ਮਾਲਾ ਦਸਦੀ ਹੈ ਕਿ ਕਿਵੇਂ ਔਰੰਗਜ਼ੇਬ ਸਿੱਖੀ ਦੇ ਨਿੱਕੇ ਵੱਡੇ ਸੰਚਾਲਕ ਨੂੰ ਮਲੀਆਮੇਟ ਕਰਨ ਤੇ ਤੁਲਿਆ ਹੋਇਆ ਸੀ । ਪਹਿਲੇ ਸੱਤਵੇਂ ਗੁਰਾਂ ਨੂੰ ਸੱਦਿਆ, ਫਿਰ ਅੱਠਵੇਂ ਸਤਿਗੁਰਾਂ ਨੂੰ ਦਿਲੀ ਬੁਲਾਇਆ, ਫਿਰ ਨੌਵੇਂ ਗੁਰਾਂ ਨੂੰ ਦਿਲੀ ਸ਼ਹੀਦ ਕੀਤਾ । ਇਸੇ ਤਰ੍ਹਾਂ ਸ੍ਰੀ ਧੀਰ-ਮੱਲ ਤੇ ਸ੍ਰੀ ਰਾਮ-

---

* ਗੁਰੂ ਧੀਰ ਮੱਲ ਜੀ ਬੇਟਾ ਗੁਰੂ ਗੁਰਦਿਤਾ ਕਾ, ਪੋਤਾ ਗੁਰੂ ਹਰਿਗੋਬਿੰਦ ਮਹਲ ਛਟੇ ਕਾ, ਸਮਾਣੇ ਗਢ ਰਣਥੰਬੋਰ, ਡੇਢ ਪਹਿਰ ਦਿਨ ਚੜੇ, ਸਾਲ ਸਤ੍ਰਾਂ ਸੈ ਚਉਤੀਸ ਮਗਸਰ ਸੁਦੀ ਦੂਜ, ਸ਼ੁਕਰਵਾਰ ਕੋ । ਇਕ ਸਾਲ ਦੋ ਮਾਹ ਪਾਂਚ ਦਿਨ ਬੰਦੀਖਾਨੇ ਬੰਦ ਰਹੇ, ਦੁਸ਼ਟੋਂ ਨੇ ਸਰੀਰ ਕੋ ਬਹੁਤ ਘਨਾ ਦੁਖ ਦੀਆ ।

(ਭੱਟ ਵਹੀ ਮੁਲਤਾਨੀ ਸਿੰਧੀ)

(2) ਗੁਰੂ ਰਾਮਚੰਦ ਜੀ ਬੇਟਾ ਗੁਰੂ ਧੀਰ ਮੱਲ ਜੀ ਕਾ, ਸਾਲ ਸਤ੍ਰਾਂ ਸੈ ਪੈਂਤੀਸ ਭਾਦਵ ਵਦੀ ਏਕਮ ਕ੍ਰਿਸ਼ਨਾ ਪੱਖੇ ਬੁਧਵਾਰ ਕੇ ਦਿਨ, ਸਮਾਣੇ ਦਿਲੀ ਮੇਂ, ਏਕ ਘਰੀ ਦਿਨ ਚੜ੍ਹੇ । ਗਿਆਰਾਂ ਦਿਨ ਬੰਦੀਖਾਨੇ ਬੰਦ ਰਹੇ । ਤੁਰਕੋਂ ਨੇ ਸਰੀਰ ਕੋ ਘਨਾ ਕਸ਼ਟ ਦੀਆ । ਗੁਰੂ ਨੇ ਭਾਣੇ ਕੋ ਮਾਨਾ । (ਭੱਟ ਵਹੀ ਮੁਲਤਾਨੀ ਸਿੰਧੀ)

ਚੰਦ ਪਿਤਾ ਪੁੱਤਰ ਨਾਲ ਹੋਈ। ਦੁਰਭਾਗ-ਵਸ, ਆਮ ਸਿੱਖ ਸੰਗਤ ਵੀ ਅਗਿਆਨ ਕਾਰਣ ਇਨ੍ਹਾਂ ਨੂੰ ਸ਼ਰਧਾਂਜਲੀ ਅਰਪਣ ਕਰਨੋਂ ਅਸਮਰਥ ਰਹੀ। ਸਾਰਿਆਂ ਵਿਚੋਂ ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਨੇ ਦੇਸ਼ ਉਤੇ ਡੂੰਘਾ ਪ੍ਰਭਾਵ ਪਾਇਆ ਤੇ ਉਨ੍ਹਾਂ ਦੇ ਲਾਇਕ ਸਪੁੱਤਰ ਗੁਰੂ ਗੋਬਿੰਦ ਸਿੰਘ ਜੀ ਨੇ ਇਸੇ ਕੁਰਬਾਨੀ ਤੋਂ ਪ੍ਰਭਾਵਿਤ ਹੋ ਕੇ ਸੰਤ-ਸਿਪਾਹੀ ਖਾਲਹਾ ਪੰਥ ਦੀ ਸਾਜਨਾ ਕੀਤੀ। ਗੁਰੂ ਹਰਗੋਬਿੰਦ ਸਾਹਿਬ ਵਾਲੀ ਤਲਵਾਰ ਨੂੰ ਇਸ ਸ਼ਹੀਦੀ ਨੇ ਨਵੀਂ ਪਾਣ ਚਾੜ੍ਹ ਦਿਤੀ ਸੀ. ਇਹੋ ਤਲਵਾਰ ਦਸਮੇਸ਼ ਜੀ ਨੇ ਖਾਲਸੇ ਦੇ ਹੱਥ ਫੜਾਈ ਅਤੇ ਉਨ੍ਹਾਂ ਜਬਰ ਜੁਲਮ ਦੀ ਜੜ ਮੁੱਢੋਂ ਮੁਕਾਈ।

ਗੁਰੂ ਸਾਹਿਬ ਸਾਰੀ ਉਮਰ ਪ੍ਰਭੂ-ਭਗਤੀ ਵਿਚ ਪ੍ਰਪੱਕ ਰਹੇ ਤੇ ਲੋਕ-ਸੇਵਾ ਨੂੰ ਅਪਣਾ ਧਰਮ ਬਣਾਈ ਰੱਖਿਆਂ। ਅੰਤ ਦੇ ਸੰਕਟ-ਕਾਲ ਵਿਚ ਮਜ਼ਲੂਮਾਂ ਅਨਾਥਾਂ ਦੀ ਬਾਂਹ ਫੜੀ ਜੋ ਪ੍ਰਾਣਾਂ ਦੀ ਬਾਜ਼ੀ ਲਾ ਕੇ ਮਰਦਾਂ ਵਾਂਗ ਨਿਭਾਈ ਤੇ ਸਾਰੇ ਹਿੰਦ ਨੂੰ ਇਹ ਗੱਲ ਦ੍ਰਿੜ੍ਹਾਈ ਕਿ ਆਪਣਾ ਧਰਮ ਕਦੀ ਨਹੀਂ ਤਿਆਗਣਾ। ਸਮਕਾਲੀ ਕੇਸੋ ਭੱਟ ਨੇ ਕੇਹਾ ਸੁੰਦਰ ਕਿਹਾ ਹੈ—

"ਚਿਤ ਚਰਣ ਕੰਵਲ ਕਾ ਆਸਰਾ, ਚਿਤ ਚਰਣ ਕੰਵਲ ਸੰਗਿ ਜੋੜੀਐ
ਮਨ ਲੋਚਹਿ ਬੁਰਿਆਈਆਂ, ਗੁਰਸ਼ਬਦੀਂ ਇਹ ਮਨ ਹੋੜੀਐ
ਬਾਂਹਿ ਜਿਨ੍ਹਾਂ ਦੀ ਪਕੜੀਏ, ਸਿਰ ਦੀਜੈ ਬਾਂਹਿ ਨ ਛੋੜੀਐ
ਗੁਰੂ ਤੇਗ ਬਹਾਦਰ ਬੋਲਿਆ, ਧਰ ਪਈਏ ਧਰਮ ਨ ਛੋੜੀਐ।"

ਸਹਾਇਕ ਪੁਸਤਕ-ਸੂਚੀ

1 ਭੱਟ ਵਹੀਆਂ
2 ਗੁਰੂ ਕੀਆਂ ਸਾਖੀਆਂ—ਸਰੂਪ ਸਿੰਘ ਕੌਸ਼ਿਸ਼ (1790 ਈ.)
3 ਬੰਸਾਵਲੀਨਾਮਾ—ਕੇਸਰ ਸਿੰਘ ਛਿੱਬਰ (1769 ਈ.)
4 ਸ੍ਰੀ ਗੁਰ ਮਹਿਮਾ ਪ੍ਰਕਾਸ਼—ਬਾਵਾ ਸਰੂਪ ਦਾਸ ਭੱਲਾ (1776 ਈ.)
5 ਗੁਰਪ੍ਰਣਾਲੀਆਂ—ਸਿਖ ਹਿਸਟਰੀ ਸੁਸਾਇਟੀ ਅੰਮ੍ਰਿਤਸਰ

0—

੩

ਅਤਿਆਚਾਰੀ ਔਰੰਗਜ਼ੇਬ ਦਾ ਅਮਾਲਨਾਮਾ

'ਸ਼ਹਿਨਸ਼ਾਹ ਔਰੰਗਜ਼ੇਬ ਆਲਮੀਂ । ਦਾਰਾਇ ਦਉਰ ਅਸਤ ਦੂਰਸਤ ਦੀਂ ।'
(ਜ਼ਫਰਨਾਮਾ)

ਇਕ ਵਾਰ ਸ਼ਾਹ ਜਹਾਨ ਪਰਿਵਾਰ ਸਮੇਤ ਸ਼ਾਹੀ ਮਸਜਿਦ ਵਿਚ ਜੁੰਮੇ ਦੀ ਨਿਮਾਜ਼ ਲਈ ਗਿਆ ਤੇ ਬਾਕੀ ਸਾਰੇ ਬੱਚੇ ਤੇ ਹੋਰ ਜੀਅ ਬਾਦਸ਼ਾਹ ਨਾਲ ਅੰਦਰ ਚਲੇ ਗਏ ਪਰ ਬਾਲਕ ਔਰੰਗਾ ਬਾਹਰ ਜੁੱਤੀਆਂ ਕੋਲ ਬਹਿ ਗਿਆ । ਜਦੋਂ ਸਾਰੇ ਵਾਪਸ ਆਏ ਤਾਂ ਬਾਪ ਨੇ ਪੁੱਛਿਆ, ਤੂੰ ਅੰਦਰ ਨਹੀਂ ਗਿਆ ? ਸ਼ੈਤਾਨ-ਦਿਮਾਗ ਔਰੰਗਜ਼ੇਬ ਨੇ ਜਵਾਬ ਦਿਤਾ, 'ਮੈਂ ਸੋਚਿਆ ਜੇ ਕਿਤੇ ਮਸਜਿਦ ਦੀ ਛੱਤ ਡਿਗ ਪਈ ਤੇ ਸਾਰਾ ਸ਼ਾਹੀ ਖਾਨਦਾਨ ਹੇਠ ਆ ਗਿਆ ਤਾਂ ਸਰਕਾਰ ਦੀ ਜ਼ਿੰਮੇਵਾਰੀ ਕੌਣ ਸੰਭਾਲੇਗਾ, ਇਸ ਲਈ ਮੈਂ ਇਥੇ ਬਾਹਰ ਬੈਠ ਗਿਆ ਸਾਂ ।'

ਸ਼ਾਹਜਹਾਨ ਦੇ ਚਾਰ ਪੁੱਤਰ ਸਨ—ਦਾਰਾ ਸ਼ਿਕੋਹ, ਸ਼ੁਜ਼ਾਅ, ਔਰੰਗਜ਼ੇਬ ਤੇ ਮੁਰਾਦ । ਔਰੰਗਜ਼ੇਬ ਦਾ ਜਨਮ ਉਜੈਨ ਲਾਗੇ ਦੋਹਦ ਵਿਚ ਮੁਮਤਾਜ ਮਹਲ ਦੇ ਘੇਟੋਂ 24 ਅਕਤੂਬਰ, 1618 ਈ. ਨੂੰ ਹੋਇਆ । ਸਾਅਦੁੱਲਾ ਖਾਂ ਵਜ਼ੀਰ ਤੇ ਮੀਰ ਮੁਹੰਮਦ ਹਾਸ਼ਮ ਗੀਲਾਨ ਨੇ ਸਿਖਿਆ-ਦੀਖਿਆ ਦਿਤੀ ਤੇ ਸ਼ੇਖ ਅਹਿਮਦ ਸਰਹੰਦੀ ਦੇ ਪੋਤੇ ਮੌਲਵੀ ਸੈਫ਼ੁਦੀਨ ਨੇ ਕੱਟੜਤਾ ਪੜ੍ਹਾਈ । 1636 ਵਿਚ ਮਨਸਬਦਾਰ ਹੋ ਕੇ ਦੱਖਣ ਗਿਆ—ਤੇ 1644 ਤਕ ਰਿਹਾ । 1645 ਵਿਚ ਗੁਜਰਾਤ ਦਾ ਹਾਕਮ 1646 ਵਿਚ ਬਲਖ਼ ਦਾ, 1648 ਤੋਂ 52 ਤਕ ਮੁਲਤਾਨ ਦਾ ਹਾਕਮ ਰਿਹਾ । ਫਿਰ ਦੱਖਣ ਦਾ ਸੂਬੇਦਾਰ ਬਣਾਇਆ ਗਿਆ । ਬਹੁਤਾ ਉਧਰ ਹੀ ਰਿਹਾ ।

ਪਿਤਾ ਨੂੰ ਆਗਰੇ ਦੇ ਕਿਲੇ ਵਿਚ ਕੈਦ ਕਰਕੇ 21 ਜੁਲਾਈ, 1658 ਈ: ਨੂੰ ਰਾਜਗੱਦੀ ਤੇ ਬੈਠਾ ਤੇ 5 ਜੂਨ, 1659 ਨੂੰ ਗੱਦੀ ਦੀ ਬਾਕਾਇਦਾ ਰਸਮ ਕੀਤੀ. ਆਪਣਾ ਨਾਂ ਰੱਖਿਆ—

'ਅਬਦੁਲ ਮੁਹੱਯੁਦੀਨ ਮੁਹੰਮਦ ਔਰੰਗਜ਼ੇਬ ਬਹਾਦਰ
ਆਲਮਗੀਰ ਪਾਤਸ਼ਾਹ ਗ਼ਾਜ਼ੀ ।'

ਅਰਥਾਤ—ਦੀਨ ਦਾ ਰਾਖਾ, ਬਹਾਦਰ ਯੋਧਾ, ਸੰਸਾਰ ਦਾ ਬਾਦਸ਼ਾਹ।

ਗਜ਼ਨੀ ਤੋਂ ਚਿਟਗਾਉਂ ਤੇ ਕਸ਼ਮੀਰ ਤੋਂ ਕਰਨਾਟਕ ਤਕ ਇਸ ਦੇ ਅਧੀਨ ਸੀ. 50 ਸਾਲ ਰਾਜ ਕੀਤਾ ਲੇਕਿਨ ਮਜ਼ਬੀ ਤੱਸਬ, ਅਸਹਿਨਸ਼ੀਲਤਾ ਤੇ ਨਿਰਦੈਤਾ ਕਾਰਣ ਇਸ ਨੇ ਆਪਣੇ ਆਪ ਤੇ ਮੁਗਲ ਰਾਜ ਦਾ ਬੇੜਾ ਗਰਕ ਕਰ ਦਿਤਾ। ਹੋਰ ਤਾਂ ਹੋਰ ਸ਼ੱਕੀ ਮਿਜਾਜ਼ ਹੋਣ ਕਰਕੇ ਇਸ ਅਪਣੇ ਪਰਵਾਰ, ਭਾਈਆਂ ਤੇ ਬੱਚਿਆਂ ਤਕ ਨੂੰ ਤਬਾਹ ਕਰਨ ਵਿਚ ਕੋਈ ਕਸਰ ਨਹੀਂ ਛਡੀ। 30 ਅਗਸਤ. 1659 ਨੂੰ ਵੱਡੇ ਭਾਈ ਦਾਰਾ ਸ਼ਿਕੋਹ ਤੇ ਉਸ ਦੇ ਨਿੱਕੇ ਪੁੱਤਰ ਨੂੰ ਕਤਲ ਕੀਤਾ, ਛੋਟੇ ਭਾਈ ਮੁਰਾਦ ਨੂੰ ਸ਼ਰਾਬ ਪਿਆ ਕੇ ਸੋਨੇ ਦੀਆਂ ਜੰਜ਼ੀਰਾਂ ਨਾਲ ਜਕੜ ਲਿਆ ਤੇ 4 ਦਸੰਬਰ 1661 ਨੂੰ ਗੁਆਲੀਅਰ ਦੇ ਕਿਲੇ ਵਿਚ ਮਰਵਾ ਦਿਤਾ ।

ਔਰੰਗੇ ਦੀਆ 4-5 ਸ਼ਾਦੀਆਂ ਸਨ ਤੇ 10 ਬੱਚੇ—

ਸੁਲਤਾਨ ਮੁਹੰਮਦ, ਮੁਅੱਜ਼ਮ, ਆਜ਼ਮ, ਅਕਬਰ, ਕਾਮ ਬਖ਼ਸ਼, ਜ਼ੇਬੁਨਿਸਾ, ਜ਼ੀਨਤੁਨਿਸਾ, ਬਦਰੁਨਿਸ਼ਾ, ਜ਼ੁਬਦਤੁਨਿਸ਼ਾ ਤੇ ਮਿਹਰੁਨਿਸਾ। ਵੱਡਾ ਪੁੱਤਰ ਜੇਲ੍ਹ ਵਿਚ ਮਰ ਗਿਆ, ਮੁਅੱਜ਼ਮ ਨੂੰ 1687 ਤੋਂ 1695 ਤਕ 8 ਸਾਲ ਕੈਦ ਕਰੀ ਰੱਖਿਆ, ਅਕਬਰ ਜਾਨ ਬਚਾ ਕੇ ਈਰਾਨ ਭੱਜ ਗਿਆ। ਜ਼ੇਬੁਨਿਸਾ (1638-1703 ਈ.) ਵਿਦਵਾਨ ਸ਼ਾਇਰਾ ਸੀ, ਇਸ ਨੂੰ 20 ਸਾਲ ਸਲੀਮਗੜ੍ਹ ਦੇ ਕਿਲੇ ਵਿਚ ਕੈਦ ਕਰੀ ਰਖਿਆ ਤੇ ਉਥੇ ਹੀ 1703 ਵਿਚ ਮਰ ਗਈ।

ਪਿਤਾ ਨੂੰ 1658 ਤੋਂ 66 ਤਕ ਅੰਦਰ ਡਕੀ ਰਖਿਆ ਤੇ ਜਦ ਉਹ ਫਰਵਰੀ 1666 ਈ. ਵਿਚ ਮਰ ਗਿਆ ਤਾਂ ਮਾਰਚ 66 ਵਿਚ ਇਸ ਆਪਣੀ ਨੌਂਵੇਂ ਸਾਲ ਦੀ ਤਾਜਪੋਸ਼ੀ ਆਗਰੇ ਕੀਤੀ। ਇਸ ਤੋਂ ਪਹਿਲਾਂ ਦਿੱਲੀ ਬਹਿ ਕੇ ਹੀ ਰਾਜ-ਕਾਜ ਚਲਾਉਂਦਾ ਰਿਹਾ।

ਦਸੰਬਰ 1662 ਤੋਂ ਜਨਵਰੀ 1664 ਤਕ ਕਸ਼ਮੀਰ ਜਾ ਕੇ ਦਿਲੀ ਵਾਪਸ ਆਇਆ। 1666 ਤੋਂ ਸਰਹੱਦੀ ਝਗੜੇ ਵਧਦੇ ਗਏ ਤੇ ਪਠਾਣ ਖਰੂਦ ਮਚਾਉਣ ਲਗੇ। ਪਠਾਣਾਂ ਦਾ ਨੇਤਾ ਤੇ ਸ਼ਾਇਰ ਖੁਸ਼ਹਾਲ ਖ਼ਾਂ ਖਟਕ (1613-1689 ਈ.) ਔਰੰਗੇ ਨੇ ਰਣਥੰਭੋਰ ਦੇ ਕਿਲੇ ਵਿਚ ਕੈਦ ਕੀਤਾ- ਹੋਇਆ ਸੀ। ਇਹ ਆਪ ਅਫ਼ਰੀਦੀਆਂ ਤੇ ਖਟਕਾਂ ਦੀ ਖੁੰਬ ਠੱਪਣ ਲਈ ਗਿਆ ਤੇ 25 ਜੂਨ 1674 ਈ. ਤੋਂ 23 ਦਸੰਬਰ 1675 ਤਕ ਹਸਨ ਅਬਦਾਲ ਵੱਲ ਰਿਹਾ ਅਤੇ 27 ਮਾਰਚ 1676 ਨੂੰ ਦਿਲੀ ਵਾਪਸ ਆਇਆ। 10 ਦਸੰਬਰ 1678 ਨੂੰ ਮਹਾਰਾਜਾ ਜਸਵੰਤ ਸਿੰਘ ਜਮਰੋਦ ਮਰ ਗਿਆ ਤੇ ਔਰੰਗੇ ਨੇ ਸੋਚਿਆ ਕਿ ਮਾਰਵਾੜ ਰਿਆਸਤ ਨੂੰ ਆਪਣੇ ਰਾਜ ਵਿਚ ਮਿਲਾ ਲਵਾਂ; ਇਹ 3 ਸਤੰਬਰ 1679 ਈ. ਨੂੰ ਦਿਲੀਓਂ ਅਜਮੇਰ ਵਲ ਗਿਆ, ਰਾਜਪੂਤ ਨ ਮੰਨੇ। ਫਿਰ ਮੇਵਾੜ ਰਿਆਸਤ ਨੂੰ ਮਲੀਆਮੇਟ ਕਰਨ ਲਈ ਚਿਤੌੜ ਤੇ ਉਦੈਪੁਰ ਵਲ ਫਿਰਦਾ ਰਿਹਾ। ਅਖੀਰ 8 ਸਤੰਬਰ 1681 ਨੂੰ ਦੱਖਣ ਵਲ ਰਵਾਨਾ ਹੋਇਆ ਤੇ ਮਾਰਚ 1682 ਨੂੰ ਔਰੰਗਾਬਾਦ ਪੁਜ ਗਿਆ ਅਤੇ ਮੁੜ ਦਿਲੀ ਵਾਪਸ ਨਹੀਂ ਆ ਸਕਿਆ। 25 ਸਾਲ ਇਹ ਦੱਖਣ ਦੇ ਝਗੜਿਆਂ ਵਿਚ ਉਲਝਿਆ ਰਿਹਾ ਤੇ ਉਥੇ ਹੀ ਗੋਲ ਕੰਡਾ ਤੇ ਬੀਜਾਪੁਰ ਦੀਆਂ ਸ਼ੀਆ ਰਿਆਸਤਾਂ ਨੂੰ ਕਾਬੂ ਕਰਦਾ ਤੇ ਮਰਾਠਿਆਂ ਨੂੰ ਮਾਰਦਾ ਮਾਰਦਾ 90 ਵਰ੍ਹੇ ਦੀ ਆਯੂ ਵਿਚ 21 ਫਰਵਰੀ 1707 ਈ. ਨੂੰ ਅਹਿਮਦ ਨਗਰ ਦੇਹਾਂਤ ਪਾ ਗਿਆ। ਇਸ ਜਦੋਜਹਿਦ ਵਿਚ ਲੱਖਾਂ ਸਿਪਾਹੀ ਮਰੇ, ਹਜ਼ਾਰਾਂ ਘੋੜੇ, ਹਾਥੀ, ਬੈਲ, ਖੱਚਰਾਂ ਤੇ ਕਰੋੜਾਂ ਰੁਪਏ ਨਸ਼ਟ ਹੋਏ, ਅਖੀਰ ਖਜ਼ਾਨਾ ਵੀ ਖਤਮ, ਰਾਜ ਵੀ ਖਤਮ ਤੇ ਆਪ ਵੀ ਖਤਮ ਹੋ ਗਿਆ।

ਔਰੰਗਜ਼ੇਬ ਦੀ ਵੱਡੀ ਖ਼ਾਮੀ ਮਜ਼ਬੀ ਜਨੂੰਨ ਸੀ,* ਉਹ ਆਪ ਸੁੰਨੀ ਸੀ। ਸ਼ੀਆ ਮੁਸਲਮਾਨਾਂ ਤਕ ਨੂੰ ਬਰਦਾਸ਼ਤ ਨਹੀਂ ਸੀ ਕਰਦਾ। ਗੋਲਕੰਡਾ ਤੇ ਬੀਜਾਪੁਰ ਦੇ ਹਾਕਮ ਸ਼ੀਆ ਸਨ, ਇਸ ਲਈ ਉਨ੍ਹਾਂ ਨੂੰ ਖਤਮ ਕਰਨਾ ਇਕ ਧਾਰਮਿਕ

---

* His decided bent towards muslim Puritanism was at once his distinction and ruin.

[Aurangzeb, by Lane Pool P. /2

ਕਰਤੱਵ ਸਮਝਦਾ ਸੀ। ਚੂੰਕਿ ਉਹ ਆਪਣੇ ਆਪ ਨੂੰ 'ਮੁਹੱਯੁਦੀਨ'—ਦੀਨ ਇਸਲਾਮ ਦਾ ਰਾਖਾ ਸਦਾਉਂਦਾ ਸੀ ਤੇ ਆਪ ਟੋਪੀਆਂ ਸੀ ਕੇ ਜਾਂ ਹੱਥੀਂ ਕੁਰਾਨ ਲਿਖਕੇ ਰੋਟੀ ਕਮਾਉਂਦਾ ਸੀ ਤੇ ਇਸ ਖਾਤੇ ਵਿਚ ਉਸ ਦੇ ਤਿੰਨ ਰੁਪਏ ਦੋ ਆਂਨੇ ਤੇ ਕੁਰਾਨ ਲਿਖਾਈ ਦੇ 305 ਰੁਪਏ ਜਮ੍ਹਾਂ ਸਨ। ਉਹ ਸ਼ਰਾਬ ਵੀ ਨਹੀਂ ਸੀ ਪੀਂਦਾ ਪਰ ਗ਼ੈਰ ਮੁਸਲਮਾਨਾਂ ਦਾ ਖ਼ੂਨ ਪੀ ਕੇ ਉਤਨਾ ਨਸ਼ਾ ਲੈ ਲੈਂਦਾ ਸੀ। ਰਾਗ ਰੰਗ ਤੇ ਨਾਚ ਦਾ ਵੀ ਉਸਨੂੰ ਸ਼ੌਕ ਨਹੀਂ ਸੀ ਪਰ ਕਾਫਰਾਂ ਨੂੰ ਮਾਰਨ ਤੇ ਉਨ੍ਹਾਂ ਦੇ ਮੰਦਰ ਢਾਹੁਣਾ ਹੀ ਉਸ ਦਾ ਸਾਰਾ ਰਾਗ ਰੰਗ ਸੀ। ਦੀਨ ਦਾ ਠੇਕੇਦਾਰ ਹੋਣ ਦੇ ਨਾਤੇ ਜੋ ਉਸ ਸ਼ਾਹੀ ਫ਼ੁਰਮਾਨ ਜਾਰੀ ਕੀਤੇ, ਉਹ ਉਸ ਦੀ ਮਾਨਸਿਕ ਅਵਸਥਾ ਤੇ ਦਿਮਾਗੀ ਸੂਝ-ਬੂਝ ਨੂੰ ਸਮਝਣ ਲਈ ਧਿਆਨ ਗੋਚਰੇ ਕਰਨੇ ਜ਼ਰੂਰੀ ਹਨ।

(1) 1668 ਈ. ਵਿਚ ਦਰਬਾਰੀ ਗਵਈਆਂ—ਖੁਸ਼ਹਾਲ ਖਾਂ, ਬਿਸਰਾਮ ਖਾਂ, ਰਸਬੀਨ ਖਾਂ ਆਦਿ ਨੂੰ ਹੁਕਮ ਹੋਇਆ ਕਿ ਕੇਵਲ ਸਲਾਮ ਲਈ ਆਓ, ਗਾਉਣਾ ਵਜਾਉਣਾ ਬੰਦ। ਰੋਸ ਵਿਚ ਸ਼ਾਹੀ ਗਵਈਏ ਇਕੱਠੇ ਹੋਏ ਤੇ ਰਾਗ ਦਾ ਜਨਾਜ਼ਾ ਕੱਢਿਆ। ਬਾਦਸ਼ਾਹ ਨੂੰ ਪਤਾ ਲਗਾ ਤਾਂ ਉਸ ਆਖਿਆ, 'ਇਸ ਨੂੰ ਡੂੰਘਾ ਦਬਾਉਣਾ ਕਿਤੇ ਇਹ ਸ਼ੈਤਾਨ ਫੇਰ ਸਿਰ ਨਾ ਉਠਾਵੇ।' ਚੂੰਕਿ ਇਸਲਾਮੀ ਸ਼ਰ੍ਹਾ ਵਿਚ ਸੰਗੀਤ ਵਿਵਰਜਿਤ ਸੀ, ਇਸ ਲਈ ਰਾਗ ਤੇ ਰਾਗੀ ਦੋਏਂ ਠੱਪ ਦਿਤੇ। ਇਸ ਤਰ੍ਹਾਂ ਸ਼ਾਇਰੀ ਤੇ ਚਿਤ੍ਰਕਾਰੀ ਮਨ੍ਹਾ ਕਰ ਦਿਤੀ ਗਈ ਤੇ ਆਪਣੇ ਜ਼ਮਾਨੇ ਦੀ ਤਵਾਰੀਖ ਲਿਖਣੀ ਵੀ ਹੁਕਮਨ ਬੰਦ ਕਰ ਦਿਤੀ।

(2) ਆਗਰੇ ਦੇ ਕਿਲੇ ਸਾਮ੍ਹਣੇ ਜਹਾਂਗੀਰ ਨੇ ਹਾਥੀ ਮੂਰਤਾਂ ਲਵਾਈਆਂ ਸਨ। 1668 ਵਿਚ ਹੁਕਮ ਹੋਇਆ ਕਿ ਇਹ ਉਠਾ ਦਿਓ, ਇਨ੍ਹਾਂ ਤੋਂ ਬੁਤਪ੍ਰਸਤੀ ਦੀ ਯਾਦ ਤਾਜ਼ਾ ਹੁੰਦੀ ਹੈ।

(3) ਹਿੰਦੂ ਤਰੀਕੇ ਦੀ-ਹੱਥ ਉਤਾਂਹ ਉਠਾ ਕੇ ਕੀਤੀ ਜਾਣ ਵਾਲੀ ਨਮਸਕਾਰ ਬਾਰੇ ਹੁਕਮ ਹੋਇਆ ਕੇਵਲ 'ਸਲਾਮਾਲੈਕੁਮ' ਕਿਹਾ ਜਾਵੇ।

(4) ਪੁਰਾਣਾ ਸ਼ਾਹੀ ਰਿਵਾਜ ਸੀ ਕਿ ਬਾਦਸ਼ਾਹ ਮੋਹਰੀ ਰਾਜਿਆਂ ਤੇ ਨਵਾਬਾਂ ਦੇ ਮੱਥੇ ਉਤੇ ਖੁਦ ਟਿੱਕਾ ਲਾਉਂਦਾ ਸੀ। ਔਰੰਗੇ ਨੇ ਹੁਕਮ ਦਿਤਾ ਕਿ ਇਹ ਵਜ਼ੀਰ ਲਾ ਦਿਆ ਕਰੇ। ਮਗਰੋਂ ਮਈ 1679 ਵਿਚ ਇਸ ਨੂੰ ਹਿੰਦੂ ਰੀਤਿ

ਦੀ ਨਕਲ ਕਹਿਕੇ ਬੰਦ ਕਰ ਦਿਤਾ ਗਿਆ ।

(5) ਮਾਰਚ 1670 ਤੋਂ ਬਾਦਸ਼ਾਹ ਦਾ ਜਨਮ-ਉਤਸ਼ਵ ਮਨਾਉਣਾ ਬੰਦ ਤੇ 1677 ਤੋਂ ਰਾਜਗੱਦੀ ਬੈਠਣ ਦਾ ਉਤਸਵ ਵੀ ਬੰਦ ਕਰ ਦਿਤਾ ਗਿਆ।

(6) 'ਝਰੋਖਾ ਦਰਸ਼ਨ' ਇਸ ਲਈ ਬੰਦ ਕਰ ਦਿਤਾ, ਇਸ ਤੋਂ ਹਿੰਦਵੀ-ਅਤ ਦੀ ਬੋ ਆਉਂਦੀ ਸੀ ।

(7) ਜੂਨ 1667 ਨੂੰ ਥਾਨੇਸਰ ਦਾ ਤੀਰਥ. ਮਿਟੀ ਨਾਲ ਪੂਰ ਦੇਣ ਦਾ ਹੁਕਮ ਹੋਇਆ ।

(8) 1668 ਵਿਚ ਹਿੰਦੂ ਤਿਉਹਾਰ ਮਨਾਉਣੇ ਤੇ ਤੀਰਥ-ਯਾਤਰਾ ਬੰਦ ਕਰ ਦਿਤੀ ਗਈ ।

(9) 9 ਅਪ੍ਰੈਲ 1669 ਈ' ਨੂੰ ਫੁਰਮਾਨ ਜਾਰੀ ਹੋਇਆ ਕਿ ਦੇਸ਼ ਭਰ ਵਿਚੋਂ ਕਾਫਰਾਂ ਦੇ ਮੰਦਰ ਤੇ ਪਾਠਸ਼ਾਲਾਵਾਂ ਢਾਹ ਦਿਤੀਆਂ ਜਾਣ ਤਾਂ ਕਿ ਕੁਫਰ ਦੀ ਸਿਖਿਆ ਤੇ ਰਸਮ-ਰੀਤਿ ਚਾਲੂ ਨ ਰਹੇ । ਬਨਾਰਸ ਦਾ ਵਿਸ਼ਵਨਾਥ ਮੰਦਰ ਸੋਮਨਾਥ ਮੰਦਰ ਤੇ ਮਥਰਾ ਦਾ ਕੇਸਵਰਾਇ ਮੰਦਰ ਵੀ ਫੌਰਨ ਢਾਹ ਦਿਤਾ ਗਿਆ ਜੋ ਕਿ ਬੀਰ ਸਿੰਘ ਬੁੰਦੇਲੇ ਨੇ 33 ਲੱਖ ਰੁਪਈਆ ਖਰਚ ਕੇ ਅਜੇ ਨਵਾਂ ਨਵਾਂ ਹੀ ਬਣਾਇਆ ਸੀ ।

(10) 1671 ਈ. ਵਿਚ ਹੁਕਮ ਹੋਇਆ ਕਿ ਮਹਿਕਮਾ ਮਾਲ ਦੇ ਸਾਰੇ ਹਿੰਦੂ ਮੁਨਸ਼ੀ ਮੁਸੱਦੀ, ਵਿਹਲੇ ਕਰ ਦਿਤੇ ਜਾਣ । ਜੋ ਇਸਲਾਮ ਪਰਵਾਣ ਕਰੇ ਉਸ ਨੂੰ ਨੌਕਰੀ ਵਿਚ ਰਖਿਆ ਜਾਵੇ । ਇਕ ਵਾਰ ਏਸ ਹੁਕਮ ਨਾਲ ਹਜ਼ਾਰਾਂ ਹਿੰਦੂ ਦਫਤਰਾਂ ਵਿਚੋਂ ਧੜਾ ਧੜ ਕੱਢ ਦਿਤੇ ਗਏ ।

(11) 3 ਅਪ੍ਰੈਲ 1669 ਨੂੰ ਹੁਕਮ ਹੋਇਆ ਕਿ ਸਾਰੇ ਗ਼ੈਰ ਮੁਸਲਮਾਨਾਂ ਉਤੇ ਜਜ਼ੀਆ ਲਾਇਆ ਜਾਵੇ ਤੇ ਹਰ ਕੋਈ ਖੁਦ ਹਾਜ਼ਰ ਹੋ ਕੇ, ਪੈਦਲ ਜਾ ਕੇ ਖੜਾ ਖੜਾ ਟੈਕਸ ਭਰੇ । ਰੋਸ ਵਜੋਂ' ਦਿਲੀ ਦੇ ਸ਼ਹਿਰੀ ਬੇਨਤੀ ਕਰਨ ਆਏ ਕਿ ਇਹ ਟੈਕਸ ਇਉਂ ਨਾ ਉਗ੍ਰਾਹਿਆ ਜਾਵੇ। ਔਰੰਗਾ ਇਤਨਾ ਔਖਾ ਹੋਇਆ ਕਿ ਉਸ ਨੇ ਉਥੇ ਮਦਮੱਤ ਹਾਥੀ ਛਡ ਕੇ ਸਾਰੀ ਭੀੜ ਨੂੰ ਕੁਚਲਦਿਆ ਤਿਤਰ-ਬਿਤਰ ਕੀਤਾ ।

(12) 20 ਮਾਰਚ 1695 ਈ. ਨੂੰ ਫੁਰਮਾਨ ਜਾਰੀ ਕੀਤਾ ਗਿਆ ਕਿ

ਸ਼ਿਵਾਇ ਰਾਜਪੂਤਾਂ ਦੇ ਕੋਈ ਹਿੰਦੂ ਹਥਿਆਰ ਨਾ ਧਾਰਨ ਕਰੇ ਤੇ ਨਾ ਹੀ ਵਧੀਆ ਈਰਾਨੀ ਅਰਬੀ ਘੋੜੇ, ਹਾਥੀ ਜਾਂ ਪਾਲਕੀ ਦੀ ਸਵਾਰੀ ਕਰੇ।

ਇਹ ਹਨ ਔਰੰਗੇ ਦੇ ਸ਼ਾਹੀ ਫ਼ੁਰਮਾਨਾਂ ਦੇ ਕੁਝ ਨਮੂਨੇ। ਮੰਦਰ-ਢਾਹ ਯੋਜਨਾ ਅਧੀਨ ਕਿਤਨੀ ਸਖਤੀ ਵਰਤੀ ਗਈ ਤੇ ਕਿਤਨੇ ਹਜ਼ਾਰਾਂ ਮੰਦਰ ਢਾਹੇ ਗਏ, ਇਸ ਦਾ ਬਿਊਰਾ ਵੀ ਦਿਲਚਸਪੀ ਤੋਂ ਖਾਲੀ ਨਹੀਂ।

(ੳ) ਦਸੰਬਰ 1661 ਵਿਚ ਮੀਰ ਜੁਮਲਾ ਨੇ ਕੂਚ ਬਿਹਾਰ ਦੇ ਸਭੇ ਹਿੰਦੂ ਮੰਦਰ ਢੁਹਾ ਦਿਤੇ।

(ਅ) 7ਅਪ੍ਰੈਲ 1670 ਨੂੰ ਗਦਾਬੇਗ ਨੂੰ ਚਾਰ ਸੌ ਸਿਪਾਹੀ ਦੇ ਕੇ ਭੇਜਿਆ ਗਿਆ ਕਿ ਉਜੈਨ ਦੇ ਆਲੇ ਦੁਆਲੇ ਦੇ ਮੰਦਰ ਢਾਹ ਦਿਓ। ਦੂਜਿਆਂ ਨੇ ਗਦਾਬੇਗ ਨੂੰ 121 ਸਾਥੀਆਂ ਸਣੇ ਕਤਲ ਕਰ ਦਿਤਾ।

(ੲ) ਮਈ 1679 ਵਿਚ ਖਾਨ ਜਾਨ ਬਹਾਦਰ ਜੋਧਪੁਰ ਦੇ ਸਾਰੇ ਮੰਦਰ ਢਾਹ ਕੇ ਮੁੜਿਆ ਤੇ ਉਹ ਕਈ ਗੱਡੇ ਮੂਰਤੀਆਂ ਦੇ ਨਾਲ ਲਿਆਇਆ। ਸੋਨੇ ਚਾਂਦੀ ਦੇ ਬੁਤ ਰਖ ਲਏ ਗਏ ਤੇ ਬਾਕੀਆਂ ਬਾਰੇ ਹੁਕਮ ਹੋਇਆ ਕਿ ਇਹ ਮਸਜਿਦ ਦੀਆਂ ਪੌੜੀਆਂ ਵਿਚ ਲਵਾ ਦਿਤੇ ਜਾਣ।

(ਸ) 24 ਜਨਵਰੀ 1680 ਨੂੰ ਬਾਦਸ਼ਾਹ ਨੇ ਉਦੈਪੁਰ ਲਾਗੇ ਖੁਦ ਤਿੰਨ ਮੰਦਰ ਢੁਹਾਏ। 29 ਜਨਵਰੀ 1680 ਨੂੰ ਹਸਨ ਅਲੀ ਖਾਂ ਨੇ ਰਿਪੋਟ ਦਿਤੀ ਕਿ ਮੈਂ 172 ਮੰਦਰ ਢਾਹ ਦਿਤੇ ਹਨ।

(ਹ) 22 ਫਰਵਰੀ 1680 ਨੂੰ ਔਰੰਗਾ ਚਿਤੌੜ ਗਿਆ ਤੇ ਉਥੇ ਉਸ ਨੇ 63 ਮੰਦਰ ਖੁਦ ਢੁਹਾਏ।

(ਕ) 10 ਅਗਸਤ 1680 ਨੂੰ ਅਬੂਤਾਲਬ ਅੰਬੇਰ ਤੋਂ ਆਇਆ, ਉਸ ਨੇ ਦਰਬਾਰ ਵਿਚ ਖੁਸ਼ਖਬਰੀ ਸੁਣਾਈ ਕਿ ਮੈਂ ਅੰਬੇਰ ਦੇ 66 ਮੰਦਰ ਢਾਹ ਕੇ ਆਇਆ ਹਾਂ, ਹਾਲਾਂਕਿ ਅੰਬੇਰ, ਬਾਦਸ਼ਾਹ ਦੀ ਵਫ਼ਾਦਾਰ ਰਾਜਪੂਤ ਰਿਆਸਤ ਸੀ।

ਇਸ ਤੋਂ ਬਾਦ ਔਰੰਗਜ਼ੇਬ 1681 ਵਿਚ ਦੱਖਣ ਵਲ ਚਲਿਆ ਗਿਆ ਤੇ ਉਥੇ ਵੀ ਮੰਦਰ ਢਾਹੁਣ ਦੀ ਕਾਰਵਾਈ ਜ਼ੋਰ ਨਾਲ ਚਲਦੀ ਰਹੀ। ਗੋਲਕੰਡਾ,

ਬੀਜਾਪੁਰ, ਹੈਦਰਾਬਾਦ ਲਾਗੇ ਦੇ ਸਾਰੇ ਮੰਦਰ ਮਿਟੀ ਨਾਲ ਮਿਲਾ ਦਿਤੇ ਗਏ । 1 ਜਨਵਰੀ 1705 ਨੂੰ ਬਾਦਸ਼ਾਹ ਨੇ ਹੁਕਮ ਦਿਤਾ ਕਿ ਪੰਡਰਪੁਰ ਦਾ ਮੰਦਰ ਵੀ ਢਾਹ ਕੇ ਆਓ, ਇਸ ਤਰ੍ਹਾਂ ਉਮਰ ਦੇ ਆਖਰੀ ਹਿਸੇ ਤਕ ਉਹ ਇਸ ਕੰਮ ਵਿਚ ਜੁਟਿਆ ਰਿਹਾ । ਇਹ ਵੇਰਵੇ 'ਮੁਆਸਰਿ ਆਲਮਗੀਰੀ' ਦੇ ਕਰਤਾ ਸਾਕੀ ਮੁਸਤਇਦ ਖ਼ਾਂ ਨੇ ਦਿਤੇ ਹਨ ਜੋ ਕਿ ਚਾਲੀ ਸਾਲ ਉਸਦੇ ਦਰਬਾਰ ਵਿਚ ਮੁਲਾਜ਼ਮ ਰਿਹਾ ।

ਅਜੇਹੇ ਜਬਰ ਜ਼ੁਲਮ ਦੀ ਪ੍ਰਤਿਕ੍ਰਿਆ ਵੀ ਹੋਈ ਪਰ ਨਾਂ ਮਾਤਰ, ਜਿਵੇਂ ਕਿ ਮਥਰਾ ਦੇ ਜਾਟ ਉਠੇ, ਉਨ੍ਹਾ ਮਾਰਚ 1670 ਵਿਚ ਸ਼ਾਹੀ ਫੌਜਾਂ ਨਾਲ ਟੱਕਰ ਲਈ, ਇਨ੍ਹਾਂ ਦਾ ਆਗੂ ਗੋਕਲ ਟੋਟੇ ਟੋਟੇ ਕਰ ਦਿਤਾ ਗਿਆ. ਚਾਰ ਹਜ਼ਾਰ ਜਾਟ ਮਰੇ ਤੇ ਸੱਤ ਹਜ਼ਾਰ ਕੈਦ ਕੀਤੇ ਗਏ !

ਮਈ 1672 ਵਿਚ ਸਤਨਾਮੀਆਂ ਨੇ ਚੰਗੀ ਟੱਕਰ ਲਈ । ਰਣੰਦਾਜ਼ ਖਾਂ ਦੀ ਕਮਾਨ ਹੇਠ ਦਸ ਹਜ਼ਾਰ ਫੌਜ ਭੇਜੀ ਗਈ ਤੇ ਦੋ ਹਜ਼ਾਰ ਤੋਂ ਵਧ ਬੇਚਾਰੇ ਸਤਨਾਮੀ ਥਾਂ ਤੇ ਕਤਲ ਕੀਤੇ ਗਏ ।

ਇਸ ਤਰ੍ਹਾਂ ਰਾਇ ਦਾ ਮਤਭੇਦ ਰੱਖਣ ਵਾਲਾ ਕੋਈ ਬਚ ਨਹੀਂ ਸੀ ਸਕਦਾ ਹਰ ਸੂਰਤ ਉਸ ਨੂੰ ਔਰੰਗੇ ਦੀ ਨੰਗੀ ਤਲਵਾਰ ਨਾਲ ਜੂਝਣਾ ਪੈਂਦਾ ਸੀ । ਕਿਤੇ ਕਾਜ਼ੀ ਅਬਦੁਲ ਅਜੀਜ਼ ਨੇ ਆਪਣੀ ਮੋਹਰ ਛੰਦਬਧ ਬਣਾ ਲਈ ਜਦੋਂ ਕਿ ਬਾਦਸ਼ਾਹ, ਸ਼ਾਇਰੀ ਦੇ ਵਿਰੁਧ ਸੀ, ਫੌਰਨ ਔਰੰਗੇ ਨੇ ਉਸ ਨੂੰ ਮੁਅੱਤਲ ਕਰ ਦਿਤਾ। ਦਾਰਾ ਸ਼ਿਕੋਹ ਦਾ ਹਮਦਰਦ ਮੁੱਲਾਂ ਸ਼ਾਹ ਮੁਹੰਮਦ ਲਾਹੌਰੀ, ਮੀਆਂਮੀਰ ਦਾ ਸ਼ਰਧਾਲੂ ਸੀ, ਇਹ ਸ਼ਾਇਰ ਵੀ ਸੀ, ਇਸ ਨੂੰ ਖ਼ਤਮ ਕਰ ਦਿਤਾ ਗਿਆ ।

ਮੁਹੰਮਦ ਸਈਦ ਸਰਮੱਦ, ਯਹੂਦੀ ਵਿਦਵਾਨ ਸੀ, ਮੁਸਲਮਾਨ ਵੀ ਹੋ ਗਿਆ ਪਰ ਦਾਰਾਸ਼ਿਕੋਹ ਦਾ ਸ਼ੁਭਚਿੰਤਕ ਹੋਣ ਨਾਤੇ ਕਤਲ ਕਰ ਦਿਤਾ ਗਿਆ । 3 ਨਵੰਬਰ 1662 ਨੂੰ ਮੁਹੰਮਦ ਤਾਹਰ ਨੂੰ ਸ਼ੀਆ ਹੋਣ ਨਾਤੇ ਕਤਲ ਕੀਤਾ ਗਿਆ । ਸੱਯਦ ਕੁਤਬਦੀਨ ਵਹੁਰਾ, 700 ਮੁਰੀਦਾਂ ਸਮੇਤ ਸ਼ੀਆ ਹੋਣ ਕਰਕੇ ਅਹਿਮਦਾਬਾਦ ਵਿਚ ਕਤਲ ਕਰਾ ਦਿਤਾ ਗਿਆ ਸੀ ।

11 ਨਵੰਬਰ 1675 ਨੂੰ ਗੁਰੂ ਤੇਗ ਬਹਾਦਰ ਸਾਹਿਬ ਨੂੰ ਦਿਲੀ ਸ਼ਹੀਦ ਕਰ ਦਿਤਾ । ਗੱਲ ਕੀ. ਔਰੰਗੇ ਨੇ ਸ਼ਿਵਾ ਜੀ (ਦੇਹਾਂਤ 4 ਅਪ੍ਰੈਲ 1680 ਈ.)ਨਾਲ

ਬੇਈਮਾਨੀ ਕਰਕੇ ਤੇ ਸੰਭਾ ਜੀ (11 ਮਾਰਚ 1689) ਨੂੰ ਕਤਲ ਕਰ ਕੇ ਮਰਾਠਿਆਂ ਨੂੰ ਵੈਰੀ ਬਣਾ ਲਿਆ। ਗੁਰੂ ਸਾਹਿਬਾਨ ਨਾਲ ਅਤਿ ਕਰ ਕੇ ਪੰਜਾਬ ਵਿਚ ਰੋਸ ਜਗਾ ਦਿਤਾ ਤੇ ਸਾਰੇ ਹਿੰਦੁਸਤਾਨ ਵਿਚ ਮੰਦਰ ਢਾਹ ਢਾਹ ਕੇ ਰਾਜਪੂਤਾਂ ਅਤੇ ਹੋਰ ਹਿੰਦੂਆਂ ਨੂੰ ਆਪਣੇ ਦੋਖੀ ਬਣਾ ਲਿਆ।

ਇਸ ਤਰ੍ਹਾਂ ਉਮਰ ਦੇ ਆਖਰੀ ਹਿਸੇ ਵਿਚ ਲਗਾਤਾਰ ਹਾਰਾਂ ਨੇ, ਤੇ ਮਜ਼ਲੂਮਾਂ ਅਨਾਥਾਂ ਦੀਆਂ ਆਹਾਂ ਪੁਕਾਰਾਂ ਨੇ, ਔਰੰਗਜ਼ੇਬ ਦਾ ਲੱਕ ਤੋੜ ਦਿਤਾ ਤੇ ਉਹ ਇਸਲਾਮੀ ਰਾਜ ਦੇ ਸੁਪਨੇ ਲੈਂਦਾ, ਮਿਟੀ ਵਿਚ ਮਿਲ ਗਿਆ। ਉਹ ਆਪਣੀ ਬਦ-ਹਾਲੀ ਦਾ ਚਰਚਾ ਕਰਦਾ ਵੱਡੇ ਸ਼ਹਿਜ਼ਾਦੇ ਦੇ ਨਾਂ ਖ਼ਤ ਲਿਖਦਾ ਕਹਿੰਦਾ ਹੈ :—

'ਮੈਨੂੰ ਆਪਣੀ ਕੁਝ ਖਬਰ ਨਹੀਂ ਕਿ ਕੀ ਹਾਂ ਤੇ ਕਿਧਰ ਜਾ ਰਿਹਾ ਹਾਂ। ਮੇਰੇ ਵਰਗੇ ਗੁਨਾਹਗਾਰ ਉਤੇ ਕੀ ਗੁਜ਼ਰੇਗੀ, ਇਸਦਾ ਵੀ ਪਤਾ ਨਹੀਂ। ਹਾਲ ਦੀ ਘੜੀ ਤਾਂ ਸਭ ਪਾਸਿਓਂ ਛੁੱਟੀ ਲੈ ਰਿਹਾ ਹਾਂ, ਸਭ ਨੂੰ ਖ਼ੁਦਾ ਦੇ ਸਪੁਰਦ ਕਰਦਾ ਹਾਂ।......ਹਾਲਾਤ ਤੋਂ ਇਉਂ ਭਾਸਦਾ ਹੈ ਜਿਵੇਂ ਕੋਈ ਅਜੀਬ ਗੜਬੜ ਮਚਣ ਵਾਲੀ ਹੈ।'

ਸਹਾਇਕ ਪੁਸਤਕਾਂ

1 ਮੁਆਸਰਿ ਆਲਮਗੀਰੀ— ਮੁਹੰਮਦ ਸਾਕੀ ਮੁਸਤਇਦ ਖ਼ਾਂ
2 ਅਹਕਾਮਿ ਆਲਮਗੀਰੀ—ਮਿਰਜ਼ਾ ਇਨਾਯਤੁੱਲਾ ਖ਼ਾਂ ਇਸਮੀ
3 ਮੰਤਖ਼ਿਬੁਲਲੁੱਬਾਬ—ਮੁਹੰਮਦ ਹਾਸ਼ਮ ਖ਼ਾਂ ਖ਼ਾਫ਼ੀ
4 ਅਖ਼ਬਾਰਿ ਦਰਬਾਰਿ ਮੁਅੱਲਾ—ਜੈਪੁਰ ਦਾ ਪੁਰਾਣਾ ਰਿਕਾਰਡ
5 ਹਿਸਟਰੀ ਆਫ ਔਰੰਗਜ਼ੇਬ (ਪੰਜ ਭਾਗ) ਸਰ ਜਦੂਨਾਥ ਸਰਕਾਰ

੪
ਗੁਰੂ ਤੇਗ ਬਹਾਦਰ ਜੀ ਦੀ ਕਹਾਣੀ ਭੱਟਾਂ ਦੀ ਜ਼ਬਾਨੀ

ਗੁਰੂ ਤੇਗ ਬਹਾਦਰ ਜੀ ਬਾਰੇ ਪੰਜ ਛੇ ਭੱਟ ਵਹੀਆਂ ਵਿਚ ਵੱਖ ਵੱਖ ਥਾਵਾਂ ਤੇ ਕੁਝ ਟੂਕਾਂ ਮਿਲਦੀਆਂ ਹਨ ਜਿਨ੍ਹਾਂ ਵਿਚ ਕਿਸੇ ਨਾ ਕਿਸੇ ਵਿਸ਼ੇਸ਼ ਘਟਨਾ ਅਤੇ ਸਮੇਂ ਤੇ ਸਥਾਨ ਦਾ ਸਪਸ਼ਟ ਸੰਕੇਤ ਹੈ। ਇਹ ਸਮੱਗਰੀ ਸਭ ਤੋਂ ਵਧ ਪੁਰਾਤਨ ਹੋਣ ਕਰਕੇ ਸਾਡੀਆਂ ਕਈ ਇਤਿਹਾਸਕ ਗੁੱਥੀਆਂ ਨੂੰ ਸੁਲਝਾਉਣ ਵਾਲੀ ਹੈ। ਪਾਠਕਾਂ ਦੀ ਗਿਆਤ ਲਈ ਅਸੀਂ ਇਹ ਅਸਲ ਟੂਕਾਂ ਇਥੇ ਦੇ ਰਹੇ ਹਾਂ।

(1)

ਗੁਰੂ ਤੇਗ ਬਹਾਦਰ ਜੀ, ਬੇਟਾ ਗੁਰੂ ਹਰਿਗੋਬਿੰਦ ਮਹਲ ਛਟੇ ਕਾ, ਸੰਮਤ ਸਤ੍ਰਾਂ ਸੈ ਤੇਰਾਂ ਅਸਾਢ ਪ੍ਰਵਿਸ਼ਟੇ ਗਿਆਰਸ ਕੋ, ਕੀਰਤਪੁਰ ਪਰਗਣਾ ਕਹਿਲੂਰ ਸੇ ਤੀਰਥ ਜਾਤ੍ਰਾ ਜਾਨੇ ਕੀ ਤਿਆਰੀ ਕੀ। ਗੈਲੋਂ ਮਾਤਾ ਨਾਨਕੀ ਜੀ ਆਈ ਇਸਤ੍ਰੀ ਗੁਰੂ ਹਰਿਗੋਬਿੰਦ ਜੀ ਕੀ, ਮਾਤਾ ਹਰੀ ਜੀ ਆਈ ਇਸਤ੍ਰੀ ਗੁਰੂ ਸੂਰਜ ਮੱਲ ਜੀ ਕੀ, ਮਾਤਾ ਗੁਜਰੀ ਜੀ ਆਈ ਇਸਤ੍ਰੀ ਗੁਰੂ ਤੇਗ ਬਹਾਦਰ ਜੀ ਕੀ, ਕ੍ਰਿਪਾਲ ਚੰਦ ਆਇਆ, ਬੇਟਾ ਲਾਲ ਚੰਦ ਸੁਭਿਖੀ ਕਾ। ਦੀਵਾਨ ਦਰਗਹ ਮੱਲ ਆਇਆ ਬੇਟਾ ਦਵਾਰਕਾ ਦਾਸ ਛਿੱਬਰ ਕਾ, ਸਾਧੂ ਰਾਮ ਆਇਆ ਬੇਟਾ ਧਰਮ ਚੰਦ ਖੋਸਲੇ ਕਾ, ਦੁਰਗਾ ਦਾਸ ਆਇਆ ਬੇਟਾ ਪਦਮ ਰਾਇ ਹਜਾਵਤ ਕਾ, ਦਰੀਆ ਆਇਆ ਬੇਟਾ ਮੂਲ ਚੰਦ ਜਲ੍ਹਾਨੇ ਕਾ, ਦਿਆਲਦਾਸ ਆਇਆ ਬੇਟਾ ਮਾਈਦਾਸ ਜਲ੍ਹਾਨੇ

ਕਾ, ਚਉਪਤਰਾਇ ਆਇਆ ਬੇਟਾ ਪੈਰਾ ਰਾਮ ਛਿਬਰ ਕਾ, ਮਤੀ ਦਾਸ ਆਇਆ ਬੇਟਾ ਹੀਰਾ ਮੱਲ ਛਿੱਬਰ ਕਾ, ਹੋਰ ਸਿਖ ਫਕੀਰ ਆਏ।

[ਭੱਟ ਵਹੀ ਪੂਰਬੀ ਦੱਖਣੀ

(2)

ਗੁਰੂ ਤੇਗ ਬਹਾਦਰ ਜੀ ਬੇਟਾ ਗੁਰੂ ਹਰਿ ਗੋਬਿੰਦ ਜੀ ਮਹਲ ਛਟੇ ਕਾ ਬਨਾਰਸ ਆਏ। ਸੰਮਤ ਸਤ੍ਹਾਂ ਸੈ ਅਠਾਰਾਂ ਅਸਾਢ ਸੁਦੀ ਪੰਚਮੀ ਕੇ, ਗੈਲੋਂ ਨਾਨਕੀ ਜੀ ਆਈ ਮਾਤਾ ਗੁਰੂ ਤੇਗ ਬਹਾਦਰ ਜੀ ਕੀ, ਮਾਤਾ ਹਰੀ ਜੀ ਆਈ ਇਸਤਰੀ ਗੁਰੂ ਸੂਰਜ ਮੱਲ ਜੀ ਕੀ, ਭਾਈ ਕ੍ਰਿਪਾਲ ਚੰਦ ਆਇਆ ਬੇਟਾ ਲਾਲ ਚੰਦ ਸੁਭਿਖੀ ਕਾ. ਮਾਤਾ ਗੁਜਰੀ ਆਈ ਇਸਤ੍ਰੀ ਗੁਰੂ ਤੇਗ ਬਹਾਦਰ ਜੀ ਕੀ। ਬਾਵਾ ਦਿਆਲ ਦਾਸ ਆਇਆ ਬੇਟਾ ਨਾਇਕ ਮਾਈ ਦਾਸ ਪੁਆਰ ਜਲਾਹਨੇ ਕਾ, ਗੁਆਲ ਦਾਸ ਆਇਆ ਬੇਟਾ ਛੁਟੇ ਮੱਲ ਛਿੱਬਰ ਕਾ. ਕ੍ਰਿਪਾ ਰਾਮ ਆਇਆ ਬੇਟਾ ਅੜੂ ਰਾਮ ਦੱਤ ਕਾ, ਚਉਪਤ ਰਾਇ ਆਇਆ ਬੇਟਾ ਪੇਰੇ ਛਿੱਬਰ ਕਾ, ਸੰਗਤੀਆ ਆਇਆ ਬੇਟਾ ਬਿੰਨੇ ਉਪਲ ਕਾ, ਸਾਧੂ ਰਾਮ ਆਇਆ ਬੇਟਾ ਧਰਮ ਚੰਦ ਖੋਸਲੇ ਕਾ, ਸੁਖ ਕੇ ਇਸਨਾਨ। ਗੁਰੂ ਗੁਰੂ ਜਪਣਾ, ਜਨਮ ਸਉਰੇਗਾ।

[ਭੱਟ ਵਹੀ ਪੂਰਬੀ ਦੱਖਣੀ

(3)

ਗੁਰੂ ਗੋਬਿੰਦ ਦਾਸ ਬੇਟਾ ਗੁਰੂ ਤੇਗ ਬਹਾਦਰ ਜੀ ਮਹਲ ਨਾਵਾਂ ਕਾ, ਪੋਤਾ ਗੁਰੂ ਹਰਿਗੋਬਿੰਦ ਜੀ ਕਾ......ਸੂਰਜਬੰਸੀ ਗੋਸਲ ਗੋਤ੍ਰ, ਸੋਢੀ ਖਤ੍ਰੀ, ਬਾਸੀ ਪਟਨੇ ਸ਼ਹਿਰ ਤਟ ਨਦੀ ਜਮਨਾ ਸੰਮਤ ਸਤ੍ਹਾਂ ਸੈ ਅਠਾਰਾਂ, ਪੋਖ ਮਾਸੇ ਸੁਦੀ ਸਪਤਮੀ ਬੁਧਵਾਰ ਕੇ ਦਿਹੁੰ, ਢਲੀ ਰੈਨ ਜਨਮ ਹੂਆ ਦਿਹੁੰ ਚੜ੍ਹੇ, ਮਾਤਾ ਨਾਨਕੀ ਜੀ ਨੇ ਗਰੀਬ-ਗੁਰਬੇ ਕੋ ਦਾਨ ਦੀਆ। ਰੈਣ ਪਈ ਦੀਪਮਾਲਾ ਹੂਈ, ਬੜਾ ਕਤੂਹਲ ਹੂਆ ਕਾਈ ਵਾਰਾਪਾਰ ਨਹੀਂ ਸੀ ਆਇ ਰਹਾ। ਗੁਰੂ ਗੁਰੂ ਜਪਣਾ, ਜਨਮ ਸਉਰੇਗਾ, ਗੁਰੂ ਹਰ ਥਾਇੰ ਸਹਾਈ ਹੋਗੁ।

[ਭੱਟ ਵਹੀ ਪੂਰਬੀ ਦੱਖਣੀ

ਗੁਰੂ ਤੇਗ ਬਹਾਦਰ ਜੀ, ਬੇਟਾ ਗੁਰੂ ਹਰਿਗੋਬਿੰਦ ਜੀ ਮਹਲ ਛਟੇ ਕਾ...... ਗੁਰੂ ਹਰਿ ਰਾਇ ਕੀ ਮਾਤਮੀ ਸੁਣਾਉਣੀ ਸੁਣ, ਪਟਨਾ ਨਗਰੀ ਸੇ ਸੰਮਤ ਸਤ੍ਰਾਂ ਸੈ ਬੀਸ ਚਤੁਰ ਸੁਦੀ ਪੰਚਮੀ ਬੁਧਵਾਰ ਕੇ ਦਿਹੁੰ ਦਿਲੀ ਰਸੀਨਾ ਨਗਰੀ ਰਾਜਾ ਜੈ ਸਿੰਘ ਕੇ ਬੰਗਲੇ ਆਏ। ਮਾਤਾ ਬਸੀ ਇਸਤ੍ਰੀ ਗੁਰਦਿਤਾ ਜੀ ਕੀ, ਮਾਤਾ ਸੁਲੱਖਣੀ ਇਸਤ੍ਰੀ ਗੁਰੂ ਹਰਿ ਰਾਇ ਜੀ ਸੇ ਪਰਚਾਵਣੀ ਕੀ ।

ਤੀਨ ਦਿਵਸ ਰਾਜਾ ਜੈ ਸਿੰਘ ਮਿਰਜ਼ਾ ਕੇ ਬੰਗਲੇ ਟਿਕ, ਮਦਰ ਦੇਸ ਆਏ।

[ਭੱਟ ਵਹੀ ਪੂਰਬੀ ਦੱਖਣੀ

(5)

ਗੁਰੂ ਹਰਿ ਕ੍ਰਿਸ਼ਨ ਜੀ ਮਹਲ ਅੱਠਵਾਂ, ਬੇਟਾ ਗੁਰੂ ਹਰਿਰਾਇ ਜੀ ਕਾ ਸੂਰਜਬੰਸੀ ਗੋਸਲ ਗੋਤ੍ਰ ਸੋਢੀ ਖਤ੍ਰੀ, ਸਾਲ 1721 ਚੇਤ ਮਾਸੇ ਸੁਦੀ ਚੌਦਾਂ ਬੁਧਵਾਰ ਕੇ ਦਿਹੁੰ ਪੰਜ ਪੈਸੇ ਨਲੀਏਰ ਮੰਗਾਏ, ਤਿੰਨ ਵਾਰ ਦਾਈਂ ਭੁਜਾ ਭਵਾਈ । ਧੀਮੀ ਅਵਾਜ਼ ਸੇ ਬਚਨ ਕੀਆ ਕਿ ਮੇਰਾ ਬਾਬਾ ਤੇਗ ਬਹਾਦਰ ਬਕਾਲੇ ਵਾਲਾ ਕੋ ਅਸਾਂ ਕੇ ਪੀਛੇਂ ਗੁਰੂ ਜਾਨਨਾ। ਜੋ ਜਾਨੈਗਾ, ਗੁਰੂ ਤਿਸਕੀ ਬਾਹੁੜੀ ਕਰੈਗਾ। ਆਗੈ ਗੁਰੂ ਕੀ ਗਤਿ ਗੁਰੂ ਜਾਣੇ।

[ਭੱਟ ਵਹੀ ਤਲਉਂਢਾ, ਪਰਗਣਾਂ ਜੀਂਦ

(6)

ਗੁਰੂ ਹਰਿ ਕ੍ਰਿਸ਼ਣ ਜੀ ਮਹਲ ਅੱਠਵਾਂ ਬੇਟਾ ਗੁਰੂ ਹਰਿ ਰਾਇ ਜੀ ਕਾ...... ਸੰਮਤ ਸਤ੍ਰਾਂ ਸੈ ਇਕੀਸ ਚੇਤ ਮਾਸੇ ਸੁਦੀ ਚਉਦਸ, ਬੁਧਵਾਰ ਕੇ ਦਿਹੁੰ ਦੀਵਾਨ ਦਰਗਹ ਮੱਲ ਸੇ ਬਚਨ ਕੀਆ, ਗੁਰਿਆਈ ਕੀ ਸਮੱਗ੍ਰੀ ਲੇ ਆਉ, ਹੁਕਮ ਪਾਇ ਦੀਵਾਨ ਜੀ ਲੇ ਆਏ। ਸਤਿਗੁਰਾਂ ਇਸੇ ਹਾਥ ਛੁਹਾਇ, ਤੀਨ ਦਫਾ ਦਾਈਂ ਭੁਜਾ ਹਿਲਾਇ ਧੀਮੀ ਆਵਾਜ਼ ਸੇ ਕਹਾ—ਇਸੇ ਬਕਾਲਾ ਨਗਰੀ ਮੇਂ ਲੇ ਜਾਨਾ, ਪਾਂਚ ਪੈਸੇ ਨਲੀਏਰ ਬਾਬਾ ਤੇਗ ਬਹਾਦਰ ਆਗੇ ਰਾਖ. ਹਮਾਰੀ ਤਰਫ ਸੇ ਮਸਤਕ ਟੇਕ ਦੇਨਾ।

ਇਸੀ ਦਿਵਸ, ਰਾਤ੍ਰੀ ਕੇ ਸਮੇਂ ਪਰਲੋਕ ਪਿਆਨਾ ਕਰ ਗਏ।

ਗੁਰੂ ਰਾਮਰਾਇ ਦੀਵਾਨ ਦਰਗਾਹ ਮੱਲ, ਭਾਈ ਗੁਰਦਾਸ ਬਹਲੋ ਕਾ, ਭਾਈ ਮਨੀ ਰਾਮ, ਭਾਈ ਗੁਰਬਖਸ਼. ਭਾਈ ਨਾਨੂ ਰਾਮ ਆਦਿ ਮੁਖੀ ਸਿਖਾਂ ਗੁਰੂ ਜੀ ਕੀ ਅਰਥੀ ਉਠਾਇ ਅਗਲੇ ਦਿਵਸ ਨਦੀ ਜਮਨਾ ਕੇ ਕਿਨਾਰੇ, ਗ੍ਰਾਮ ਭੋਂਗਲਪੁਰ ਕੇ ਨਜ਼ਦੀਕ ਜਾਇ, ਦਾਹ ਸੰਸਕਾਰ ਕੀਆ ।

(ਭੱਟ ਵਹੀ ਭਾਦਸੋਂ, ਪਰਗਣਾ ਜੀਂਦ

(7)

ਦੀਵਾਨ ਦਰਗਾਹ ਮੱਲ ਆਇਆ ਬੇਟਾ ਦਵਾਰਕਾ ਦਾਸ ਛਿੱਬਰ ਕਾ, ਮਾਤਾ ਬਸੀ (ਨੇਤੀ) ਜੀ ਆਈ, ਇਸਤ੍ਰੀ ਗੁਰੂ ਗੁਰਦਿਤਾ ਜੀ ਕੀ. ਮਾਤਾ ਸੁਲੱਖਣੀ ਜੀ ਆਈ ਇਸਤ੍ਰੀ ਗੁਰੂ ਹਰਿ ਰਾਇ ਜੀ ਮਹਲ ਸੱਤਵੇਂ ਕੀ, ਚਉਪਤਿ ਰਾਇ ਆਇਆ ਬੇਟਾ ਪੇਰੇ ਛਿੱਬਰ ਕਾ, ਜੇਠਾ ਆਇਆ ਬੇਟਾ ਮਾਈਦਾਸ ਕਾ, ਮਨੀਰਾਮ ਆਇਆ ਬੇਟਾ ਮਾਈ ਦਾਸ ਕਾ, ਜਗਤੂ ਆਇਆ ਬੇਟਾ ਪਦਮਰਾਇ ਹਜਾਵਤ ਕਾ, ਗੁਰਬਖਸ਼ ਆਇਆ ਬੇਟਾ ਬਾਘੇ ਛੀਪੇ ਕਾ, ਨਾਨੂਰਾਇ ਆਇਆ ਬੇਟਾ ਬਾਘੇ ਛੀਪੇ ਕਾ। ਦਿਲੀ ਸੇ ਬਕਾਲਾ ਨਗਰੀ ਆਏ । ਸਾਲ ਸਤ੍ਰਾਂ ਸੈ ਇਕੀਸ ਮਾਹ ਭਾਦਵ ਕੀ ਅਮਾਵਸ ਸ਼ੁਕਰਵਾਰ ਕੇ ਦਿਹੁੰ । ਮਾਤਾ ਬਸੀ ਜੀ ਨੇ ਪਾਂਚ ਪੈਸੇ ਨਲੀਏਰ ਗੁਰੂ ਤੇਗ ਬਹਾਦਰ ਜੀ ਆਗੇ ਰਖ ਮਾਥਾ ਟੇਕਾ । ਗੁਰੂ ਦਵਾਰਕਾ ਦਾਸ ਕਾ ਬੇਟਾ ਗੁਰੂ ਅਰਜਾਨੀ ਸਾਹਿਬ ਜੀ ਕੇ ਬਚਨ ਸੇ ਬਾਬਾ ਬੁੱਢੇ ਕੇ ਗੁਰਦਿਤਾ ਜੀ ਨੇ, ਗੁਰਿਆਈ ਕਾ ਟਿੱਕਾ ਗੁਰੂ ਤੇਗ ਬਹਾਦਰ ਜੀ ਕੇ ਮਸਤਕ ਮੇਂ ਲਾਇਆ ।

[ਭੱਟ ਵਹੀ ਮੁਲਤਾਨੀ ਸਿੰਧੀ

(8)

ਗੁਰੂ ਤੇਗ ਬਹਾਦਰ ਜੀ ਮਹਲ ਨਾਵਾਂ, ਬੇਟਾ ਗੁਰੂ ਹਰਿਗੋਬਿੰਦ ਜੀ ਕਾ ਬਕਾਲਾ ਨਗਰੀ ਸੇ ਕੀਰਤਪੁਰ, ਪਰਗਣਾ ਕਹਲੂਰ ਆਏ. ਸਾਲ ਸਤ੍ਰਾਂ ਸੈ ਇਕੀਸ ਭਾਦਵ ਸੁਦੀ ਦਸਮੀ ਕੇ ਦਿਹੁੰ ਖੇਮਕਰਨ ਧੁੱਸੇ ਖਤ੍ਰੀ ਕੇ ਘਰ ਬੀਬੀ ਰੂਪ ਕੌਰ ਨੋ ਬੁਲਾਵਣ । ਗੈਲ ਦਵਾਰਕਾ ਦਾਸ ਆਇਆ ਬੇਟਾ ਗੁਰੂ ਅਰਜਾਨੀ ਸਾਹਿਬ ਭੱਲੇ ਕਾ, ਦੀਵਾਨ ਦਰਗਹ ਮੱਲ ਆਇਆ ਬੇਟਾ ਦਵਾਰਕਾਦਾਸ ਛਿੱਬਰ ਕਾ, ਗੈਲ ਜਗਤੂ

ਆਇਆ ਬੇਟਾ ਪਦਮ ਰਾਇ ਹਜਾਵਤ ਕਾ, ਆਗੇ ਗੁਰੂ ਆਪ ਭਾਣੇ ਕਾ ਖਾਵਿੰਦ, ਗੁਰੂ ਗੁਰੂ ਜਪਣਾ ਜਨਮ ਸਉਰੈਗਾ।

[ਭੱਟ ਵਹੀ ਮੁਲਤਾਨੀ ਸਿੰਧੀ

(9)

ਸੰਗਤ ਬੇਟਾ ਬਿੰਨੇ ਉਪਲ ਕਾ, ਵਾਸੀ ਅੰਬ ਮਾੜੀ ਪਰਗਣਾ ਮੀਏਂ ਕੇ ਮੌੜ, ਨਾਨੂ ਰਾਮ ਬੇਟਾ ਬਾਘੇ ਛੀਪੇ ਕਾ ਵਾਸੀ ਮਹੱਲਾ ਦਿਲਵਾਲੀ ਸਿਖਾਂ, ਦਿਲੀ, ਜਗਤੂ ਬੇਟਾ ਪਦਮ ਰਾਇ ਹਜਾਵਤ ਕਾ ਵਾਸੀ ਦਬੁਰਜੀ ਉਦੈਕਰਨ ਕੀ ਪਰਗਣਾ ਸੋਧਰਾ; ਦਰੀਆ ਬੇਟਾ ਮੂਲ ਚੰਦ ਜਲਹਾਨੇ ਕਾ ਵਾਸੀ ਅਲੀਪੁਰ ਪਰਗਣਾ ਮੁਲਤਾਨ,—ਗੁਰੂ ਹਰਿ ਕ੍ਰਿਸ਼ਣ ਜੀ ਮਹਲ ਅੱਠਵੇਂ ਕੀ ਭਸਮ ਲੈ ਕੇ ਦਿਲੀ ਸੇ ਕੀਰਤਪੁਰ ਪਰਗਣਾ ਕਹਲੂਰ ਆਏ, ਸਾਲ ਸਤ੍ਰਾਂ ਸੈ ਇਕੀਸ ਭਾਦਵ ਸੁਦੀ ਇਕਾਦਸੀ ਕੋ ਭਸਮ, ਸਤਲੁਦਰ ਨਦੀ ਮੇਂ ਪ੍ਰਵਾਹੀ।

[ਭੱਟ ਵਹੀ ਮੁਲਤਾਨੀ ਸਿੰਧੀ

(10)

ਗੁਰੂ ਤੇਗ ਬਹਾਦਰ ਜੀ ਮਹਲ ਨਾਵਾਂ ਬੇਟਾ ਗੁਰੂ ਹਰਿ ਗੋਬਿੰਦ ਜੀ ਕਾ... ਵਾਸੀ ਕੀਰਤਪੁਰ, ਰਾਜ ਕਹਲੂਰ ਸਾਲ ਸਤ੍ਰਾਂ ਸੈ ਇਕੀਸ ਮਗਸਰ ਕੀ ਪੂਰਣਮਾ ਕੇ ਦਿਹੁੰ ਗੁਰੂ ਚੱਕ ਪਰਗਣਾ ਨਿਝਰਿਆਲਾ ਆਏ, ਗੈਲੋਂ ਗੁਰੂ ਦਵਾਰਕਾ ਦਾਸ ਬੇਟਾ ਗੁਰੂ ਅਰਜਾਨੀ ਸਾਹਿਬ ਕਾ, ਦੀਵਾਨ ਦਰਗਹ ਮੱਲ ਬੇਟਾ ਦਵਾਰਕਾ ਦਾਸ ਛਿੱਬਰ ਕਾ, ਮੱਖਣ ਸ਼ਾਹ ਬੇਟਾ ਦਾਸੇਸ਼ਾਹ ਕਾ ਪੋਲੀਆ ਵਣਜਾਰਾ, ਹੋਰ ਸਿਖ ਫਕੀਰ ਆਏ।

ਗੁਰੂ ਜੀ ਨੇ ਸ੍ਰੀ ਦਰਬਾਰ ਹਰਿਮੰਦਰ ਜੀ ਕਾ ਦਰਸ਼ਨ ਪਾਂਇ ਦਰਸ਼ਨੀ ਡਿਉਢੀ ਕੇ ਆਗੇ ਏਕ ਉਚੇ ਚਬੂਤਰੇ ਤੇ ਆਸ ਲਾਇਆ। ਸਤਿਗੁਰਾਂ ਕਾ ਆਨਾ ਸੁਣ ਗੁਰੂ ਹਰਿ ਜੀ ਬੇਟਾ ਗੁਰੂ ਮਨੋਹਰ ਦਾਸ ਕਾ. ਪੋਤਾ ਗੁਰੂ ਪ੍ਰਿਥੀ ਚੰਦ ਕਾ, ਬੇਟੇ ਕਵਲ ਨੈਨ ਕੋ ਗੈਲ ਲੇ ਦਰਸ਼ਨ ਪਾਨੇ ਆਇਆ। ਪਰਸਪਰ ਚਰਨ ਬੰਦਨਾ ਹੂਈ। ਗੁਰੂ ਜੀ ਏਕ ਦਿਹੁੰ 'ਗੁਰੂ ਚੱਕ' ਮੇਂ ਨਿਵਾਸ ਕਰਿ ਗ੍ਰਾਮ ਵੱਲੇ ਵੇਰਕੇ ਆਏ।

[ਭੱਟ ਵਹੀ ਮੁਲਤਾਨੀ ਸਿੰਧੀ

(11)

ਗੁਰੂ ਤੇਗ ਬਹਾਦਰ ਜੀ ਮਹਲ ਨਾਵਾਂ ਬੇਟਾ ਗੁਰੂ ਹਰਿ ਗੋਬਿੰਦ ਜੀ ਕਾ... ਵਾਸੀ ਕੀਰਤਪੁਰ ਪਰਗਣਾ ਕਹਿਲੂਰ ਬਿਲਾਸਪੁਰ ਆਏ, ਰਾਣੀ ਚੰਪਾ ਕੇ ਬੁਲਾਵੇ ਤੇ ਰਾਜਾ ਦੀਪਚੰਦ ਬੇਟਾ ਰਾਜਾ ਤਾਰਾ ਚੰਦ ਕੀ ਸਤਾਰਮੀ ਤੇ. ਸਾਲ ਸਤ੍ਰਾਂ ਸੈ ਬਾਈਸ ਜੇਠ ਪ੍ਰਵਿਸ਼ਠੇ ਪੰਦ੍ਰਸ ਮੰਗਲਵਾਰ ਕੇ ਦਿਹੁੰ। ਗੈਲੋਂ ਮਾਤਾ ਨਾਨਕੀ ਜੀ ਆਏ ਮਾਤਾ ਗੁਰੂ ਤੇਗ ਬਹਾਦਰ ਜੀ ਕੀ, ਮਾਤਾ ਹਰੀ ਜੀ ਆਏ ਇਸਤ੍ਰੀ ਗੁਰੂ ਸੂਰਜ ਮੱਲ ਜੀ ਕੀ, ਮਾਤਾ ਸੁਲੱਖਣੀ ਜੀ ਆਏ ਇਸਤ੍ਰੀ ਗੁਰੂ ਹਰਿ ਰਾਇ ਜੀ ਕੀ, ਰੂਪ ਕੁਇਰ ਜੀ ਆਏ ਬੇਟੀ ਗੁਰੂ ਹਰਿ ਰਾਇ ਜੀ ਕੀ, ਸ੍ਰੀ ਦੀਪ ਚੰਦ, ਨੰਦ ਚੰਦ ਆਏ ਬੇਟੇ ਗੁਰੂ ਸੂਰਜ ਮੱਲ ਜੀ ਕੇ, ਦਰਗਾਹ ਮੱਲ ਆਇਆ ਬੇਟਾ ਦਵਾਰਕਾ ਦਾਸ ਛਿੱਬਰ ਕਾ, ਜੇਠਾ, ਦਿਆਲ ਦਾਸ ਆਏ ਬੇਟੇ ਮਾਈ ਦਾਸ ਜਲਹਾਨੇ ਕੇ, ਦੁਰਗਾ ਦਾਸ ਆਇਆ ਬੇਟਾ ਪਦਮ ਰਾਇ ਹਜਾਵਤ ਕਾ, ਦਰੀਆ ਆਇਆ ਬੇਟਾ ਮੂਲ ਚੰਦ ਜਲਹਾਨੇ ਕਾ, ਹੋਰ ਸਿਖ ਫਕੀਰ ਆਏ।

ਰਾਣੀ ਚੰਪਾ ਨੇ ਗੁਰੂ ਜੀ ਕੇ ਆਏ ਕਾ ਬਡਾ ਆਉ ਭਗਤ ਕੀਆ। ਨਵਾਂ ਗਾਮ ਬਸਾਨੇ ਕੇ ਲੀਏ ਲੋਧੀਪੁਰ, ਮੀਆਂਪੁਰ, ਸਹੋਟੇ ਗਾਉਂ ਕੀ ਭੋਇੰ ਭੇਟ ਕੀ। ਤੀਨ ਦਿਵਸ ਗੁਰੂ ਜੀ ਰਾਣੀ ਚੰਪਾ ਕੇ ਗ੍ਰਿਹ ਮੇਂ ਨਿਵਾਸ ਕਰਕੇ ਨਗਰੀ ਕੀਰਤਪੁਰ ਆਏ।

[ਭੱਟ ਵਹੀ ਮੁਲਤਾਨੀ ਸਿੰਧੀ

(12)

ਗੁਰੂ ਤੇਗ ਬਹਾਦਰ ਜੀ ਮਹਲ ਨਾਵਾਂ, ਬੇਟਾ ਗੁਰੂ ਹਰਿਗੋਬਿੰਦ ਜੀ ਕਾ ਵਾਸੀ ਕੀਰਤਪੁਰ, ਰਾਜ ਕਹਿਲੂਰ ਸਾਲ ਸਤ੍ਰਾਂ ਸੈ ਬਾਈਸ, ਅਸਾੜ ਪ੍ਰਵਿਸ਼ਠੇ ਇਕੀਸ, ਸੋਮਵਾਰ ਕੇ ਦਿਹੁੰ ਨੈਣਾ ਦੇਵੀ ਕੇ ਨੀਚੇ ਮਾਖੋਵਾਲ ਗਾਮ ਕੇ ਥੇਹ ਤੇ, ਬਾਬਾ ਬੁੱਢਾ ਜੀ ਕੀ ਬੰਸ ਕੇ ਬਾਬਾ ਗੁਰਦਿਤਾ ਜੀ ਰੰਧਾਵਾ ਜੀ ਕੇ ਹਾਥ ਸੇ, ਨਏ ਗਾਮ ਕੀ ਮੋੜ੍ਹੀ ਗਾਡੀ। ਨਾਉਂ 'ਚੱਕ ਨਾਨਕੀ' ਰਾਖਾ। ਗੁਰੂ ਕੀ ਕੜਾਹੀ ਕੀ।

[ਭੱਟ ਵਹੀ ਤਲਉਂਢਾ, ਪਰਗਣਾ ਜੀਂਦ

(13)

ਗੁਰੂ ਤੇਗ ਬਹਾਦਰ ਜੀ ਮਹਲ ਨਾਂਵੇ ਕੋ ਨਗਰ ਧਮਧਾਣ ਪਰਗਣਾ ਬਾਂਗਰ ਸੇ ਆਲਮ ਖਾਨ ਰੁਹੇਲਾ* ਸ਼ਾਹੀ ਹੁਕਮ ਗੈਲ ਦਿਲੀ ਕੋ ਲੇ ਕਰ ਆਇਆ, ਸਾਲ ਸਤ੍ਰਾਂ ਸ਼ੈ ਬਾਈਸ ਕਾਤਕ ਸੁਦੀ ਗਿਆਰਸ ਕੋ, ਬੁਧਵਾਰ ਕੈ ਦਿਹੁੰ, ਸਾਥ ਮਤੀਦਾਸ, ਸਤੀ ਦਾਸ ਬੇਟੇ ਹੀਰਾ ਮੱਲ ਛਿੱਬਰ ਕੇ, ਗੁਆਲ ਦਾਸ ਬੇਟਾ ਛੁੱਟੇ ਮੱਲ ਕਾ ਛਿੱਬਰ, ਗੁਰਦਾਸ ਬੇਟਾ ਕੀਰਤ ਬਫ਼ਤੀਏਂ ਕਾ, ਸੰਗਤ ਬੇਟਾ ਬਿੰਨੇ ਉਪਲ ਕਾ, ਜੇਠਾ, ਦਿਆਲਦਾਸ ਬੇਟੇ ਮਾਈਦਾਸ਼ ਕੇ ਜਲਹਾਨੇ ਬਲਉਂਤ, ਹੋਰ ਸਿਖ ਫਕੀਰ ਆਏ ।

[ਭੱਟ ਵਹੀ ਜਾਦੋਬੰਸੀਆਂ ਕੀ

(14)

ਗੁਰੂ ਤੇਗ ਬਹਾਦਰ ਜੀ ਮਹਲ ਨਾਵਾਂ.....ਕੋ, ਬਾਦਸ਼ਾਹ ਔਰੰਗਜੇਬ ਨੇ ਕੰਵਰ ਰਾਮ ਸਿੰਘ ਕਛਵਾਹਾ ਬੇਟਾ ਰਾਜਾ ਜੈ ਸਿੰਘ ਮਿਰਜ਼ਾ ਕੀ ਮਿਸਲ ਮੇਂ ਨਜ਼ਰਬੰਦ ਕੀਆ ਜਾਨੇ ਕਾ ਹੁਕਮ ਦੀਆ, ਦੋ ਮਾਸ ਤੀਨ ਦਿਹੁੰ ਗੁਰੂ ਜੀ ਬੰਦੀਖਾਨੇ ਬੰਦ ਰਹੇ . 'ਸੰਮਤ ਸਤ੍ਰਾਂ ਸੈ ਬਾਈਸ ਕ੍ਰਿਸ਼ਣਾ ਪੱਖੇ ਪੋਖ ਮਾਸ ਕੀ ਏਕਮ ਕੋ, ਬੰਧਨ ਮੁਕਤ ਹੂਏ ।

[ਭੱਟ ਵਹੀ ਜਾਦੋਬੰਸੀਆਂ ਕੀ

(15)

ਗੁਰੂ ਤੇਗ ਬਹਾਦਰ ਜੀ ਮਹਲ ਨਾਵਾਂ ਬੇਟਾ ਗੁਰੂ ਹਰਿਗੋਬਿੰਦ ਜੀ ਕਾ, ਸੰਮਤ ਸਤ੍ਰਾਂ ਸੈ ਬਾਈਸ ਕ੍ਰਿਸ਼ਣਾ ਪੱਖੇ ਪੋਖ ਮਾਸ ਕੀ ਏਕਮ ਕੇ ਦਿਹੁੰ, ਦੋ ਮਾਸ ਤੀਨ ਦਿਵਸ ਨਜ਼ਰਬੰਦੀ ਸੇ ਮੁਕਤ ਹੋਇਕੇ ਰਸੀਨਾ ਨਗਰੀ ਰਾਣੀ ਪੁਸ਼ਪਾਦੇਈ ਕੇ ਗ੍ਰਿਹ ਮੇਂ ਆਏ । ਤੀਨ ਦਿਹੁੰ ਨਿਵਾਸ ਕਰ ਕੇ ਪਟਨਾ ਨਗਰੀ ਜਾਨੇ ਕੀ ਤਿਆਰੀ ਕੀ ।

[ਭੱਟ ਵਹੀ ਪੂਰਬੀ ਦੱਖਣੀ

(16)

ਗੁਰੂ ਤੇਗ ਬਹਾਦਰ ਜੀ ਮਹਲ ਨਾਵਾਂ—

ਅਸਾਮ-ਪਤੀ ਰਾਜਾ ਸੁੱਗਦੇਵ, ਅੰਬੇਰਪਤਿ ਰਾਜਾ ਰਾਮ ਸਿੰਘ ਸੇ ਬਿਦਾਇਗੀ

---

*ਅਸਾਮੀ ਬੁਰੰਜੀ ਵਾਲਾ ਇਸੇ ਨੂੰ ਅਲੋ ਖ਼ਾਂ ਲਿਖਦਾ ਹੈ ।

ਲਈ, ਦਿਲੀ ਭਾਈ ਕਲਿਆਣੇ ਕੀ ਧਰਮਸ਼ਾਲਾ ਮੇਂ ਆਇ ਨਿਵਾਸ ਕੀਆ। ਗੈਲ ਦੀਵਾਨ ਦਰਗਹ ਮੱਲ ਛਿੱਬਰ, ਨਵਾਬ ਸੈਫ ਖ਼ਾਨ ਆਏ, ਸਾਲ ਸਤ੍ਰਾਂ ਸੈ ਸਤਾਈਸ ਅਸਾੜ੍ਹ ਮਾਸ ਕੀ ਬਾਈਸ ਕੋ, ਦੋ ਮਾਸ ਤੇਰਾਂ ਦਿਹੁੰ ਦਿਲੀ ਮੇਂ ਬਿਰਾਜੇ ਗੁਰੂ ਜੀ ਸ਼ਾਹੀ ਨਜ਼ਰਬੰਦੀ ਸੇ ਮੁਕਤ ਹੂਏ। ਰਾਜਾ ਰਾਮ ਸਿੰਘ ਕੀ ਮਾਤਾ ਪੁਸ਼ਪਾ ਦੇਵੀ ਸੇ ਵਿਦਾਇਗੀ ਲਈ, ਮਦ੍ਰ ਦੇਸ ਆਏ।

[ਭੱਟ ਵਹੀ ਤਲਉਂਢਾ, ਪਰਗਣਾ ਜੀਂਦ

(17)

ਗੁਰੂ ਤੇਗ ਬਹਾਦਰ ਜੀ ਮਹਲ ਨਾਵਾਂ ਬੇਟਾ ਗੁਰੂ ਹਰਿਗੋਬਿੰਦ ਜੀ ਕਾ, ਸੰਮਤ ਸਤ੍ਰਾਂ ਸੈ ਸਤਾਈ ਭਾਦਵ ਮਾਸੇ ਸ਼ੁਕਲਾ ਪੱਖੇ ਥਿਤ ਅਸਟਮੀ ਕੇ ਦਿਹੁੰ, ਅਸਾਮ ਦੇਸ ਸੇ ਦਿੱਲੀ ਭਾਈ ਕਲਿਆਣੇ ਕੀ ਧਰਮਸ਼ਾਲਾ ਆਏ ।........ਗੈਲੋਂ ਦੀਵਾਨ ਦਰਗਹ ਮੱਲ ਆਇਆ ਬੇਟਾ ਦਵਾਰਕਾ ਦਾਸ ਕਾ, ਭਾਈ ਮਤੀਦਾਸ, ਸਤੀਦਾਸ ਆਏ ਬੇਟੇ ਹੀਰਾ ਮੱਲ ਛਿੱਬਰ ਕੇ, ਭਾਈ ਜੇਠਾ ਆਇਆ ਬੇਟਾ ਮਾਈ ਦਾਸ ਜਲਹਾਨੇ ਕਾ, ਭਾਈ ਦੁਰਗਾ ਦਾਸ ਆਇਆ ਬੇਟਾ ਪਦਮ ਰਾਇ ਅੰਬਿਆਨੇ ਕਾ, ਨਵਾਬ ਸੈਫ ਖ਼ਾਨ ਆਇਆ ।......ਗੁਰੂ ਜੀ ਕਾ ਆਨਾ ਸੁਨ ਸਿਖ ਸੰਗਤਾਂ ਹੁਮ ਹੁਮਾ ਕੇ ਦਰਸ਼ਨ ਪਾਨੇ ਆਈਆਂ। [ਭੱਟ ਵਹੀ ਪੂਰਬੀ ਦੱਖਣੀ

(18)

ਗੁਰੂ ਗੋਬਿੰਦ ਦਾਸ ਜੀ, ਬੇਟਾ ਗੁਰੂ ਤੇਗ ਬਹਾਦਰ ਜੀ ਮਹਲ ਨਾਂਵਾਂ ਕਾ ਲਖਨੌਰ ਆਏ, ਪਰਗਣਾ ਅੰਬਾਲਾ ਸੰਮਤ 1727 ਅਸੂ 9 ਸ਼ੁਕਲਾ ਪੱਖੇ। ਗੈਲ ਮਾਤਾ ਗੁਜਰੀ ਜੀ ਆਏ ਮਹਲ ਗੁਰੂ ਤੇਗ ਬਹਾਦਰ ਜੀ ਕੇ, ਕ੍ਰਿਪਾਲ ਚੰਦ ਆਇਆ ਬੇਟਾ ਲਾਲ ਚੰਦ ਸੁਭਿਖੀ ਕਾ, ਸਾਧੂ ਰਾਮ ਆਇਆ ਬੇਟਾ ਧਰਮੇ ਖੋਸਲੇ ਕਾ, ਚਉਪਤਿ ਰਾਇ ਆਇਆ ਬੇਟਾ ਪੇਰੇ ਛਿਬਰ ਕਾ, ਗਵਾਲਦਾਸ ਆਇਆ ਬੇਟਾ ਛੁੱਟੇ ਮੱਲ ਛਿੱਬਰ ਕਾ। ਦਸਵੀਂ ਕੇ ਦਿਹੁੰ ਗੁਰੂ ਗੋਬਿੰਦ ਦਾਸ ਜੀ ਮੰਜੀ ਤੇ ਬੈਠਾ, ਮਾਮੂ ਮਿਹਰ ਚੰਦ ਸੁਭਿਖੀ ਬੇਟਾ ਲਾਲ ਚੰਦ ਕਾ, ਨੇ ਸਿਰ ਵਾਰਨਾ ਕੀਆ, ਜ਼ਮੁਰਦੀ ਰੰਗ ਕੀ ਪੱਗ ਬੰਧਾਈ, ਗੁਰੂ ਕੀ ਕੜਾਹੀ ਕੀ।

[ਭੱਟ ਵਹੀ ਮੁਲਤਾਨੀ ਸਿੰਧੀ

(19)

ਭਾਈ ਕ੍ਰਿਪਾ ਰਾਮ ਬੇਟਾ ਅੜੂ ਰਾਮ ਕਾ, ਪੋਤਾ ਨਰੈਣ ਦਾਸ ਕਾ, ਪੜਪੋਤਾ ਬ੍ਰਹਮ ਦਾਸ ਕਾ, ਬੰਸ ਠਾਕਰਦਾਸ ਕੀ, ਦੱਤ ਗੋਤ੍ਰ ਬਾਹਮਣ, ਵਾਸੀ ਮਟਨ, ਦੇਸ ਕਸ਼ਮੀਰ, ਸੰਮਤ ਸਤ੍ਰਾਂ ਸੈ ਬਤੀਸ ਜੇਠ ਮਾਸੇ ਸੁਦੀ ਇਕਾਦਸੀ ਕੇ ਦਿਹੁੰ ਖੋੜਸ ਬ੍ਰਾਹਮਣੋਂ ਕੇ ਗੈਲ 'ਚੱਕ ਨਾਨਕੀ' ਪਰਗਣਾ ਕਹਲੂਰ, ਗੁਰੂ ਤੇਗ ਬਹਾਦਰ ਜੀ ਮਹੱਲ ਨਾਵਾਂ ਕੇ ਦਰਬਾਰ ਆਇ ਫਰਿਆਦੀ ਹੂਆ। ਗੁਰੂ ਜੀ ਨੇ ਇਨ੍ਹੇ ਧੀਰਜ ਦਈ। ਬਚਨ ਹੋਆ—'ਤੁਸਾਂ ਕੀ ਰੱਖਿਆ ਬਾਬਾ ਨਾਨਕ ਕਰੇਗਾ।'

[ਭੱਟ ਵਹੀ ਮੁਲਤਾਨੀ ਸਿੰਧੀ

(20)

ਗੁਰੂ ਤੇਗ ਬਹਾਦਰ ਮਹਲ ਨਾਵਾਂ, ਬੇਟਾ ਗੁਰੂ ਹਰਿ ਗੋਬਿੰਦ ਜੀ ਕਾ...... ਸੰਮਤ ਸਤ੍ਰਾਂ ਸੈ ਬਤੀਸ ਸਾਵਣ ਪ੍ਰਵਿਸ਼ਠੇ ਅੱਠ ਕੇ ਦਿਹੁੰ ਪਾਂਚ ਪੈਸੇ ਏਕ ਨਲੀਏਰ ਗੁਰੂ ਗੋਬਿੰਦ ਦਾਸ ਆਗੇ ਰਾਖ ਮਾਥਾ ਟੇਕਾ। ਬਾਬਾ ਬੁੱਢੇ ਕੇ ਗੁਰਦਿਤਾ ਜੀ ਰੰਧਾਵਾ ਨੇ ਗੁਰੂ ਜੀ ਕੇ ਮਸਤਕ ਬੀਚ ਟਿੱਕਾ ਲਾਇਆ। ਸਰਬ ਸੰਗਤ ਨੇ ਗੁਰੂ ਗੋਬਿੰਦ ਦਾਸ ਜੀ ਆਗੇ ਮਾਥਾ ਟੇਕਾ। [ਭੱਟ ਵਹੀ ਮੁਲਤਾਨੀ ਸਿੰਧੀ

(21)

ਗੁਰੂ ਤੇਗ ਬਹਾਦਰ ਜੀ ਮਹਲ ਨਾਵਾਂ ਕੋ, ਨੂਰ ਮੁਹੰਮਦ ਖ਼ਾਨ ਮਿਰਜ਼ਾ ਚੌਂਕੀ ਰੋਪੜ ਵਾਲੇ ਨੇ, ਸਾਲ ਸਤ੍ਰਾਂ ਸੈ ਬਤੀਸ, ਸਾਵਣ ਪ੍ਰਵਿਸ਼ਠੇ ਬਾਰਾਂ ਕੇ ਦਿਹੁੰ ਗਾਉਂ ਮਲਕਪੁਰ ਰੰਘੜਾਂ, ਪਰਗਣਾ ਘਨੌਲਾ ਸੇ ਪਕੜ ਕੇ ਸਰਹੰਦ ਪਹੁੰਚਾਇਆ। ਗੈਲੋਂ ਦੀਵਾਨ ਮਤੀ ਦਾਸ, ਸਤੀ ਦਾਸ ਬੇਟੇ ਹੀਰਾ ਮੱਲ ਛਿਬਰ ਕੇ, ਗੈਲ ਦਿਆਲ ਦਾਸ ਬੇਟਾ ਮਾਈ ਦਾਸ ਬਲਉਂਤ ਕਾ, ਪਕੜਿਆ ਆਇਆ। ਗੁਰੂ ਜੀ ਚਾਰ ਮਾਸ ਬਸੀ ਪਠਾਣਾਂ ਕੇ ਬੰਦੀਖਾਨੇ ਬੰਦ ਰਹੇ। ਅੱਠ ਦਿਵਸ ਦਿਲੀ ਕੁਤਵਾਲੀ ਮੇਂ ਬੰਦ ਰਹੇ। [ਭੱਟ ਵਹੀ ਪੂਰਬੀ ਦੱਖਣੀ

(22)

ਗੁਰੂ ਤੇਗ ਬਹਾਦਰ ਜੀ ਮਹਲ ਨਾਵਾਂ ਬੇਟਾ ਗੁਰੂ ਹਰਿਗੋਬਿੰਦ ਜੀ ਕਾ......

ਸੰਮਤ ਸਤ੍ਰਾਂ ਸੈ ਬਤੀਸ ਮਗਸਰ ਵਦੀ ਤਰੌਦਸੀ ਵੀਰਵਾਰ ਕੇ ਦਿਹੁੰ, ਤੀਜੇ ਪਹਰ ਤੁਰਕ ਹਿਰਾਸਤ ਮੇਂ, ਬਸੀ ਪਠਾਣਾਂ ਸੇ ਚਲ ਕਰ ਦਿਲੀ ਜਾਇ ਪਹੁੰਚੇ। ਸੂਬਾ ਦਿਲੀ ਨੇ ਇਨ੍ਹੇ ਕੁਤਵਾਲੀ ਮੇਂ ਬੰਦ ਕਰਨੇ ਕਾ ਹੁਕਮ ਦੀਆ। ਗੈਲੋਂ ਇਨ ਕੇ ਦਿਆਲਦਾਸ ਬੇਟਾ ਮਾਈ ਦਾਸ ਕਾ, ਮਤੀ ਦਾਸ, ਸਤੀਦਾਸ ਬੇਟੇ ਹੀਰਾ ਮੱਲ ਕੇ ਕੋਤਵਾਲੀ ਮੇਂ ਨਜ਼ਰਬੰਦ ਕੀਤੇ ਗਏ। ਗੁਰੂ ਜੀ ਨੇ ਭਾਣੇ ਕੋ ਮਾਨਾ।

[ਭੱਟ ਵਹੀ ਤਲਉਂਢਾ ਪਰਗਣਾ ਜੀਂਦ

(23)

ਦਿਆਲਦਾਸ ਬੇਟਾ ਮਾਈ ਦਾਸ ਕਾ ਪੋਤਾ ਬੱਲੂਰਾਉ ਕਾ, ਪੜਪੋਤਾ ਮੂਲ ਚੰਦ ਕਾ, ਬੰਸ ਬੀਂਝੇ ਚੰਦ੍ਰਬੰਸੀ ਭਾਰਦੁਆਜੀ ਗੋਤਰ ਪੁਆਰ ... ਗੁਰੂ ਤੇਗ ਬਹਾਦਰ ਗੈਲੋਂ ਸਾਲ ਸਤ੍ਰਾਂ ਸੈ ਬਤੀਸ ਮਗਸਰ ਸੁਦੀ ਪੰਚਮੀ, ਵੀਰਵਾਰ ਕੇ ਦਿਹੁੰ ਦਿਲੀ ਚਾਂਦਨੀ ਚਉਂਕ ਕੇ ਮਲਹਾਨ, ਸ਼ਾਹੀ ਹੁਕਮ ਗੈਲ ਮਾਰਾ ਗਯਾ। ਸਾਥ ਮਤੀਦਾਸ, ਸਤੀਦਾਸ ਬੇਟੇ ਹੀਰਾ ਮੱਲ ਕੇ, ਪੋਤੇ ਦਵਾਰਕਾ ਦਾਸ ਭਾਰਗਵ ਕੇ ਗੈਲੋਂ, ਛਿੱਬਰ ਬ੍ਰਾਹਮਣ ਮਾਰੇ ਗਏ।

[ਭੱਟ ਵਹੀ ਤਲਉਂਢਾ, ਪਰਗਣਾ ਜੀਂਦ

(24)

ਗੁਰੂ ਤੇਗ ਬਹਾਦਰ ਜੀ ਮਹਲ ਨਾਵਾਂ, ਬੇਟਾ ਗੁਰੂ ਹਰਿਗੋਬਿੰਦ ਜੀ ਕਾ... ਤੀਨ ਦਿਵਸ ਸ਼ਾਹੀ ਕਾਜ਼ੀ ਕੇ ਹੁਕਮ ਗੈਲ ਕੋਤਵਾਲ ਦਿਲੀ ਨੇ, ਗੁਰੂ ਜੀ ਕੋ ਘਨਾ ਕਸ਼ਟ ਦੀਆ ਜੋ ਕਥਨ ਸੇ ਬਾਹਰ ਹੈ। ਸੰਮਤ ਸਤ੍ਰਾਂ ਸੈ ਬਤੀਸ ਮਗਸਰ ਸੁਦੀ ਪੰਚਮੀ ਤੀਜੇ ਪਹਰ ਵੀਰਵਾਰ ਕੇ ਦਿਹੁੰ, ਤੀਨ ਸਿਖੋਂ ਕੀ ਸ਼ਹਾਦਤ ਕੇ ਬਾਦ, ਗੁਰੂ ਜੀ ਕੋ ਬਰੋਟੇ ਕੇ ਗੈਲ ਚਾਂਦਨੀ ਚਉਂਕ ਮੇਂ ਲਾਇ ਬਿਠਾਇਆ। ਸ਼ਾਹੀ ਕਾਜ਼ੀ ਫਿਰ ਬੋਲਾ, 'ਯਹ ਆਪ ਕੇ ਲੀਏ ਆਖਰੀ ਸਮਾ ਹੈ—ਯਾ ਅਜ਼ਮਤ ਯਾ ਇਸਲਾਮ ਕਬੂਲ ਲੈਂ; ਵਰਨਾ ਮਰਨੇ ਕੇ ਲੀਏ ਤਿਆਰੀ ਕਰੀਏ।' ਗੁਰੂ ਜੀ ਨੇ ਚੁਪ ਸਾਧ ਲੀ। ਕੋਤਵਾਲ ਨੇ ਜਲਾਲੁੱਦੀਨ ਜੱਲਾਦ ਕੀ ਤਰਫ ਦੇਖਾ; ਉਸ ਨੇ ਤਲਵਾਰ ਸੇ; ਸਿਰ ਧੜ ਸੇ ਜੁਦਾ ਕਰ ਦੀਆ।

[ਭੱਟ ਵਹੀ ਤਲਉਂਢਾ; ਪਰਗਣਾ ਜੀਂਦ

(25)

ਲਖੀਆ ਬੇਟਾ ਗੋਧੂ ਕਾ, ਨਗਾਹੀਆ, ਹੇਮਾ, ਹਾੜੀ—ਬੇਟੇ ਲਖੀਏ ਕੇ ਬੜ੍ਹਤੀਏ ਕਨਾਉਂਤ, ਨਾਇਕ ਧੂਮਾ ਬੇਟਾ ਕਾਨ੍ਹੇ ਕਾ ਬਿਜਲਉਂਤ, ਗੁਰੂ ਤੇਗ ਬਹਾਦਰ ਜੀ ਮਹਲ ਨਾਂਵੇਂ ਕੀ ਲੋਥ ਉਠਾਇ ਲਾਏ। ਸਾਲ ਸਤ੍ਰਾਂ ਸੈ ਬਤੀਸ, ਮਗਸਰ ਸੁਦੀ ਛਠ ਸ਼ੁਕਰਵਾਰ ਕੋ ਦਾਗ ਦੀਆ. ਆਧ ਘੜੀ ਰਾਤ ਗਈ।

[ਭੱਟ ਵਹੀ ਜਾਦੋਬੰਸੀਆਂ ਕੀ

(26)

ਜੈਤਾ ਬੇਟਾ ਆਗਿਆ ਰਾਮ ਕਾ, ਨਾਨੂ ਬੇਟਾ ਬਾਘੇ ਕਾ, ਉਦਾ ਬੇਟਾ ਖੇਮੇ ਕਾ, ਪੋਤਾ ਧਰਮੇ ਕਾ, ਗੁਰੂ ਕਾ ਸੀਸ ਪਾਇ, ਕੀਰਤਪੁਰ ਪਰਗਣਾ ਕਹਲੂਰ ਆਏ। ਸਾਲ ਸਤ੍ਰਾਂ ਸੈ ਬਤੀਸ, ਮੰਗਸਰ ਸੁਦੀ ਦਸਵੀਂ ਕੇ ਦਿਨ, ਗਿਆਰਸ ਕੋ ਦਾਗ ਦੀਆ ਮਾਖੋਆਲ ਮੇਂ। ਆਗੇ ਗੁਰੂ ਕੀ ਗਤਿ ਗੁਰੂ ਜਾਣੇ, ਗੁਰੂ ਆਪ ਭਾਣੇ ਕਾ ਖਾਵਿੰਦ।

[ਭੱਟ ਵਹੀ ਮੁਲਤਾਨੀ ਸਿੰਧੀ

—0—

੫

ਗੁਰੂ ਤੇਗ ਬਹਾਦਰ ਜੀ ਦੀ ਵਿਚਾਰਧਾਰਾ

ਗੁਰੂ ਤੇਗ ਬਹਾਦਰ ਜੀ ਦੀ ਵਿਚਾਰਧਾਰਾ ਜਾਣਨ ਲਈ ਸਾਡੇ ਪਾਸ ਤਿੰਨ ਸੋਮੇ ਹਨ—ਆਪ ਦੀ ਬਾਣੀ, ਸਿੱਖਾਂ ਨੂੰ ਥਾਂ ਥਾਂ ਕੀਤੇ ਉਪਦੇਸ਼ ਅਤੇ ਆਪ ਦਾ ਪਰਉਪਕਾਰੀ ਉੱਚ ਜੀਵਨ। ਪ੍ਰਮੁਖ ਸੋਮਾ ਗੁਰਬਾਣੀ ਹੈ। ਭਾਵੇਂ ਆਪ ਨੇ ਥੋੜੀ ਹੀ ਬਾਣੀ ਰਚੀ ਫਿਰ ਵੀ ਸਮੇਂ ਅਨੁਸਾਰ ਸਿਖ ਲਹਿਰ ਦੇ ਸੰਚਾਲਣ ਵਿਚ ਇਸ ਬਾਣੀ ਨੇ ਵਿਸ਼ੇਸ਼ ਹਿਸਾ ਪਾਇਆ। ਆਪ ਦੀ ਕੁਲ ਰਚਨਾ 56 ਸਲੋਕ ਤੇ 59 ਸ਼ਬਦ ਹਨ ਜੋ ਕਿ 15 ਰਾਗਾਂ—ਗਉੜੀ; ਆਸਾ; ਦੇਵਗੰਧਾਰੀ; ਬਿਹਾਗੜਾ; ਸੋਰਠਿ; ਧਨਾਸਰੀ; ਜੈਤਸਰੀ; ਟੋਡੀ: ਤਿਲੰਗ; ਬਿਲਾਵਲ; ਰਾਮਕਲੀ; ਮਾਰੂ; ਬਸੰਤ; ਸਾਰੰਗ ਤੇ ਜੈਜਾਵੰਤੀ—ਵਿਚ ਹਨ। ਜੈਜਾਵੰਤੀ ਰਾਗ ਦੀ ਵਰਤੋਂ ਕੇਵਲ ਆਪ ਨੇ ਹੀ ਕੀਤੀ ਹੈ। ਸਾਰੀ ਰਚਨਾ ਸਰਲ ਹਿੰਦੁਸਤਾਨੀ ਵਿਚ ਹੈ, ਇਸ ਵਿਚ ਅਰਬੀ ਫਾਰਸੀ ਪਦ ਕੋਈ ਟਾਵਾਂ ਹੀ ਹੈ। ਇਉਂ ਲਗਦਾ ਹੈ ਜਿਵੇਂ ਕ੍ਰਾਂਤੀਕਾਰੀ ਧਰਮਾਤਮਾ ਨੇ ਤੁਰਕ ਸ਼ਬਦਾਵਲੀ ਨਾਲ ਨਾਮਿਲਵਰਤਨ ਹੀ ਕਰ ਛੱਡਿਆ ਸੀ। ਫਿਰ ਜੋ ਹਵਾਲੇ ਵਰਤੇ ਉਹ ਪੰਚਾਲੀ; ਅਜਾਮਲ; ਗਨਿਕਾ ਤੇ ਗਜ ਦੇ ਹਨ ਜੋ ਭੈਭੀਤ ਭਾਰਤੀ ਜਨਤਾ ਦੀ ਬੇਬਸੀ ਪ੍ਰਗਟਾਉਂਦੇ ਹਨ। 'ਬਲੁ ਛੁਟਕਿਓ ਬੰਧਨ ਪਰੇ' ਲੋਕ-ਅਵਸਥਾ ਦੀ ਚਿਤ੍ਰਕਾਰੀ ਦਾ ਸਿਖਰ ਹੈ। ਬਾਕੀ ਬਾਣੀ ਵੀ ਗੁਰੂ ਸਾਹਿਬ ਦੇ ਜ਼ਾਤੀ ਕਿਰਦਾਰ ਦੀ ਥਾਂ ਵਧੇਰੇ ਸਮਕਾਲੀ ਮਨੁੱਖਤਾ ਦੀ ਅਧੋਗਤੀ ਤੇ ਗ਼ਫ਼ਲਤ ਦੀ ਗਾਥਾ ਦਸਦੀ ਹੈ।

ਇਸ ਦਾ ਵਿਸ਼ਾ-ਵਸਤੂ ਤੇ ਰੂਪ ਕਈ ਪੱਖਾਂ ਤੋਂ ਪਹਿਲੇ ਗੁਰੂਆਂ ਦੀ ਬਾਣੀ ਨਾਲੋਂ ਵਿਲੱਖਣ ਹੈ। ਮਿਸਾਲ ਲਈ ਇਸ ਵਿਚ ਇਤਨਾ ਪ੍ਰਭੂ-ਮਹਿਮਾ ਯਾ ਗੁਰੂ-ਮਹਿਮਾ ਉਤੇ ਜ਼ੋਰ ਨਹੀਂ ਤੇ ਨਾ ਹੀ ਪੁਰਾਣੇ ਕਰਮਕਾਂਡਾਂ ਦੇ ਖੰਡਨ ਦੀ ਲੋੜ ਸਮਝੀ ਗਈ ਹੈ। ਦੰਪਤੀ ਪਿਆਰ ਦੇ ਪ੍ਰਤੀਕ ਦਾ ਬਿਲਕੁਲ ਅਭਾਵ ਹੈ। ਮਾਲੂਮ ਹੁੰਦਾ ਹੈ ਕਿ ਪਰੋਪਕਾਰੀ ਮਹਾਂਪੁਰਖ ਕਿਸੇ ਉਚੇਰੇ ਮਿਸ਼ਨ ਲਈ ਤੜਪ ਰਖਦੇ ਸਨ। ਧਾਰਮਿਕ ਜਾਂ ਸਮਾਜਕ ਸਮੱਸਿਆਵਾਂ ਦੀ ਥਾਂ ਉਸ ਸਮੇਂ ਰਾਜਸੀ ਸੰਕਟ ਨੇ ਜੀਵਨ ਵਿਕਾਸ ਦੇ ਸਾਰੇ ਰਾਹ ਮੱਲੇ ਹੋਏ ਸਨ। ਇਸ ਵਿਚ ਉਥਲ-ਪੁਥਲ ਕੇਵਲ ਸ਼ਾਂਤ-ਮਈ ਕੁਰਬਾਨੀ ਨਾਲ ਹੀ ਹੋ ਸਕਦੀ ਸੀ, ਜਿਸ ਲਈ ਨਿਰਮੋਹ ਅਵਸਥਾ ਪੈਦਾ ਕਰਨਾ ਬਹੁਤ ਜ਼ਰੂਰੀ ਸੀ।

ਇਹ ਸਾਰੀ ਸਿੱਧੀ-ਸਾਦੀ ਸਰਲ ਰਚਨਾ ਵਿਚ ਵੈਰਾਗ, ਭਗਤੀ ਤੇ ਨਿਰਭੈਤਾ ਦੀ ਧੁਨੀ ਗੂੰਜ ਰਹੀ ਹੈ ਤੇ ਵੈਰਾਗ ਤਿਆਗ ਦਾ ਸੁਰ ਸਭ ਤੋਂ ਉੱਚਾ ਹੈ। ਇਹ ਕਿਉਂ ? ਕੀ ਉਹ ਵੀ ਸੰਨਿਆਸੀਆਂ, ਵੈਰਾਗੀਆਂ ਤੇ ਜੋਗੀਆਂ ਵਾਂਗ ਸੰਸਾਰ ਨੂੰ 'ਮਿਥਿਆ' ਕਹਿ ਕੇ ਇਸਦੇ ਤਿਆਗ ਉਤੇ ਜ਼ੋਰ ਦੇ ਰਹੇ ਸਨ ਤੇ ਪਲਾਇਨਵਾਦੀ ਸਨ ? ਜੇ ਧਿਆਨ ਨਾਲ ਵੇਖੀਏ ਤਾਂ ਅਜਿਹਾ ਹਰਗਿਜ਼ ਨਹੀਂ ਸੀ। ਉਹ ਗੁਰੂ ਨਾਨਕ ਦੀ ਸਿਖ ਲਹਿਰ ਦੇ ਪ੍ਰਮੁਖ ਨੇਤਾ ਸਨ, ਇਸ ਕਰਕੇ ਉਹ ਕਰਮਯੋਗ ਤੋਂ ਭੱਜ ਕੇ ਬਨਵਾਸ ਲੈਣ ਦੀ ਸਿਖਿਆ ਨਹੀਂ ਸੀ ਦੇ ਸਕਦੇ ਤੇ ਨਾਹੀ ਉਨ੍ਹਾਂ ਦਾ ਜੀਵਨ-ਆਦਰਸ਼ ਹੀ ਅਜੇਹਾ ਸੀ। ਉਂਜ ਹਰ ਜੀਵਨੀਕਾਰ ਨੇ ਆਪ ਨੂੰ 'ਵੈਰਾਗ ਮੂਰਤਿ' ਤੇ ਆਪ ਦੀ ਬਾਣੀ ਨੂੰ 'ਵੈਰਾਗ ਪੁੰਜ' ਕਿਹਾ ਹੈ ਪਰ ਇਤਿਹਾਸ ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਦੀ ਰਹਿਣੀ ਬਹਿਣੀ, ਤਿਆਗੀ ਵੈਰਾਗੀ ਸਾਧੂਆਂ ਵਾਲੀ ਹਰਗਿਜ਼ ਨਹੀਂ ਸੀ। ਉਹ ਮਹਾਨ ਕਰਮਯੋਗੀ; ਮੀਰੀ ਪੀਰੀ ਧਾਰਨ ਵਾਲੇ ਗੁਰੂ ਦੇ ਲਾਇਕ ਸਪੁੱਤਰ ਸਨ ਤੇ ਮਹਾਨ ਧਰਮ ਯੋਧੇ ਗੁਰੂ ਕਲਗੀਧਰ ਦੇ ਪਿਤਾ। ਉਹ ਆਪ ਵੀ ਸ਼ਸਤ੍ਰਧਾਰੀ, ਕਲਗੀ ਜਿਗਾ ਸਜਾਉਣ ਵਾਲੇ ਗ੍ਰਿਸਤੀ ਮਹਾਂਪੁਰਸ਼ ਸਨ ਤੇ ਉਨ੍ਹਾਂ ਨੂੰ ਸ਼ਿਕਾਰ ਖੇਡਣ ਦਾ ਵੀ ਕਾਫੀ ਸ਼ੌਕ ਸੀ। ਜਦੋਂ ਉਹ ਕੜਾ ਮਾਣਕਪੁਰ ਗਏ ਤਾਂ ਉਥੇ ਉਨ੍ਹਾਂ ਚੰਗਾ ਸ਼ਿਕਾਰ ਕੀਤਾ ਤੇ ਕਈ ਜਾਨਵਰ ਜੀਉਂਦੇ ਵੀ ਫੜ ਲਿਆਂਦੇ। ਸੰਤ ਮਲੂਕਦਾਸ ਨੇ ਕਿਹਾ, 'ਇਹ ਗੁਰੂ ਨਾਨਕ ਦੀ ਰੂਹਾਨੀ ਗੱਦੀ ਦੇ ਮਾਲਕ

ਕਿਵੇਂ ਹੋ ਸਕਦੇ ਹਨ ? ਗੁਰੂ ਜੀ ਨੇ ਇਸਨੂੰ ਬਜ਼ੁਰਗ ਜਾਣ ਕੇ ਪਾਲਕੀ ਭੇਜ ਕੇ ਮੰਗਵਾਇਆ, ਦਰਸ਼ਨ ਤੇ ਗੱਲਬਾਤ ਉਪਰੰਤ ਇਸ ਦੀ ਨਿਸ਼ਾ ਹੋ ਗਈ, ਉਸ ਜਾਣ ਲਿਆ ਕਿ ਇਸ ਰਾਜ-ਜੋਗੀ ਦਾ ਇਕੋ ਇਕ ਆਦਰਸ਼ ਲੋਕ-ਭਲਾਈ ਹੈ। ਪਰ ਪਿਤਾ ਗੁਰੂ ਦੇ ਤਜਰਬਿਆਂ ਤੋਂ ਇਨ੍ਹਾਂ ਇਹ ਜਾਂਚ ਲਿਆ ਸੀ ਕਿ ਇਹ ਕੰਮ ਕੇਵਲ ਕੁਰਬਾਨੀ ਤੇ ਸ਼ਕਤੀ ਨਾਲ ਹੀ ਹੋ ਸਕਦਾ ਸੀ, ਕੇਵਲ ਇਕਲਵਾਂਝੇ ਬਹਿਕੇ ਸਾਧ ਫਕੀਰ ਬਣ ਕੇ ਨਹੀਂ।

ਦਰਅਸਲ ਜ਼ਮਾਨੇ ਦੀ ਹਾਲਤ ਉਨ੍ਹਾਂ ਸਾਮ੍ਹਣੇ ਸੀ ਜਿਸ ਵਿਚ ਆਮ ਲੋਕ ਡਾਢੇ ਸੰਕਟ-ਗ੍ਰਸਤ ਸਨ। ਮਜ਼ਬ ਦੇ ਨਾਂ ਤੇ ਸਮੇਂ ਦੀ ਸਰਕਾਰ ਜੋ ਕੁਝ ਕਰ ਰਹੀ ਸੀ, ਉਹ ਅਤਿਅੰਤ ਭਿਆਨਕ ਜਬਰ ਜ਼ੁਲਮ ਦਾ ਰੂਪ ਧਾਰ ਚੁਕਿਆ ਸੀ, ਵਿਚਾਰਾਂ ਦੀ ਸੁਤੰਤ੍ਰਤਾ ਬਿਲਕੁਲ ਨਹੀਂ ਸੀ। ਅਮਲੀ ਰੂਪ ਵਿਚ ਇਕ-ਪੁਰਖੀ ਰਾਜ ਸੀ, ਮੰਦਾ ਜਾਂ ਚੰਗਾ ਜੋ ਔਰੰਗਜ਼ੇਬ ਕਹਿੰਦਾ ਸੀ, ਉਹ ਮੰਨਣਾ ਪੈਂਦਾ ਸੀ, ਕਿਸੇ ਦੀ ਜੁਰਅਤ ਨਹੀਂ ਸੀ ਕਿ ਉਸਨੂੰ ਵੰਗਾਰ ਸਕੇ। ਰਾਜਾ ਪਰਜਾ ਦਾ ਕੋਈ ਰਿਸ਼ਤਾ ਵੀ ਨਹੀਂ ਸੀ ਇਕ ਜ਼ਾਲਮ ਸੀ, ਦੂਜਾ ਮਜ਼ਲੂਮ, ਇਕ ਭੈਭੀਤ ਸੀ, ਦੂਜਾ ਭਿਅੰਕਰ ਡਰਾਉਣਾ। ਸਾਰਾ ਦੇਸ਼ ਗੁੰਗਾ ਬੋਲਾ ਬਣਿਆ ਬੈਠਾ ਸੀ, ਉਸ ਸਮੇਂ ਬੀਰ ਬਹਾਦਰ ਗੁਰੂ ਬੋਲਿਆ ਤੇ ਉਸ ਵੰਗਾਰਿਆ ਕਿ ਆਪਣਾ ਧਰਮ ਨਹੀਂ ਤਿਆਗਣਾ :—

'ਤੇਗ ਬਹਾਦਰ ਬੋਲਿਆ, ਧਰ ਪਈਏ ਧਰਮ ਨ ਛੋੜੀਏ।'

ਇਸ ਹਾਲਤ ਨੂੰ ਕੇਵਲ ਗੱਲਾਂ-ਬਾਤਾਂ ਨਾਲ ਨਹੀਂ ਸੀ ਬਦਲਿਆ ਜਾ ਸਕਦਾ। ਪਰਿਵਰਤਨ ਕੇਵਲ ਬਲੀਦਾਨ ਦੁਆਰਾ ਹੀ ਸੰਭਵ ਸੀ, ਕੁਰਬਾਨੀ ਦੇ ਚੱਪੂ ਤੋਂ ਬਗੈਰ ਇਹ ਬੇੜਾ ਅੱਗੇ ਨਹੀਂ ਸੀ ਠੇਲ੍ਹਿਆ ਜਾ ਸਕਦਾ। ਇਸ ਕਰਕੇ ਕੁਰਬਾਨੀ ਦੀ ਲਗਨ ਪੈਦਾ ਕਰਨ ਲਈ ਇਹ ਜ਼ਰੂਰੀ ਸੀ ਕਿ ਸੰਸਾਰੀ ਮੋਹ ਛਡਿਆ ਜਾਵੇ, ਇਸ ਸਰੀਰ ਨੂੰ ਮਿਥਿਆ ਸਮਝਕੇ ਇਸ ਦੀ ਪਕੜ ਘਟ ਕੀਤੀ ਜਾਵੇ ਤੇ ਆਦਰਸ਼ਾਂ ਨੂੰ ਅਮਰ ਮੰਨ ਕੇ ਲੋਕਾਂ ਨੂੰ ਸੰਗ੍ਰਾਮ ਲਈ ਤਿਆਰ-ਬਰਤਿਆਰ ਕੀਤਾ ਜਾਵੇ। ਅਜੇਹੇ ਉਦੇਸ਼ ਦੀ ਪੂਰਤੀ ਲਈ ਵੈਰਾਗ ਤਿਆਗ ਦਾ ਉਪਦੇਸ਼ ਜ਼ਰੂਰੀ ਸੀ ਤਾਂ ਕਿ ਸਿਖ ਉਚ ਆਦਰਸ਼ਾਂ ਖਾਤਰ ਆਪਣਾ ਸਭ ਕੁਝ ਨਿਛਾਵਰ ਕਰਨ ਲਈ ਤਤਪਰ ਹੋ ਜਾਣ। ਉਸ ਸਮੇਂ ਹਿੰਦੁਸਤਾਨ ਨੂੰ ਵੀ ਅਜੇਹੀ ਸਿਖਿਆ ਦੀ ਲੋੜ ਸੀ ਤੇ ਸਿਖ ਲਹਿਰ ਲਈ ਤਾਂ ਇਹ ਬਹੁਤ ਹੀ ਜ਼ਰੂਰੀ ਸੀ। ਇਹੋ

ਕਾਰਣ ਹੈ ਕਿ ਉਨ੍ਹਾਂ ਦੀ ਸਾਰੀ ਦੀ ਸਾਰੀ ਬਾਣੀ ਵਿਚ ਵਧੇਰੇ ਇਹੋ ਧੁਨਿ ਗੂੰਜਦੀ ਸੁਣਾਈ ਦੇ ਰਹੀ ਹੈ:–

'ਸਾਧੋ ਇਹੁ ਤਨੁ ਮਿਥਿਆ ਜਾਨਉ
ਯਾ ਭੀਤਰਿ ਜੋ ਰਾਮ ਬਸਤੁ ਹੈ, ਸਾਚੋ ਤਾਂਹਿ ਪਛਾਨਉ।'

[ਬਸੰਤ ਹਿੰਡੋਲ

ਇਸ ਤਰ੍ਹਾਂ ਸੰਸਾਰੀ ਪਦਾਰਥਾਂ ਦੀ ਅਸੱਤਤਾ ਤੇ ਅਧਿਆਤਮਕ ਜੀਵਨ ਦੀ ਸੱਤਤਾ ਉਤੇ ਉਹ ਇਸ ਲਈ ਬਾਰ ਬਾਰ ਜ਼ੋਰ ਦੇ ਰਹੇ ਸਨ ਕਿ ਉਚੇ ਆਦਰਸ਼ਾਂ ਖਾਤਰ ਜਾਨਾਂ ਵਾਰਨ ਵਾਲਿਆਂ ਦਾ ਇਕ ਤਕੜਾ ਦਲ ਤਿਆਰ ਹੋ ਜਾਵੇ ਜੋ ਜਬਰ ਤੇ ਅਨਿਆਂ ਨਾਲ ਟੱਕਰ ਲੈ ਸਕੇ। ਇਹ ਗੱਲ ਤਾਂ ਸਪਸ਼ਟ ਹੀ ਹੈ ਕਿ ਪਦਾਰਥਕ ਲਾਲਸਾਵਾਂ ਰੱਖਣ ਵਾਲਾ ਆਦਮੀ ਕੁਰਬਾਨੀ ਨਹੀਂ ਕਰ ਸਕਦਾ। ਇਹ ਕੰਮ ਕੋਈ ਰਾਜਜੋਗੀ ਵਿਰਲਾ ਸੂਰਮਾ ਹੀ ਕਰ ਸਕਦਾ ਹੈ ਜੋ ਸੰਸਾਰੀ ਮੰਗਾਂ ਤੋਂ ਉਪਰ, ਉਚਾ ਉਠਿਆ ਹੋਵੇ ਤੇ ਆਪਣੇ ਸਰੀਰ ਦੀ ਵੀ ਜਿਸ ਨੂੰ ਪਕੜ ਨ ਹੋਵੇ। ਗੁਰੂ ਸਾਹਿਬ ਨੇ ਆਪਣੇ ਸਰੀਰ ਦਾ ਠੀਕਰਾ ਜ਼ਾਲਮਾਂ ਦੇ ਸਿਰ ਭੰਨ ਕੇ ਇਹ ਦੱਸ ਦਿਤਾ ਕਿ ਦੁਨੀਆਦਾਰੀ ਨਾਲੋਂ ਦੀਨਦਾਰੀ ਉਚੀ ਸ਼ੈ ਹੈ ਤੇ ਇਸ ਦੁਆਰਾ ਹੀ ਸਾਰੇ ਸੰਕਟ ਮਿਟ ਸਕਦੇ ਹਨ:—

"ਰਾਮ ਨਾਮੁ ਉਰ ਮੈਂ ਗਹਿਓ, ਜਾ ਕੈ ਸਮ ਨਹੀਂ ਕੋਇ
ਜਿਸ ਸਿਮਰਤ ਸੰਕਟ ਮਿਟਹਿ, ਦਰਸ ਤੁਹਾਰੋ ਹੋਇ।'

(1) ਵੈਰਾਗ

ਸੋ ਅਜੇਹੇ ਉਚੇ ਉਦੇਸ਼ ਨੂੰ ਸਨਮੁਖ ਰਖ ਕੇ ਵੈਰਾਗ ਤਿਆਗ ਦਾ ਉਪਦੇਸ਼ ਦਿਤਾ ਗਿਆ ਹੈ ਨਾ ਕਿ ਕਰਮਜੋਗ ਤੋਂ ਦੂਰ ਭੱਜਣ ਲਈ। ਪੁਰਾਣੀ ਹਿੰਦੁਸਤਾਨੀ ਵਿਚਾਰਧਾਰਾ ਵਿਚ ਤਾਂ ਵੈਰਾਗੀ ਉਹ ਸੀ ਜੋ ਦੁਨੀਆਂ ਛੱਡ ਕੇ ਇਕੱਲਵਾਂਝੇ ਜਾ ਬੈਠੇ ਤੇ ਦੁਨੀਆਦਾਰੀ ਨਾਲ ਕੋਈ ਸਬੰਧ ਨਾ ਰੱਖੇ। ਇਸ ਕਰਕੇ ਸ਼ੰਕਰਾਚਾਰਯ ਨੇ ਤਾਂ ਇਥੋਂ ਤਕ ਕਿਹਾ ਕਿ ਵੈਰਾਗੀ ਬਣਨ ਵਾਸਤੇ ਸੰਸਾਰ ਨਾਲ ਘ੍ਰਿਣਾ ਕਰਨਾ ਜ਼ਰੂਰੀ ਹੈ, ਇਸ ਘ੍ਰਿਣਾ ਤੋਂ ਹੀ ਵੈਰਾਗ ਉਪਜਦਾ ਹੈ। ਗੁਰੂ ਸਾਹਿਬ ਇਸ ਦ੍ਰਿਸ਼ਟੀਕੋਣ ਨਾਲ ਸਹਿਮਤ ਨਹੀਂ। ਉਹ ਜ਼ਿੰਦਗੀ ਲਈ ਵੈਰਾਗ ਦੀ ਲੋੜ ਤਾਂ

ਦਸਦੇ ਹਨ ਪਰ ਇਸ ਤਰ੍ਹਾਂ ਨਹੀਂ, ਗੁਰਮਤਿ ਨੇ ਵੈਰਾਗ ਦੀ ਬੁਨਿਆਦ ਘ੍ਰਿਣਾ ਉਤੇ ਨਾ ਰੱਖ ਕੇ ਪ੍ਰਭੂ-ਪਿਆਰ ਤੇ ਆਧਾਰਿਤ ਕੀਤੀ ਹੈ। ਗੁਰੂ ਅਮਰਦਾਸ ਫੁਰਮਾਉਂਦੇ ਹਨ :—

ਜਾ ਭਉ ਪਾਏ ਆਪਣਾ, ਬੈਰਾਗ ਉਪਜੈ ਮਨਿ ਆਇ
ਬੈਰਾਗੈ ਤੇ ਹਰਿ ਪਾਈਐ, ਹਰਿ ਸਿਉ ਰਹੈ ਸਮਾਇ।

[ਗੂਜਰੀ ੩

ਇਸੇ ਤਰ੍ਹਾਂ ਉਨ੍ਹਾਂ ਦੀ ਨਜ਼ਰ ਵਿਚ ਵੈਰਾਗੀ ਉਹ ਹੈ ਜੋ ਹਉਮੈਂ, ਤ੍ਰਿਸ਼ਨਾ ਤੇ ਦ੍ਵੈਸ਼ ਦੀ ਜਲਨ ਨੂੰ ਮਿਟਾ ਕੇ ਆਪਣਾ ਆਪ ਪ੍ਰਭੂ ਨਾਲ ਜੋੜਦਾ ਤੇ ਆਤਮਿਕ ਟਿਕਾਉ ਹਾਸਲ ਕਰਦਾ ਹੈ—

ਸੋ ਸਾਧੂ ਵੈਰਾਗੀ ਸੋਈ; ਹਿਰਦੈ ਨਾਮ ਵਸਾਏ
ਅੰਤਰਿ ਲਾਗ ਨ ਤਾਮਸੁ ਮੂਲੇ, ਵਿਚਹੁ ਆਪੁ ਗਵਾਏ। [ਸਿਰੀ ੩
'ਮਨ ਮੇਰੇ ਸਤਿਗੁਰ ਸੇਵਨਿ ਆਪਣਾ, ਸੇ ਜਨ ਵਡਭਾਗੀ ਰਾਮ
ਜੋ ਮਨੁ ਮਾਰਹਿ ਆਪਣਾ, ਸੇ ਪੁਰਖ ਵੈਰਾਗੀ ਰਾਮ।' [ਵਡਹੰਸ ੩

ਇਹ ਅਵਸਥਾ ਪ੍ਰਾਪਤ ਕਰਨ ਲਈ ਗੁਰੂ ਸਾਹਿਬ ਨੇ ਸੰਸਾਰ-ਤਿਆਗ ਦੀ ਸ਼ਰਤ ਨਹੀਂ ਲਾਈ ਤੇ ਨਾ ਹੀ ਸੰਸਾਰ ਨਾਲ ਨਫਰਤ ਕਰਨ ਲਈ ਆਖਿਆ ਹੈ। ਸਗੋਂ ਤਾਕੀਦ ਇਹ ਕੀਤੀ ਹੈ ਕਿ ਗ੍ਰਿਸਤ ਵਿਚ ਰਹਿ ਕੇ ਨਿਰਲੇਪ ਰਹਿਆ ਜਾਵੇ ਤੇ ਸ਼ਬਦ ਵਿਚ ਸੁਰਤਿ ਜੋੜੀ ਜਾਵੇ—

ਸਤਿਗੁਰ ਸੇਵਨਿ ਸੇ ਵਡਭਾਗੀ। ਸਚੈ ਸਬਦਿ ਜਿਨਾ ਏਕ ਲਿਵ ਲਾਗੀ।
ਗਿਰਹ ਕੁਟੰਬ ਮਹਿ ਸਹਜ ਸਮਾਧੀ। ਨਾਨਕ ਨਾਮ ਰਤੇ ਸੇ ਸਚੇ ਬੈਰਾਗੀ।

[ਵਾਰ ਸਾਰੰਗ ੪

ਗੁਰੂ ਤੇਗ ਬਹਾਦਰ ਸਾਹਿਬ ਨੇ ਬਨਵਾਸ ਦਾ ਵਿਰੋਧ ਕਰਦਿਆਂ ਸਾਫ ਕਿਹਾ ਹੈ ਕਿ ਤੂੰ ਜੰਗਲ ਵਿਚ ਕਿਸ ਦੀ ਤਲਾਸ਼ ਵਿਚ ਚਲਿਆ ਹੈਂ ? ਉਹ ਤਾਂ ਤੇਰੇ ਅੰਦਰ ਹੈ, ਜਿਵੇਂ ਫੁਲਾਂ ਵਿਚ ਸੁਗੰਧੀ ਤੇ ਸ਼ੀਸ਼ੇ ਵਿਚ ਅਕਸ, ਫਿਰ ਬਾਹਰ ਭਟਕਣ ਤੇ ਖੋਜਣ ਦੀ ਕੀ ਲੋੜ ਹੈ ?

'ਕਾਹੇ ਰੇ ਬਨ ਖੋਜਨ ਜਾਈ
ਸਰਬ ਨਿਵਾਸੀ ਸਦਾ ਅਲੇਪਾ, ਤੋਹੀ ਸੰਗਿ ਸਮਾਈ।
ਪੁਹਪ ਮਧਿ ਜਿਉ ਬਾਸ ਬਸਤ ਹੈ, ਮੁਕਰ ਮਾਹਿ ਜੈਸੇ ਛਾਈ
ਤੈਸੇ ਹੀ ਹਰਿ ਬਸਹਿ ਨਿਰੰਤਰ, ਘਟ ਹੀ ਖੋਜਹੁ ਭਾਈ।

[ਧਨਾਸਰੀ ੯

ਐਸੇ ਵੈਰਾਗੀਆਂ ਜੋਗੀਆਂ ਬਾਰੇ ਉਨ੍ਹਾਂ ਦੀ ਰਾਇ ਚੰਗੀ ਨਹੀਂ ਜੋ ਜੀਵਨ ਜੁਗਤੀ ਤੋਂ ਅਣਜਾਣ ਹੋਣ ਕਰਕੇ ਭੁਲੇਖੇ ਵਿਚ ਹੀ ਇਹ ਸਮਝ ਲੈਂਦੇ ਹਨ ਕਿ ਅਸੀਂ ਘਰ-ਬਾਰ ਛੱਡ ਤੇ ਭਗਵਾ ਬਾਣਾ ਪਾਉਣ ਮਾਤਰ ਨਾਲ ਹੀ ਵਿਕਾਰਾਂ ਤੋਂ ਵੀ ਛੁਟਕਾਰਾ ਪਾ ਲਿਆ —

'ਮਨ ਰੇ ਗਹਿਓ ਨ ਗੁਰ ਉਪਦੇਸ
ਕਹਾਂ ਭਇਓ ਜਉ ਮੂੰਡ ਮੁੰਡਾਇਓ, ਭਗਵਉ ਕੀਨੋ ਭੇਸ।' [ਸੋਰਠਿ ੯
'ਤਿਹ ਜੋਗੀ ਕਉ ਜੁਗਤਿ ਨ ਜਾਨਉ
ਲੋਭ ਮੋਹ ਮਾਇਆ, ਮਮਤਾ ਫੁਨਿ, ਜਿਹ ਘਟ ਮਾਹਿ ਪਛਾਨਉ।'

[ਧਨਾਸਰੀ ੯

ਅਸਲ ਵੈਰਾਗੀ ਜਾਂ ਜੋਗੀ ਉਹ ਹੈ ਜੋ ਵਿਸ਼ੇ-ਵਿਕਾਰਾਂ ਤੇ ਲੋਭ ਮੋਹ ਦੇ ਜੰਜਾਲਾਂ ਤੋਂ ਉਪਰਾਮਤਾ ਧਾਰਨ ਕਰਕੇ ਆਪਣੀ ਲਿਵ ਪ੍ਰਭੂ ਨਾਲ ਜੋੜਦਾ ਹੈ :-

'ਜਿਹ ਬਿਖਿਆ ਸਗਲੀ ਤਜੀ, ਲੀਓ ਭੇਖ ਬੈਰਾਗ
ਕਹੁ ਨਾਨਕ ਸੁਨਿ ਰੇ ਮਨਾ, ਤਿਹ ਨਰ ਮਾਥੈ ਭਾਗ।੧੭।
ਜਿਹਿ ਮਾਇਆ ਮਮਤਾ ਤਜੀ, ਸਭ ਤੇ ਭਇਓ ਉਦਾਸ
ਕਹੁ ਨਾਨਕ ਸੁਨਿ ਰੇ ਮਨਾ, ਤਿਹ ਘਟਿ ਬ੍ਰਹਮ ਨਿਵਾਸ।੧੮।

ਸੋ ਗੁਰੂ ਸਾਹਿਬ ਰਾਜਜੋਗੀ ਸਨ, ਜੋ ਸੰਸਾਰ ਵਿਚ ਵਿਚਰਦੇ ਹੋਏ ਫਿਰ ਵਿਸ਼ੇ ਵਿਕਾਰਾਂ ਤੋਂ ਮਨ ਨੂੰ ਉਚਾ ਰਖਣ ਦੀ ਸਿਖਿਆ ਦਿੰਦੇ ਸਨ, ਸੰਸਾਰ-ਤਿਆਗ ਦੀ ਨਹੀਂ, ਸਗੋਂ ਸੰਸਾਰੀ ਪਦਾਰਥਾਂ ਦੀ ਲਾਲਸਾ ਤੇ ਮੋਹ ਦੇ ਤਿਆਗ ਦੀ ਤਾਕੀਦ ਕਰਦੇ ਸਨ—

ਮਾਇਆ ਕੋ ਸੰਗ ਤਿਆਗ, ਪ੍ਰਭੂ ਜੂ ਕੀ ਸਰਣਿ ਲਾਗ

ਜਗਤ ਸੁਖ ਮਾਨ ਮਿਥਿਆ, ਝੂਠੋ ਸਭ ਸਾਜ ਹੈ।
ਸੁਪਨੇ ਜਿਉਂ ਧਨ ਪਛਾਨ, ਕਾਹੇ ਪਰ ਕਰਤ ਮਾਨ
ਬਾਰੂ ਕੀ ਭੀਤ ਜੈਸੇ ਬਸੁਧਾ ਕਉ ਰਾਜ ਹੈ। [ਜੈਜਾਵੰਤੀ

ਹਕੂਮਤਾਂ ਰੇਤ ਦੀਆਂ ਕੰਧਾਂ ਹਨ ਜੋ ਨਿਤ ਬਣਦੀਆਂ ਢਹਿੰਦੀਆਂ ਰਹਿੰਦੀਆਂ ਹਨ, ਦੁਨਿਆਵੀ ਭੋਗਾਂ ਦਾ ਜਲਵਾ ਮ੍ਰਿਗ ਤ੍ਰਿਸ਼ਨਾ ਵਾਲਾ ਹੈ, ਧੂੰਏ ਦਾ ਬੱਦਲ ਹੈ, ਪਾਣੀ ਦਾ ਬੁਲਬੁਲਾ ਹੈ, ਬੱਦਲ ਦੀ ਛਾਂ ਵਾਂਙ ਛਿਨ ਵਿਚ ਨਾਸ ਹੋ ਜਾਣਾ ਵਾਲਾ ਹੈ, ਸਦਾ ਦਾ ਸੰਗੀ ਨਹੀਂ, ਇਸ ਕਰਕੇ ਇਸ ਦੇ ਪਿਛੇ ਨਾ ਲਗੋ, ਤਮਾਸ਼ੇ ਨੂੰ ਤਮਾਸ਼ਾ ਸਮਝੋ, ਸੁਪਨੇ ਨੂੰ ਸੁਪਨਾ ਜਾਣੋ—

ਜਿਉ ਸੁਪਨਾ ਅਰ ਪੇਖਨਾ ਐਸੇ ਜਗ ਕਉ ਜਾਨਿ
ਇਨ ਮੈਂ ਕਛੁ ਸਾਚਉ ਨਹੀਂ, ਨਾਨਕ ਬਿਨੁ ਭਗਵਾਨ।
ਜੈਸੇ ਜਲ ਤੇ ਬੁਦਬੁਦਾ, ਉਪਜੈ ਬਿਨਸੈ ਨੀਤ
ਜਗ ਰਚਨਾ ਤੈਸੇ ਰਚੀ, ਕਹੁ ਨਾਨਕ ਸੁਨਿ ਮੀਤ।

ਜਗਤ ਦੀ ਝੂਠੀ ਪ੍ਰੀਤਿ ਦੀ ਮਿਸਾਲ ਉਨ੍ਹਾਂ ਦੇ ਸਾਮ੍ਹਣੇ ਸੀ ਕਿ ਕਿਵੇਂ ਨਿਰਦਈ ਔਰੰਗਜੇਬ ਨੇ ਰਾਜ ਦੀ ਹਵਸ ਵਿਚ ਆਪਣੇ ਬੁੱਢੇ ਪਿਉ ਨੂੰ ਕੈਦ ਕੀਤਾ, ਵਡੇ ਭਾਈ ਦਾਰਾਸ਼ਿਕੋਹ ਦਾ ਸਿਰ ਕੱਟਕੇ ਦਰਬਾਰ ਵਿਚ ਮੁਜ਼ਾਹਰਾ ਕੀਤਾ ਤੇ ਹੋਰਾਂ ਭਾਈਆਂ ਨੂੰ ਵੀ ਸਾਜ਼ਸ਼ਾਂ ਕਰ ਕਰ ਕੇ ਮਰਵਾਇਆ। ਸੋ ਗੁਰੂ ਸਾਹਿਬ ਇਸ ਫਰੇਬ ਤੋਂ ਸੰਸਾਰ ਨੂੰ ਸਾਵਧਾਨ ਕਰਦੇ ਹਨ—

ਧਨ ਦਾਰਾ ਸੰਪਤਿ ਸਗਲਿ, ਜਿਨ ਅਪਨੀ ਕਰਿ ਮਾਨ
ਇਨ ਮੈਂ ਕਛੁ ਸੰਗੀ ਨਹੀਂ, ਨਾਨਕ ਸਾਚੀ ਜਾਨ।

ਇਸ ਗੱਲ ਨੂੰ ਵੀ ਅਸੀਂ ਅੱਖੋਂ ਉਹਲੇ ਨਹੀਂ ਕਰ ਸਕਦੇ ਕਿ ਮੁਗਲ ਜ਼ਮਾਨੇ ਵਿਚ ਨਵਾਬਾਂ, ਰਾਜਿਆਂ, ਰਾਣਿਆਂ ਤੇ ਅਮੀਰਾਂ, ਵਜ਼ੀਰਾਂ ਵਿਚ ਐਸ਼ਪ੍ਰਸਤੀ ਤੇ ਭੋਗ ਬਿਲਾਸ ਦੀਆਂ ਰੁਚੀਆਂ ਬਹੁਤ ਵਧ ਗਈਆਂ ਸਨ, ਇਸ ਕਰਕੇ ਉਚ ਆਚਰਣ, ਪਵਿੱਤਰਤਾ ਤੇ ਨੇਕੀ ਦਾ ਬਿਨਾਸ ਹੋ ਰਿਹਾ ਸੀ। ਇਸ ਕਰਕੇ ਵੀ ਸਤਿਗੁਰਾਂ ਆਪਣੇ ਸਿਖਾਂ ਨੂੰ ਇਨ੍ਹਾਂ ਬੁਰਿਆਈਆ ਤੋਂ ਬਚਣ ਲਈ ਤਿਆਗ ਵੈਰਾਗ ਦਾ ਉਪਦੇਸ਼ ਦਿਤਾ, ਜਤ, ਸਤ ਤੇ ਸੰਜਮ ਦਾ ਸਬਕ ਦ੍ਰਿੜ੍ਹਾਇਆ।

ਇਹ ਮਨੁੱਖ ਦੀ ਬੁਨਿਆਦੀ ਕਮਜ਼ੋਰੀ ਹੈ ਕਿ ਉਹ ਦੌਲਤ ਤੇ ਔਰਤ ਦੇ ਰਾਗ ਰੰਗ ਵਿਚ ਪ੍ਰਭੂ ਤੋਂ ਦੂਰ ਜਾ ਰਿਹਾ ਹੈ। ਸਤਿਗੁਰੂ ਆਪਣੇ ਜ਼ਿੰਮੇ ਲੈ ਕੇ ਇਸ ਦਸ਼ਾ ਦਾ ਵਰਣਨ ਇਉਂ ਕਰਦੇ ਹਨ—

ਕਹਉ ਕਹਾਂ ਅਪਨੀ ਅਧਮਾਈ
ਉਰਝਿਓ ਕਨਕ ਕਾਮਨੀ ਕੇ, ਨਹਿ ਕੀਰਤਿ ਪ੍ਰਭੁ ਗਾਈ। [ਟੋਡੀ

ਸੋ ਕਨਕ ਕਾਮਨੀ ਦੇ ਰਸ ਤੋਂ ਉਚਾ ਉਠਣ ਲਈ ਵੈਰਾਗ ਜ਼ਰੂਰੀ ਸੀ, ਇਸ ਤੋਂ ਬਿਨਾਂ ਪ੍ਰਭੂ ਭਗਤੀ ਵਲ ਅਗਲਾ ਕਦਮ ਉਠਾਉਣਾ ਔਖਾ ਸੀ। ਲੇਕਿਨ ਇਕ ਗੱਲ ਬੜੀ ਸਾਫ ਹੈ ਕਿ ਭਾਰਤੀ ਤਰੀਕੇ ਦੇ ਵੈਰਾਗ ਅਤੇ ਇਸ ਵੈਰਾਗ ਵਿਚ ਫੇਰ ਅੰਤਰ ਸੀ ਜੈਸਾ ਕਿ ਪਿੱਛੇ ਚਰਚਾ ਕੀਤੀ ਗਈ ਹੈ।

(2) ਭਗਤੀ—

ਸੰਸਾਰਕ ਭੋਗਾਂ ਤੋਂ ਉਪਰਾਮਤਾ ਧਾਰਨਾ ਵੈਰਾਗ ਹੈ ਤੇ ਪ੍ਰਭੂ ਪਰਮੇਸ਼ਰ ਨਾਲ ਸ਼ਰਧਾ ਪ੍ਰੇਮ ਕਰਨਾ ਭਗਤੀ ਹੈ, ਇਹ ਭਗਤੀ ਹੋ ਨਹੀਂ ਸਕਦੀ ਜਿਤਨਾ ਚਿਰ ਸੰਸਾਰੀ ਮੋਹ ਦਾ ਜਾਲ ਨਾ ਟੁੱਟੇ। ਮਨੁਖ ਅੰਦਰ ਲਗਾਉ ਦੀ ਬਿਰਤੀ ਬੁਨਿਆਦੀ ਹੈ, ਇਹ ਲਗਾਉ ਜੇ ਇੰਦ੍ਰਿਆਂ ਦੀ ਤ੍ਰਿਪਤੀ ਲਈ ਸੰਸਾਰਕ ਪਦਾਰਥਾਂ ਨਾਲ ਹੋਵੇ ਮੋਹ ਹੈ ਤੇ ਜੇ ਇਹ ਨਿਸ਼ਕਾਮ ਤੌਰ ਤੇ ਪ੍ਰਭੂ ਨਾਲ ਹੋਵੇ ਤਾਂ ਪ੍ਰੇਮਾ-ਭਗਤੀ ਹੋ ਨਿਬੜਦਾ ਹੈ। ਵਿਸ਼ੇ ਵਿਕਾਰਾਂ ਨਾਲ ਨਾ ਮਨ ਤ੍ਰਿਪਤ ਹੁੰਦਾ ਤੇ ਨਾ ਹੀ ਜੀਵਨ ਉੱਚਾ ਹੁੰਦਾ ਲੇਕਿਨ ਪ੍ਰਭੂ ਪ੍ਰੀਤਿ ਜਿਥੇ ਮਨ ਨੂੰ ਪਵਿਤਰ ਤੇ ਬਲਵਾਨ ਕਰਦੀ ਹੈ, ਉਥੇ ਜ਼ਿੰਦਗੀ ਉਚੇ ਆਦਰਸ਼ਾਂ ਦੇ ਯੋਗ ਹੋ ਜਾਂਦੀ ਤੇ ਲੋਕ-ਕਲਿਆਣ ਉਸ ਦਾ ਮਨੋਰਥ ਹੋ ਜਾਂਦਾ ਹੈ। ਇਹੋ ਕਾਰਣ ਹੈ ਕਿ ਗੁਰੂ ਸਾਹਿਬਾਨ ਨੇ ਭਗਤੀ ਤੇ ਸਿਮਰਨ ਉਤੇ ਜ਼ੋਰ ਦਿਤਾ ਤਾਂਕਿ ਜੀਵਨ ਉਚੇ ਆਦਰਸ਼ਾਂ ਨੂੰ ਕਮਾਉਣ ਦੇ ਯੋਗ ਹੋ ਸਕੇ। ਗੁਰੂ ਤੇਗ ਬਹਾਦਰ ਜੀ ਨੇ ਜਿਥੇ ਬਾਰ ਬਾਰ ਵੈਰਾਗ ਤਿਆਗ ਦੀ ਤਾਕੀਦ ਕੀਤੀ ਹੈ, ਉਥੇ ਨਾਲੋ ਨਾਲ ਪ੍ਰਭੂ ਸਿਮਰਨ, ਭਜਨ ਬੰਦਗੀ ਤੇ ਰਾਮ ਨਾਮ ਨਾਲ ਪ੍ਰੀਤਿ ਕਰਨ ਤੇ ਵੀ ਜ਼ੋਰ ਦਿਤਾ ਹੈ ਤੇ ਇਸੇ ਨੂੰ ਵਧੀਆ ਧਰਮ ਤੇ ਮੁਕਤੀ-ਪੰਥ ਯਾ ਸੁਤੰਤ੍ਰਤਾ ਦਾ ਮਾਰਗ ਕਿਹਾ ਹੈ—

ਰੇ ਮਨ ਰਾਮ ਸਿਉ ਕਰਿ ਪ੍ਰੀਤਿ

ਸ੍ਰਵਣੀ ਗੋਬਿੰਦ ਗੁਨ ਸੁਨਉ, ਅਰ ਗਾਉ ਰਸਨਾ ਗੀਤ
ਕਰਿ ਸਾਧਸੰਗਤਿ ਸਿਮਰਿ ਮਾਧਉ ਹੋਹੁ ਪਤਿਤ ਪੁਨੀਤ'। [ਸੋਰਠਿ
'ਕਲਿ ਮੈਂ ਏਕ ਨਾਮ ਕਿਰਪਾ ਨਿਧਿ, ਜਾਹਿ ਜਪੈ ਗਤਿ ਪਾਵੈ
ਅਉਰ ਧਰਮ ਤਾਂਕੈ ਸਮ ਨਾਹਨਿ, ਇਹ ਬਿਧਿ ਬੇਦ ਬਤਾਵੈ।' [ਸੋਰਠਿ

ਇਕ ਵਾਰ ਮੀਆਂ ਮੀਰ ਦੇ ਸ਼ਰਧਾਲੂ ਮੀਰਾਂ ਸ਼ਾਹ ਨੇ ਆਪ ਨੂੰ ਪੁਛਿਆ ਸੀ ਕਿ ਮਜ਼ਬ ਕੀ ਹੈ, ਇਸ ਦੀ ਬਾਹਰਲੀ ਰਹੁ-ਰੀਤਿ ਕੀ? ਤਾਂ ਗੁਰੂ ਸਾਹਿਬ ਦਾ ਜਵਾਬ ਸੀ ਕਿ ਮਜ਼ਬ ਯਾ ਧਰਮ ਉਹ ਹੈ ਜੋ ਰੱਬ ਵਲ ਲਿਜਾਵੇ ਤੇ ਸ਼ਰੀਅਤ ਉਹ ਹੈ ਜੋ ਬੁਰਿਆਈਆਂ ਵਲੋਂ ਰੋਕੇ। ਸੋ ਬੰਦਗੀ ਹੀ ਮੇਰਾ ਮਜ਼ਬ ਹੈ ਤੇ ਹਰਿ ਕੀਰਤਨ ਹੀ ਮੇਰੀ ਰਹੁ-ਰੀਤਿ। ਇਸ ਬਿਨਾ ਈਮਾਨ ਪੱਕਾ ਨਹੀਂ ਹੁੰਦਾ ਤੇ ਨਾ ਹੀ ਸੱਚਾ ਸਦਾਚਾਰ ਕਮਾਇਆ ਜਾ ਸਕਦਾ ਹੈ।

'ਹਰਿ ਕੇ ਨਾਮ ਬਿਨਾ ਦੁਖ ਪਾਵੈ
ਭਗਤਿ ਬਿਨਾ ਸਹਸਾ ਨਹਿ ਚੂਕੈ, ਗੁਰ ਇਹ ਭੇਦ ਬਤਾਵੈ। [ਬਿਲਾਵਲ
'ਭਏ ਦਇਆਲ ਕ੍ਰਿਪਾਲ ਸੰਤ ਜਨ, ਤਬ ਇਹ ਬਾਤ ਬਤਾਈ
ਸਰਬ ਧਰਮ ਮਾਨੋਂ ਤਿਹ ਕੀਏ, ਜਿਹ ਪ੍ਰਭ ਕੀਰਤਿ ਗਾਈ।' [ਰਾਮਕਲੀ

ਭਾਰਤ ਵਿਚ ਧਾਰਮਿਕ ਕਰਮਾਂ ਦੀ ਤਾਂ ਘਾਟ ਨਹੀਂ ਸੀ-ਪੂਜਾ ਉਪਾਸਨਾ, ਤਪੱਸਿਆ, ਤੀਰਥ-ਇਸ਼ਨਾਨ, ਬਰਤ, ਸੰਜਮ ਤੇ ਯੱਗ ਹੋਮ ਆਦਿ ਬਹੁਤ ਸਨ ਪਰੰਤੂ ਗੁਰੂ ਸਾਹਿਬ ਨੇ ਹਰਿ ਕੀਰਤਨ ਯਾ ਪ੍ਰਭੂ-ਮਹਿਮਾ ਨੂੰ ਹੀ ਸਾਰੇ ਕਰਮਾਂ ਦਾ ਸਿਰਤਾਜ ਦੱਸਿਆ ਹੈ।

ਬੰਦਗੀ ਕਰਦਿਆਂ, ਅਚੇਤ ਪਾਪਾਂ ਤੋਂ ਵੀ ਭੈ ਖਾਣਾ ਜ਼ਰੂਰੀ ਸ਼ਰਤ ਹੈ। ਸਾਡਾ ਮਨ ਤ੍ਰਿਸ਼ਨਾ ਤੇ ਵਾਸਨਾ ਦੇ ਕਾਰਣ ਭਟਕਦਾ ਫਿਰਦਾ ਹੈ, ਟਿਕਦਾ ਨਹੀਂ।

'ਸਾਧੋ ਇਹ ਮਨ ਗਹਿਓ ਨ ਜਾਈ
ਚੰਚਲ ਤ੍ਰਿਸਨਾ ਸੰਗਿ ਬਸਤੁ ਹੈ, ਯਾਂਤੇ ਥਿਰ ਨ ਰਹਾਈ।'
'ਕਾਮ ਕ੍ਰੋਧ ਮੋਹ ਬਸ ਪ੍ਰਾਨੀ, ਹਰਿ ਮੂਰਤਿ ਬਿਸਰਾਈ।'

ਇਸ ਦਾ ਇਲਾਜ ਇਹੋ ਹੈ ਕਿ ਇਸ ਨੂੰ ਭਗਤੀ ਵਿਚ ਜੋੜਿਆ ਜਾਵੇ, ਨਿਰਮਲ ਗਿਆਨ ਦਾ ਦੀਪਕ ਜਗਾ ਕੇ ਭਰਮ ਅਨ੍ਹੇਰਾ ਮਿਟਾਇਆ ਜਾਵੇ।

ਮਾਈ ਮੈਂ ਧਨ ਪਾਇਓ ਹਰਿ ਨਾਮ
ਮਨ ਮੇਰੋ ਧਾਵਨ ਤੇ ਛੂਟਿਓ, ਕਰਿ ਬੈਠੋ ਬਿਸਰਾਮ
ਮਾਇਆ ਮਮਤਾ ਤਨ ਤੇ ਭਾਗੀ, ਉਪਜਿਓ ਨਿਰਮਲੁ ਗਿਆਨੁ
ਲੋਭ ਮੋਹ ਇਹ ਪਰਸਿ ਨ ਸਾਕੈ, ਗਹੀ ਭਗਤਿ ਭਗਵਾਨ । [ਬਸੰਤ

ਇਕ ਹੋਰ ਗੱਲ ਗੁਰੂ ਜੀ ਨੇ ਦ੍ਰਿੜ ਕਰਾਈ ਹੈ ਕਿ ਭਗਤੀ ਕਰਦਿਆਂ ਤੇ ਉਸ ਗੁਣਾਂ ਦਾ ਸੰਗ੍ਰਹਿ ਕਰਦਿਆਂ ਹੋਇਆ ਅਭਿਮਾਨ ਪੈਦਾ ਨਹੀਂ ਹੋਣਾ ਚਾਹੀਦਾ ਜੇ ਗੁਮਾਨ ਹੋ ਜਾਵੇ ਤਾਂ ਕੀਤੀ ਨੇਕੀ ਵੀ ਸਫ਼ਲੀ ਨਹੀਂ ਹੁੰਦੀ ਤੇ 'ਕੁੰਚਰ ਇਸਨਾਨ' ਵਾਲੀ ਗੱਲ ਹੋ ਜਾਂਦੀ ਹੈ । ਇਸ ਕਰਕੇ ਮਹਾਰਾਜ ਫੁਰਮਾਉਂਦੇ ਹਨ—

'ਸਾਧੋ ਮਨ ਕਾ ਮਾਨ ਤਿਆਗਉ
ਕਾਮ ਕ੍ਰੋਧ ਸੰਗਤਿ ਦੁਰਜਨ ਕੀ ਤਾਂ ਤੇ ਅਹਿਨਿਸਿ ਭਾਗਉ ।' [ਗਉੜੀ
'ਤੀਰਥ ਬ੍ਰਤ ਅਰੁ ਦਾਨ ਕਰਿ ਮਨ ਮਹਿ ਧਰਹਿ ਗੁਮਾਨ
ਨਾਨਕ ਨਿਹਫਲ ਜਾਤ ਤਿਹ, ਜਿਉਂ ਕੁੰਚਰ ਇਸਨਾਨ ।'

ਇਸ ਨਿਰਮਾਣਤਾ ਤੇ ਆਜਜ਼ੀ ਦਾ ਮਤਲਬ ਕਿਸੇ ਦਾ ਦਬੇਲ ਬਣਨਾ ਵੀ ਨਹੀਂ, ਸਗੋਂ ਨਿਰਭੈਤਾ ਨਾਲ ਆਪਣੇ ਸਵੈਮਾਨ ਤੇ ਅਣਖ ਨੂੰ ਪੂਰੀ ਤਰ੍ਹਾਂ ਬਰਕਰਾਰ ਰੱਖਣਾ ਹੈ । ਇਸ ਪੱਖ ਤੇ ਗੁਰੂ ਜੀ ਨੇ ਖਾਸ ਜ਼ੋਰ ਦਿਤਾ ਹੈ ।

(3) ਨਿਰਭੈਤਾ

ਹਰ ਧਰਮ ਦਾ ਮੰਤਵ ਚੰਗੇ ਮਨੁਖਾਂ ਦੀ ਸਿਰਜਣਾ ਹੈ, ਚੰਗਾ ਮਨੁਖ ਉਹ ਹੈ ਜੋ ਆਚਾਰ ਵਲੋਂ ਪਵਿਤਰ ਤੇ ਸੁਤੰਤਰ ਹੋਵੇ । ਭਗਤੀ ਸਿਮਰਨ ਕਰਨ ਵਾਲਾ ਚੂੰਕਿ ਪ੍ਰਭੂ ਨਾਲ ਅਭੇਦ ਹੋ ਜਾਂਦਾ ਹੈ, ਇਸ ਕਰਕੇ ਉਹ ਕਿਸੇ ਦੀ ਦਾਸਤਾ ਪਰਵਾਣ ਨਹੀਂ ਕਰਦਾ । ਉਹ ਨ ਕਿਸੇ ਨੂੰ ਭੈ ਦਿੰਦਾ ਹੈ ਤੇ ਨਾ ਕਿਸੇ ਤੋਂ ਭੈ ਖਾਂਦਾ ਹੈ । ਇਸੇ ਨੂੰ ਸਤਿਗੁਰਾਂ, ਗੁਰਮੁਖ, ਗਿਆਨੀ ਯਾ ਸੋਝੀਵਾਨ ਪੁਰਸ਼ ਕਿਹਾ ਹੈ :—

ਭੈ ਕਾਹੂੰ ਕਉ ਦੇਤ ਨਹਿ, ਨਹਿੰ ਭੈ ਮਾਨਤ ਆਨਿ
ਕਹੁ ਨਾਨਕ ਸੁਨਿ ਰੇ ਮਨਾ, ਗਿਆਨੀ ਤਾਹਿ ਬਖਾਨ ।

ਮੁਗਲ ਰਾਜ ਦੀ ਗੁਲਾਮੀ ਹੇਠ ਪਿਸ ਰਹੇ ਭਾਰਤੀ ਲੋਕ ਨਿਰਭੈ ਨਹੀਂ ਸਨ ਤੇ ਔਰੰਗੇ ਦਾ ਭੈ ਤਾਂ ਸਭ ਨੂੰ ਇਕ-ਦੂੰ ਵਾਢਿਓਂ ਖਾਈ ਜਾ ਰਿਹਾ ਸੀ । ਇਸ ਲਈ

ਨਿਰਭੈਤਾ ਦਾ ਸੰਦੇਸ਼ਾ ਦੇਣਾ ਸਿੱਧਾ ਹਕੂਮਤ ਨਾਲ ਟੱਕਰ ਲੈਣ ਬਰਾਬਰ ਸੀ, ਪਰ ਸਤਿਗੁਰਾਂ ਐਸਾ ਕੀਤਾ ਕਿਉਂਕਿ ਇਸ ਤੋਂ ਬਿਨਾਂ ਚੜ੍ਹਦੀ ਕਲਾ ਦੀ ਅਵਸਥਾ ਪੈਦਾ ਨਹੀਂ ਸੀ ਹੋ ਸਕਦੀ ਤੇ ਨਾ ਹੀ ਭਗਤੀ ਹੋ ਸਕਦੀ ਸੀ। ਅਜੇਹੀ ਦਲੇਰੀ ਦਾ ਲਾਜ਼ਮੀ ਸਿਟਾ ਸੀ ਕਿ ਦੁਖਾਂ, ਮੁਸੀਬਤਾਂ ਤੇ ਪਹਾੜ ਟੁੱਟਣ ਤੇ ਮਨੁਖ ਉਸ ਦੇ ਚੱਕ੍ਰ ਵਿਚ ਫਸ ਜਾਵੇ। ਲੇਕਿਨ ਸਤਿਗੁਰਾਂ ਅਜੇਹੇ ਸੰਤ-ਸਿਪਾਹੀ ਤਿਆਰ ਕੀਤੇ ਜੋ ਦੁਖ ਵਿਚ ਦੁਖ ਨ ਮੰਨਣ, ਖੁਸ਼ੀ ਗ਼ਮੀ ਤੇ ਨਿੰਦਾ ਉਸਤਤਿ ਨੂੰ ਇਕ ਸਮਾਨ ਸਮਝਣ। ਇਸ ਸਾਊ ਸ਼ਾਂਤ ਤੇ ਸਹਿਨਸ਼ੀਲ ਰਵਈਏ ਤੋਂ ਬਗੈਰ ਇਹ ਸੰਗ੍ਰਾਮ ਲੜਿਆ ਨਹੀਂ ਸੀ ਜਾ ਸਕਦਾ।

'ਹਰਖ ਸੋਗ ਜਾਂਕੈ ਨਹੀਂ, ਬੈਰੀ ਮੀਤ ਸਮਾਨ
ਕਹੁ ਨਾਨਕ ਸੁਨਿ ਰੇ ਮਨਾ, ਮੁਕਤ ਤਾਂਹਿ ਤੈ ਜਾਨ।'
'ਦੁਖ ਸੁਖ ਏ ਬਾਧੇ ਜਿਹ ਨਾਹਨ, ਤਿਹ ਤੁਮ ਜਾਨਉ ਗਿਆਨੀ
ਨਾਨਕ ਮੁਕਤਿ ਤਾਂਹਿ ਤੁਮ ਮਾਨਉ, ਇਹ ਬਿਧਿ ਕੋ ਜੋ ਪ੍ਰਾਨੀ।'

[ਗਉੜੀ

'ਮਾਨ ਮੋਹ ਦੋਨੋ ਕਉ ਪਰਹਰਿ, ਗੋਬਿੰਦ ਕੇ ਗੁਨ ਗਾਵੈ
ਕਹੁ ਨਾਨਕ ਇਹ ਬਿਧਿ ਕੋ ਪ੍ਰਾਨੀ, ਜੀਵਨ ਮੁਕਤੁ ਕਹਾਵੈ।'

[ਬਿਲਾਵਲ

ਸੁਖੁ ਦੁਖ ਦੋਨੋ ਸਮ ਕਰਿ ਜਾਨੈ ਅਉਰ ਮਾਨੁ ਅਪਮਾਨਾ
ਉਸਤਤਿ ਨਿੰਦਾ ਦੋਊ ਤਿਆਗ ਖੋਜੈ ਪਦੁ ਨਿਰਬਾਨਾ
ਜਨ ਨਾਨਕ ਇਹ ਖੇਲੁ ਕਠਨੁ ਹੈ, ਕਿਨਹੂੰ ਗੁਰਮੁਖਿ ਜਾਨਾਂ।

[ਗਉੜੀ

ਸਭ ਤੋਂ ਵਧੀਆ ਮਨੁਖ ਦੀ ਵਧੀਆ ਵਿਆਖਿਆ ਗੁਰੂ ਜੀ ਨੇ ਇਸ ਸ਼ਬਦ ਵਿਚ ਕੀਤੀ ਹੈ, ਜੋ ਇਨ੍ਹਾਂ ਗੁਣਾਂ ਨੂੰ ਧਾਰ ਕੇ ਸਮਦ੍ਰਿਸ਼ਟਾ ਬਣਦਾ ਤੇ ਨਿਰਿੱਛਤ ਜੀਵਨ ਬਸਰ ਕਰਦਾ ਹੈ। ਇਹ ਸੰਤ-ਸਿਪਾਹੀ ਖਾਲਸੇ ਦਾ ਸਰੂਪ ਸੀ, ਜਿਸ ਨੂੰ ਖੁਦ ਸਤਿਗੁਰਾਂ ਆਪਣੀ ਕੁਰਬਾਨੀ ਦੇ ਕੇ ਅਮਲੀ ਰੂਪ ਵਿਚ ਮੂਰਤੀਮਾਨ ਕੀਤਾ।

ਜੋ ਨਰ ਦੁਖ ਮਹਿ ਦੁਖੁ ਨਹੀਂ ਮਾਨੈ
ਸੁਖ ਸਨੇਹੁ ਅਰੁ ਭੈ ਨਹੀਂ ਜਾਕੈ, ਕੰਚਨ ਮਾਟੀ ਮਾਨੈ । ੧ । ਰਹਾਉ ।
ਨਹ ਨਿੰਦਿਆ ਨਹਿ ਉਸਤਤਿ ਜਾਕੈ, ਲੋਭੁ ਮੋਹੁ ਅਭਿਮਾਨਾ
ਹਰਖ ਸੋਗ ਤੇ ਰਹੈ ਨਿਆਰਉ, ਨਾਹਿ ਮਾਨ ਅਪਮਾਨਾ । ੧ ।
ਆਸਾ ਮਨਸਾ ਸਗਲਿ ਤਿਆਗੈ, ਜਗ ਤੇ ਰਹੈ ਨਿਰਾਸਾ
ਕਾਮ ਕ੍ਰੋਧ ਜਿਹ ਪਰਸੈ ਨਾਹਨਿ, ਤਿਹ ਘਟ ਬ੍ਰਹਮ ਨਿਵਾਸਾ । ੨ ।
ਗੁਰ ਕਿਰਪਾ ਜਿਹ ਨਰ ਕਉ ਕੀਨੀ, ਤਿਹ ਇਹ ਜੁਗਤਿ ਪਛਾਨੀ
ਨਾਨਕ ਲੀਨ ਭਇਓ ਗੋਬਿੰਦ ਸਿਉ, ਜਿਉ ਪਾਨੀ ਸੰਗਿ ਪਾਨੀ । ੩ ।
(ਸੋਰਠਿ

ਲੇਕਿਨ ਨਿਰਭੈ ਪੁਰਸ਼ ਹੋਣ ਲਈ ਜ਼ਰੂਰੀ ਹੈ ਕਿ ਉਸ ਦਾ ਸਰਬ-ਸ਼ਕਤੀਮਾਨ ਨਾਲ ਡੂੰਘਾ ਸਬੰਧ ਹੋਵੇ, ਤੇ ਉਸ ਦੇ ਜ਼ੋਰ ਤੇ ਉਹ ਮਾਣ ਕਰ ਸਕਦਾ ਹੋਵੇ ਅਤੇ ਇਹ ਸਬੰਧ ਕੇਵਲ ਪ੍ਰਭੂ-ਸਿਮਰਨ ਨਾਲ ਹੀ ਬਣ ਸਕਦਾ ਹੈ—

'ਭੈ ਨਾਸਨੁ ਦੁਰਮਤਿ ਹਰਨ, ਕਲਿ ਮੈ ਹਰਿ ਕੋ ਨਾਮ ।'
'ਅਜਹੂ ਕਛੁ ਬਿਗਰਿਓ ਨਹੀਂ, ਜੋ ਪ੍ਰਭ ਗੁਨ ਗਾਵੈ
ਕਹੁ ਨਾਨਕ ਤਿਹ ਭਜਨ ਤੇ, ਨਿਰਭੈ ਪਦੁ ਪਾਵੈ ।' (ਤਿਲੰਗ

ਸਤਿਗੁਰਾਂ ਸਾਰੇ ਭਾਰਤ ਲਈ 'ਅਭੈਦਾਨ' ਦੀ ਮੰਗ ਕੀਤੀ ਹੈ—
ਨਾਹਿਨ ਗੁਨੁ ਨਾਹਿਨ ਕਛੁ ਜਪੁ ਤਪੁ, ਕਉਨੁ ਕਰਮ ਅਬ ਕੀਜੈ
ਨਾਨਕ ਹਾਰਿ ਪਰਿਓ ਸਰਨਾਗਤਿ, ਅਭੈਦਾਨੁ ਪ੍ਰਭੁ ਦੀਜੈ । (ਜੈਤਸਰੀ

ਜਦੋਂ ਮੁਗਲ ਸਰਕਾਰ ਆਪ ਨੂੰ ਮੌਤ ਦਾ ਭੈ ਦੇ ਕੇ ਇਹ ਮਨਾਉਣ ਲਗੀ ਕਿ ਤੁਸੀਂ ਇਸਲਾਮ ਵਿਚ ਆ ਜਾਓ ਜਾਂ ਕਰਾਮਾਤ ਦਿਖਾਓ ਤਾਂ ਗੁਰੂ ਸਾਹਿਬ ਨੇ ਨਿਰਭੈ ਹੋ ਕੇ ਦੋਵੇਂ, ਗੱਲਾਂ ਰੱਦ ਕਰ ਦਿਤੀਆਂ । ਤੇ ਕਿਹਾ—ਇਸਲਾਮ ਵਿਚ ਆਉਣ ਦਾ ਮਤਲਬ ਹੈ ਕਿ ਆਪਣੇ ਧਰਮ ਦਾ ਤਿਆਗ, ਇਹ ਸੰਭਵ ਨਹੀਂ, ਦੂਜੇ ਕਰਾਮਾਤ ਦਿਖਾਉਣਾ, ਅਸੂਲਘਾਤ ਹੈ । ਇਸਲਾਮ ਤੇ ਹੋਰ ਸਾਮੀ ਮਜ਼ਬਾਂ ਵਿਚ ਤਾਂ ਨਬੀ ਪੈਗੰਬਰ ਦੀ ਨਿਸ਼ਾਨੀ ਕਰਾਮਾਤ ਹੀ ਹੈ ਜੇ ਉਹ ਕਰ ਕੇ ਦਿਖਾਉਂਦਾ ਤਾਂ ਲੋਕਾਂ

ਨੂੰ ਮਗਰ ਲਾਉਂਦਾ ਹੈ ਪਰੰਤੂ ਸਿਖ ਮਤ ਵਿਚ ਇਹ ਮੰਨਿਆ ਗਿਆ ਹੈ ਕਿ 'ਕਰਾਮਾਤ ਕਹਰ ਹੈ,' ਰੱਬੀ ਭਾਣੇ ਦੇ ਵਿਰੁਧ ਜਾਣਾ ਹੈ। ਸੋ ਸਹੀ ਧਰਮਾਤਮਾ ਤਾਂ ਰਜ਼ਾ ਵਿਚ ਰਹਿੰਦਾ ਤੇ ਇਹ ਨਾਟਕ ਚੇਟਕ ਕਰਨੇ ਪਸੰਦ ਹੀ ਨਹੀਂ ਕਰਦਾ।

'ਜੋ ਆਪਣੇ ਘਰਿ ਰਹੈ, ਸੋ ਦੀਨ ਕਹਾਵੈ।
ਦੂਜੇ ਘਰਿ ਜਾਵੈ ਸੋ ਬੇਦੀਨ ਅਖਾਵੈ।
'ਅਜ਼ਮਤ ਹੈ ਕਹਰ' ਫਕੀਰ ਨਹੀਂ ਦੱਸੈ।
ਸਾਈਂ ਖੜਾ ਸਿਰ ਊਪਰਿ ਹੱਸੈ। 13। (ਬੰਸਾਵਲੀਨਾਮਾ (ਕੇਸਰ ਸਿੰਘ)

ਇਸ ਬਾਰੇ ਸਿਖ ਪਰੰਪਰਾ ਸਪਸ਼ਟ ਸੀ। ਗੁਰੂ ਨਾਨਕ ਸਾਹਿਬ ਨੇ ਜੋਗੀਆਂ ਨੂੰ ਕਰਾਮਾਤ ਵਿਖਾਉਣੋਂ ਇਨਕਾਰ ਕਰ ਦਿਤਾ ਸੀ ਤੇ ਰਿਧੀ-ਸਿਧੀ ਨੂੰ 'ਅਵਰਾ ਸਾਦੁ' ਕਿਹਾ ਸੀ। ਖੁਦ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਪੁੱਤਰਾਂ ਨੂੰ ਕਰਾਮਾਤ ਦਿਖਾਉਣੋਂ ਵਰਜਿਆ ਸੀ। ਬਾਬਾ ਗੁਰਦਿਤਾ ਜੀ ਨੇ ਮੋਈ ਗਊ ਜਿਵਾ ਦਿਤੀ ਸੀ ਤੇ ਬਾਬਾ ਅਟੱਲ ਰਾਇ ਨੇ ਮੋਏ ਸਾਥੀ ਬਾਲਕ ਨੂੰ ਸੁਰਜੀਤ ਕਰ ਲਿਆ ਸੀ ਲੇਕਿਨ ਪਿਤਾ ਗੁਰੂ ਨੇ ਇਹ ਭਾਣੇ ਵਿਰੁਧ ਜਾਣ ਵਾਲੀਆਂ ਗੱਲਾਂ ਪਸੰਦ ਨਹੀਂ ਸੀ ਕੀਤੀਆਂ। ਸਿਟਾ ਇਹ ਕਿ ਦੋਵੇਂ ਸਾਹਿਬਜ਼ਾਦੇ ਗੁਰ-ਆਸ਼ੇ ਨੂੰ ਜਾਣ ਕੇ ਤੇ ਇਸ ਸਿਧਾਂਤ ਦੀ ਪਾਲਣਾ ਕਰਦੇ ਹੋਏ ਅਪਣੇ ਪ੍ਰਾਣ ਤਿਆਗ ਗਏ ਸਨ।

ਗੁਰੂ ਤੇਗ ਬਹਾਦਰ ਜੀ ਨੇ ਇਸ ਅਸੂਲ-ਪ੍ਰਸਤੀ ਦੀ ਨਿਰਭੈ ਹੋ ਕੇ ਵਕਾਲਤ ਕੀਤੀ, ਮੌਤ ਦੰਡ ਦੇ ਭੈ ਤੋਂ ਘਬਰਾਕੇ ਕਰਾਮਾਤ ਨਹੀਂ ਦਿਖਾਈ, ਤੇ ਆਪਣੇ ਅਧਿਆਤਮਕ—ਅੰਦਰਲੇ ਰਹੱਸ (ਸਿੱਰਰ) ਨੂੰ ਜ਼ਾਹਰ ਨਹੀਂ ਹੋਣ ਦਿਤਾ—

ਧਰਮ ਹੇਤ ਸਾਕਾ ਜਿਨ ਕੀਆ
ਸੀਸ ਦੀਆ ਪਰ ਸਿਰਰੁ ਨ ਦੀਆ।
ਨਾਟਕ ਚੇਟਕ ਕੀਏ ਕੁਕਾਜਾ
ਪ੍ਰਭ ਲੋਗਨ ਕਉ ਆਵਤ ਲਾਜਾ। 14। (ਬਚਿਤ੍ਰ ਨਾਟਕ

ਬਾਬਾ ਰਾਮ ਰਾਇ, ਇਸੇ ਨਾਟਕ-ਚੇਟਕ ਵਿਚ ਪੈ ਕੇ ਪਿਤਾ ਗੁਰੂ ਦੀ ਨਰਾਜ਼ਗੀ ਸਹੇੜ ਬੈਠਾ ਸੀ ਲੇਕਿਨ ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣੀ

ਕੁਰਬਾਨੀ ਦੇ ਕੇ ਸਿੱਧ ਕਰ ਦਿਤਾ ਕਿ ਨਿਰਭੈ ਹੋਏ ਬਗੈਰ ਕਿਸੇ ਵੀ ਧਾਰਮਿਕ ਅਸੂਲ ਦੀ ਪਾਲਣਾ ਸੰਭਵ ਨਹੀਂ ਹੋ ਸਕਦੀ।

ਭਾਰਤੀ ਭਗਤ-ਮੰਡਲੀ ਵਿਚ ਨਿਰਭੈਤਾ ਦੀ ਘਾਟ ਸੀ, ਇਹ ਲੋਕ ਧਾਰਮਿਕ ਦ੍ਰਿੜ੍ਹਤਾ ਨਹੀਂ ਸੀ ਦਿਖਾ ਸਕਦੇ। ਇਹ ਰਾਜਿਆ, ਨਵਾਬਾਂ ਤੋਂ ਡਰਦੇ ਸਨ, ਦੇਵਤਿਆਂ ਤੋਂ ਡਰਦੇ ਸਨ, ਦੈਂਤਾਂ ਤੋਂ ਡਰਦੇ ਸਨ ਤੇ ਮੌਤ ਦਾ ਨਾਂ ਸੁਣਕੇ ਤਾਂ ਉਂਜ ਹੀ ਕੰਬਦੇ ਸਨ, ਸੋ ਇਹ ਕੁਰਬਾਨੀ ਕਿਵੇਂ ਕਰ ਸਕਦੇ ਸਨ। ਇਸੇ ਕਰਕੇ ਗੁਰੂ ਸਾਹਿਬ ਨੇ ਜਿਤੇ ਪ੍ਰੇਮ ਭਗਤੀ ਤੇ ਸਿਮਰਨ ਭਜਨ ਦਾ ਸੰਦੇਸ਼ਾ ਦਿਤਾ, ਉਥੇ ਨਿਰਭੈਤਾ ਦੀ ਜਾਚ ਦੱਸ ਕੇ ਅਜੇਹੇ ਸਿਰਲੱਥ ਜੋਧਿਆਂ ਦੀ ਜਮਾਤ ਤਿਆਰ ਕਰ ਦਿਤੀ ਜੋ ਜਬਰ ਜ਼ੁਲਮ ਨਾਲ ਸਿੱਧੀ ਟੱਕਰ ਲੈ ਸਕੇ ਤੇ ਆਪਣਾ ਕਰਮਯੋਗ ਦੇ ਬਲ ਨਾਲ ਸਭ ਲਈ ਸੁਤੰਤ੍ਰਤਾ ਲਿਆ ਸਕੇ। ਇਸ ਦੇਸ ਲਈ ਕੁਰਬਾਨੀ ਦਾ ਰਸਤਾ ਬਿਲਕੁਲ ਨਵੀਂ ਗੱਲ ਸੀ, ਗੁਰੂ ਸਾਹਿਬਾਨ ਨੇ ਹੀ ਇਸ ਤੋਂ ਜਾਣੂ ਕਰਾਇਆ ਤੇ ਮੌਤ ਦਾ ਭੈ ਲਾਹਿਆ। ਇਹ ਉਨ੍ਹਾਂ ਦੀ ਵਿਚਾਰਧਾਰਾ ਦਾ ਆਖਰੀ ਸਬਕ ਸੀ, ਜੋ ਉਨ੍ਹਾਂ ਸੀਸ ਦੇ ਕੇ ਪੱਕਿਆਂ ਕੀਤਾ।

ਸਿਖੀ ਇਬਾਦਤ ਤੋਂ ਲੈ ਕੇ ਸ਼ਹਾਦਤ ਤਕ ਦਾ ਲੰਮਾ ਸਫਰ ਹੈ। ਇਬਾਦਤ ਜਾਂ ਬੰਦਗੀ ਇਸਦੀ ਬੁਨਿਆਦ ਹੈ ਤੇ ਸ਼ਹਾਦਤ ਸਿਖਰ ਦਾ ਕਲਸ। ਗੁਰਬਾਣੀ ਇਹ ਦਸਦੀ ਹੈ ਕਿ ਜੀਉਣਾ ਕਿਵੇਂ ਹੈ ਤੇ ਕੁਰਬਾਨੀ ਉਹ ਸਬਕ ਹੈ ਜੋ ਇਹ ਦ੍ਰਿੜ੍ਹਾਉਂਦਾ ਹੈ ਕਿ ਮਰਨਾ ਕਿਵੇਂ ਹੈ। ਇਨ੍ਹਾਂ ਦੋਹਾਂ ਦੇ ਸੁਮੇਲ ਨੇ ਹੀ ਸਿਖੀ ਤੇ ਸਿਖ ਇਤਿਹਾਸ ਨੂੰ ਚਮਤਕਾਰੀ ਤੇ ਵਿਲੱਖਣ ਬਣਾਇਆ ਹੈ।

—0—

੬

ਗੁਰੂ ਤੇਗ ਬਹਾਦਰ ਜੀ ਦੇ ਸ਼ਰਧਾਲੂ ਤੇ ਸਨੇਹੀ

ਗੁਰੂ ਤੇਗ ਬਹਾਦਰ ਸਾਹਿਬ (1664-1675 ਈ.) ਲਗਭਗ ਸਾਢੇ ਦਸ ਵਰ੍ਹੇ ਗੁਰਿਆਈ ਦੀ ਗੱਦੀ ਤੇ ਰਹੇ ਅਤੇ ਸਤਲੁਜ ਤੋਂ ਲੈ ਕੇ ਬ੍ਰਹਮਪੁੱਤਰ ਦੇ ਕੰਢਿਆਂ ਤਕ ਲੋਕਾਂ ਨੂੰ ਭਗਤੀ, ਵੈਰਾਗ, ਸੁਤੰਤ੍ਰਤਾ ਤੇ ਸ੍ਵੈਮਾਨ ਦੀ ਸਿਖਿਆ ਸੁਣਾਉਂਦੇ ਰਹੇ ਜਿਸ ਦਾ ਬਹੁਤ ਡੂੰਘਾ ਪ੍ਰਭਾਵ ਪਿਆ ਤੇ ਹਜ਼ਾਰਾਂ ਸ਼ਰਧਾਲੂ ਆਪਦੇ ਸਿਖ ਤੇ ਸਨੇਹੀ ਬਣੇ। ਇਨ੍ਹਾਂ ਵਿਚੋਂ ਕੁਝ ਚੋਣਵੇਂ ਵਿਅਕਤੀਆਂ ਦੀ ਇਥੇ ਜਾਣ-ਪਛਾਣ ਕਰਾਈ ਜਾਂਦੀ ਹੈ।

(1) **ਭਾਈ ਦਿਆਲਾ**—ਭਾਈ ਦਿਆਲ ਦਾਸ ਦਾ ਜਨਮ ਪਿੰਡ ਅਲੀਪੁਰ ਤਸੀਲ ਤੇ ਜ਼ਿਲ੍ਹਾ ਮੁਜ਼ੱਫਰ ਗੜ੍ਹ ਇਕ ਰਾਜਪੂਤ ਘਰਾਣੇ ਵਿਚ ਮਾਈਦਾਸ ਦੇ ਘਰ ਮਧੁਰੀ ਬਾਈ ਦੀ ਕੁੱਖੋਂ ਹੋਇਆ। ਮਾਈਦਾਸ; ਸ਼ਾਹਜਹਾਂ ਦੇ ਜ਼ਮਾਨੇ ਕਿਤੇ ਸਰਕਾਰੀ ਅਹੁਦੇ ਤੇ ਸੀ ਤੇ ਚੰਗੀ ਮਾਨਤਾ ਰਖਦਾ ਸੀ। ਇਸ ਦੇ ਦੋ ਵਿਆਹ ਸਨ-ਮਧੁਰੀ ਬਾਈ ਤੇ ਲਡਿਕੀ। ਮਧੁਰੀ ਬਾਈ ਤੋਂ ਜੇਠਾ, ਦਯਾਲ ਦਾਸ, ਮਨੀ ਰਾਮ, ਦਾਨਾ ਮਾਨਾ, ਅਮਰ ਚੰਦ, ਰੂਪਾ ਤੇ ਲਡਿਕੀ ਦੇ ਪੇਟੋਂ ਜਗਤੂ, ਸੋਹਣਾ, ਲਹਿਣਾ, ਰਾਇ ਚੰਦ ਤੇ ਹਰੀਚੰਦ ਕੁੱਲ 12 ਪੁੱਤਰ ਪੈਦਾ ਹੋਏ। ਇਨ੍ਹਾਂ 12 ਵਿਚੋਂ ਸਿਵਾਇ ਅਮਰਚੰਦ

ਦੇ ਬਾਕੀ ਗਿਆਰਾਂ ਸਿਖੀ ਖਾਤਰ ਸ਼ਹੀਦ ਹੋਏ । ਭਾਈ ਦਿਆਲ ਦਾਸ ਭਾਈ ਮਨੀ ਸਿੰਘ ਦੇ ਵੱਡੇ ਭਾਈ ਸਨ ਜੋ ਉਮਰ ਭਰ ਗੁਰੂ ਤੇਗ ਬਹਾਦਰ ਜੀ ਨਾਲ ਰਹੇ । ਜਦੋਂ 1713 ਬਿ. ਮੁਤਾਬਕ 1656 ਈ. ਵਿਚ ਬਾਬਾ ਤੇਗ ਬਹਾਦਰ ਤੀਰਥ-ਯਾਤ੍ਰਾ ਲਈ ਨਿਕਲੇ ਤੇ ਬਨਾਰਸ ਅਤੇ ਪਟਨੇ ਵਲ ਕਈ ਸਾਲ ਰਹੇ ਤਾਂ ਭਾਈ ਦਿਆਲ ਦਾਸ ਗੁਰੂ ਜੀ ਦੇ ਸਾਰੇ ਕਾਰੋਬਾਰ ਦਾ ਮੁਖ ਪ੍ਰਬੰਧਕ ਸੀ । ਪਟਨੇ ਦੀ ਸੰਗਤ ਦੇ ਨਾਂ ਗੁਰੂ ਜੀ ਦੇ ਜਿਤਨੇ ਹੁਕਮਨਾਮੇ ਮਿਲਦੇ ਹਨ, ਇਨ੍ਹਾਂ ਵਿਚ ਸਭ ਤੋਂ ਪਹਿਲਾਂ ਭਾਈ ਦਿਆਲਾ ਜੀ ਨੂੰ ਹੀ ਸੰਬੋਧਨ ਕੀਤਾ ਗਿਆ ਹੈ । ਬਜ਼ੁਰਗ ਸਿਖ ਹੋਣ ਦੇ ਨਾਤੇ ਆਪ ਦਾ ਸਦਾ ਸਤਿਕਾਰ ਰਿਹਾ । ਇਕ ਹੁਕਮਨਾਮੇ ਵਿਚ ਅੰਕਿਤ ਹੈ—'ਭਾਈ ਦਿਆਲ ਦਾਸ ਕਹੇ, ਸੰਗਤਿ, ਗੁਰੂ ਕਾ ਹੁਕਮ ਕਰਿ ਮੰਨਣਾ ।'

1722 ਬਿ. ਕੱਤਕ ਸੁਦੀ ਏਕਾਦਸ਼ੀ ਨੂੰ ਜਦੋਂ ਔਰੰਗਜ਼ੇਬ ਨੇ ਆਲਮ ਖ਼ਾਂ ਰੁਹੇਲੇ ਨੂੰ ਭੇਜ ਕੇ ਗੁਰੂ ਤੇਗ ਬਹਾਦਰ ਜੀ ਨੂੰ ਧਮਧਾਣ ਤੋਂ ਗ੍ਰਿਫ਼ਤਾਰ ਕੀਤਾ ਤਾਂ ਆਪ ਆਪਣੇ ਵੱਡੇ ਭਾਈ ਜੇਠੇ ਸਮੇਤ ਗੁਰੂ ਜੀ ਨਾਲ ਪਕੜੇ ਗਏ । ਫਿਰ ਜਦੋਂ ਦੂਜੀ ਵਾਰ 1732 ਬਿ. ਸਾਵਣ 12 ਨੂੰ ਗੁਰੂ ਜੀ ਗ੍ਰਿਫ਼ਤਾਰੀ ਰੋਪੜ ਲਾਗੇ ਮਲਕਪੁਰ ਦੀ ਜੂਹ ਵਿਚੋਂ ਹੋਈ ਤਾਂ ਵੀ ਭਾਈ ਦਿਆਲ ਦਾਸ ਨਾਲ ਸੀ । ਆਪ ਨੂੰ ਪਕੜ ਕੇ ਗੁਰੂ ਜੀ ਨਾਲ ਸਰਹੰਦ ਕੈਦ ਰੱਖਿਆ ਗਿਆ । ਤੇ ਫਿਰ ਦਿਲੀ ਲਿਆ ਕੇ 1732 ਬਿ. ਮੱਘਰ ਸੁਦੀ ਪੰਚਮੀ ਨੂੰ ਦੇਗ ਵਿਚ ਉਬਾਲ ਕੇ ਸ਼ਹੀਦ ਕੀਤਾ ਗਿਆ । ਬੋਹਥ ਦੇ ਪੁੱਤਰ ਦੇਸੂ ਭੱਟ (4 ਚੇਤ, 1750 ਬਿ.) ਦਾ ਕਥਨ ਹੈ :—

'ਧੰਨ ਧੰਨ ਮਾਤਾ ਮਧੁਰੀ ਬਾਈ, ਤਉ ਜਾਇਆ ਮਨੀਰਾਮ ਪੂਤ ਸੁਪੁਤਾ
ਸੁਪੂਤ ਬੇਟਾ ਤਊ ਗਾਂਊਂ ਦਯਾਲ ਦਾਸ, ਜੀਤੇ ਜੀ ਦੇਗੇ ਉਬਲਿੱਤਾ ।'

ਇਸੇ ਤਰ੍ਹਾਂ ਦੇਸਾ ਸਿੰਘ ਦੇ ਪੁੱਤਰ ਭੀਮ ਸਿੰਘ ਭੱਟ ਨੇ ਕਿਹਾ ਹੈ :—

ਧੰਨ ਧੰਨ ਦਯਾਲ ਦਾਸ ਜਸ ਤਉਂ ਕਾ, ਰਿੱਧ ਚੁਗੱਤੇ ਦੇਗੇ ਭੀਤਰ ਧਰਿਆ,
ਧੰਨ ਧੰਨ ਮਨੀ ਸਿੰਘ ਜਸ ਤਉਂ ਕਾ, ਬੰਦ ਬੰਦ ਕਟਿ ਪੋਸ਼ ਉਖਰਿਆ ।

[ਭੱਟ ਵਹੀ ਮੁਲਤਾਨੀ ਸਿੰਧੀ

ਭਾਈ ਦਿਆਲ ਦਾਸ ਦਾ ਪੁੱਤਰ ਕਲਿਆਣ ਸਿੰਘ 29 ਭਾਦ੍ਰੋਂ 1757 ਬਿ. ਨੂੰ ਤਾਰਾ ਗਢ ਪਾਸ ਅਨੰਦਪੁਰ, ਪਹਾੜੀ ਰਾਜਿਆਂ ਨਾਲ ਲੜਦਾ ਸ਼ਹੀਦ ਹੋਇਆ ਸੀ

ਤੇ ਦੂਜਾ ਪੁੱਤਰ ਮਥਰਾ ਸਿੰਘ 7 ਕੱਤਕ 1757 ਬਿ.ਨੂੰ ਨਿਰਮੋਹਗੜ੍ਹ ਜੂਝਦਾ ਸ਼ਹੀਦੀ ਪਾ ਗਿਆ ਸੀ ।

(2) **ਭਾਈ ਮਤੀਦਾਸ**—ਸਿਖ ਇਤਿਹਾਸ ਵਿਚ ਛਿੱਬਰ ਘਰਾਣਾ ਕਾਫੀ ਪ੍ਰਸਿੱਧ ਹੈ। ਇਨ੍ਹਾਂ ਦਾ ਵਡੇਰਾ ਗੋਤਮ, ਪਹਿਲੇ ਪਹਿਲ ਸਿਖੀ ਵਿਚ ਆਇਆ । ਗੋਤਮ ਦੇ ਪੁੱਤਰ ਪ੍ਰਾਗਾ ਤੇ ਪੇਰਾ ਸਨ । ਪੇਰੇ ਦੇ ਪੁੱਤਰ ਛੁਟਮੱਲਿ, ਚਉਪਤਿ ਤੇ ਕਬੂਲ ਦਾਸ ਸਨ । ਕਬੂਲੇ ਦੇ ਪੁੱਤਰ ਸਨ—ਮਤੀ ਦਾਸ, ਸਤੀਦਾਸ ਤੇ ਜਤੀਦਾਸ । ਭੱਟ ਵਹੀਆਂ ਵਿਚ ਪਿਤਾ ਹੀਰਾਮੱਲ ਲਿਖਿਆ ਹੈ ਜੋ ਦਰੁਸਤ ਨਹੀਂ (ਵੇਖੋ ਪੰਡਾ ਵਹੀ) ਪ੍ਰਾਗਾ ਗੁਰੂ ਹਰਿਗੋਬਿੰਦ ਜੀ ਦਾ ਨਾਮੀ ਸੂਰਬੀਰ ਸੀ ਜੋ 1678 ਕੱਤਕ ਵਿਚ ਰੁਹੀਲੇ ਦੀ ਮੁੱਠਭੇੜ ਵਿਚ ਸ਼ਹੀਦ ਹੋਇਆ । ਤੇ ਪ੍ਰਾਗੇ ਦਾ ਪੁੱਤਰ ਦੁਆਰਕਾ ਦਾਸ, ਦੁਆਰਕਾ ਦਾਸ ਦੇ ਪੁੱਤਰ ਦਰਗਹ ਮੱਲ ਤੇ ਹੀਰਾਮੱਲ ਆਦਿ ਸਨ । ਦਰਗਹ ਮੱਲ ਗੁਰੂ ਹਰਿ ਰਾਇ ਤੇ ਗੁਰੂ ਹਰਿ ਕ੍ਰਿਸ਼ਣ ਜੀ ਦਾ ਦੀਵਾਨ ਰਿਹਾ ਸੀ ਤੇ ਦਿੱਲੀ ਤੋਂ ਗੁਰੂ ਤੇਗ ਬਹਾਦਰ ਲਈ ਗੁਰਿਆਈ ਦਾ ਤਿਲਕ ਬਕਾਲੇ ਇਹੋ ਲੈ ਕੇ ਆਇਆ ਸੀ । ਬਜ਼ੁਰਗ ਉਮਰ ਹੋਣ ਨਾਤੇ ਗੁਰਿਆਈ ਦੀ ਰਸਮ ਬਾਦ ਇਸ ਛੁੱਟੀ ਲਈ ਤੇ ਆਪਣੇ ਸਬੰਧੀਆਂ-ਭਾਈ ਮਤੀਦਾਸ ਤੇ ਸਤੀਦਾਸ ਨੂੰ ਦੀਵਾਨੀ ਦਾ ਕਾਰੋਬਾਰ ਸੌਂਪਿਆ। ਕਰਤਾ 'ਮਹਿਮਾ ਪ੍ਰਕਾਸ਼ ਲਿਖਦਾ ਹੈ :—

'ਮਤੀਦਾਸ ਗੁਰ ਕੇ ਦੀਵਾਨ : ਸਿਖੀ ਮੋਂ ਪੂਰਣ ਪ੍ਰਮਾਨ ।'

ਦੋਵੇਂ ਵਾਰੀ ਗ੍ਰਿਫਤਾਰੀ ਸਮੇਂ ਭਾ. ਮਤੀਦਾਸ ਜੀ ਨੂੰ ਨਾਲ ਗ੍ਰਿਫਤਾਰ ਕੀਤਾ ਗਿਆ ਤੇ ਮੱਘਰ ਸੁਦੀ ਪੰਚਮੀ 1732 ਬਿ. ਨੂੰ ਦਿਲੀ ਆਰੇ ਨਾਲ ਦੁਫਾੜ ਕਰ ਕੇ ਸ਼ਹੀਦ ਕੀਤਾ ਗਿਆ । ਜਦੋਂ ਤੁਰਕਾਂ ਗੁਰੂ ਸਾਹਿਬ ਉਤੇ ਅਤਿਆਚਾਰ ਕੀਤੇ ਤਾਂ ਭਾ. ਮਤੀਦਾਸ ਰੋਹ ਵਿਚ ਆ ਗਏ ਤੇ ਇਨ੍ਹਾਂ ਦਿਲੀ ਦੀ ਇੱਟ ਨਾਲ ਇੱਟ ਖੜਕਾਉਣ ਦੀ ਠਾਣੀ । ਲੇਕਿਨ ਗੁਰੂ ਜੀ ਨੇ ਸਿਖ ਨੂੰ ਜ਼ਿੰਦਗੀ ਦਾ ਰਾਜ਼ ਸਮਝਾਇਆ ਕਿ ਅਸਾਂ ਇਸੇ ਕਰਾਮਾਤੀ ਕਹਰ ਤੋਂ ਤਾਂ ਆਪਣਾ ਆਪ ਬਚਾਉਣਾ ਤੇ ਭਾਣੇ ਵਿਚ ਜੀਵਨ ਬਿਤਾਉਣਾ ਹੈ ।

ਭਾਈ ਮਤੀਦਾਸ ਦੇ ਤਿੰਨ ਪੁੱਤਰ ਸਨ—ਸਾਹਿਬ ਸਿੰਘ, ਮੁਕੰਦ ਸਿੰਘ ਤੇ ਚਰਨ ਦਾਸ । ਸਾਹਿਬ ਸਿੰਘ ਗੁਰੂ ਗੋਬਿੰਦ ਸਿੰਘ ਜੀ ਦਾ ਘਰਬਾਰੀ ਦੀਵਾਨ ਰਿਹਾ ਜੋ 7 ਕੱਤਕ 1757 ਬਿ. ਨੂੰ ਨਿਰਮੋਹਗੜ੍ਹ ਦੀ ਜੰਗ ਵਿਚ ਸ਼ਹੀਦ ਹੋਇਆ । ਭਾਈ ਮੁਕੰਦ ਸਿੰਘ ਚਮਕੌਰ ਸ਼ਹੀਦੀ ਪਾ ਗਿਆ ਸੀ ਅਤੇ ਚਰਨਦਾਸ ਸਾਧੂ ਹੋ ਕੇ ਵਿਚਰਦਾ ਰਿਹਾ । ਅਖੀਰ ਭਰੌੜ ਰਿਹਾ ।

(3) **ਭਾਈ ਸਤੀਦਾਸ**—ਭਾਈ ਸਤੀਦਾਸ, ਬਾਬਾ ਕਬੂਲਦਾਸ ਦੇ ਸਪੁੱਤਰ ਤੇ ਭਾਈ ਮਤੀਦਾਸ ਦੇ ਛੋਟੇ ਭਾਈ ਸਨ। ਜਿਥੇ ਮਤੀਦਾਸ ਦਰਬਾਰੀ ਦੀਵਾਨ ਸੀ ਤੇ ਸਤੀਦਾਸ ਘਰਬਾਰੀ ਦੀਵਾਨ। ਇਹ ਫਾਰਸੀ ਦਾ ਅੱਛਾ ਵਿਦਵਾਨ ਸੀ ਤੇ ਗੁਰੂ ਜੀ ਦੀ ਬਾਣੀ ਫਾਰਸੀ ਅੱਖਰਾਂ ਵਿਚ ਛੇਤੀ ਲਿਖ ਕੇ ਸੰਭਾਲ ਲਿਆ ਕਰਦਾ ਸੀ ਤੇ ਚਿਠੀ-ਪੱਤਰ ਦਾ ਕੰਮ ਵੀ ਇਸਦੇ ਜ਼ਿੰਮੇ ਸੀ ਕਿਉਂਕਿ ਇਹ ਗੁਰਮੁਖੀ ਦਾ ਵੀ ਚੰਗਾ ਖੁਸ਼ਨਵੀਸ ਸੀ।

'ਬਾਣੀ ਜੋ ਸਾਹਿਬ ਕਰਨ ਉਚਾਰ
ਸੋ ਸਤੀਦਾਸ ਨਿਤ ਕਰੇ ਫਾਰਸੀ ਅੱਖਰਾਂ ਵਿਚ ਉਤਾਰ ।'

(ਬੰਸਾਵਲੀਨਾਮਾ, ਨੌਂਵਾਂ ਚਰਣ)

ਇਹ ਸਦਾ ਗੁਰਿਆਈ ਦੇ ਦਸ ਵਰ੍ਹਿਆਂ ਸਮੇਂ ਗੁਰੂ ਜੀ ਦੇ ਅੰਗ ਸੰਗ ਰਿਹਾ ਤੇ ਦੋ ਵਾਰ ਗੁਰੂ ਜੀ ਨਾਲ ਗ੍ਰਿਫਤਾਰ ਵੀ ਹੋਇਆ। ਅੰਤ, ਮੱਘਰ ਸੁਦੀ ਪੰਚਮੀ 1732 ਬਿ. ਨੂੰ ਦਿਲੀ ਇਸ ਨੂੰ ਰੂੰ ਵਿਚ ਲਪੇਟ ਕੇ ਜੀਉਂਦਿਆਂ ਜੀ ਸਾੜ ਦਿਤਾ ਗਿਆ। ਆਮ ਇਤਿਹਾਸਾਂ ਵਿਚ ਭਾਈ ਮਤੀਦਾਸ ਜੀ ਦੀ ਸ਼ਹੀਦੀ ਦਾ ਹੀ ਜ਼ਿਕਰ ਮਿਲਦਾ ਹੈ ਪਰੰਤੂ ਭੱਟ ਵਹੀਆਂ ਵਿਚ ਸਾਫ ਲਿਖਿਆ ਹੈ ਕਿ ਭਾਈ ਸਤੀਦਾਸ ਨੂੰ ਰੂੰ ਵਿਚ ਲਪੇਟ ਕੇ ਅੱਗ ਲਾ ਕੇ ਸ਼ਹੀਦ ਕੀਤਾ ਗਿਆ ਸੀ।

(4) **ਭਾ. ਮੱਖਣ ਸ਼ਾਹ ਲੁਬਾਣਾ**—ਭਾਈ ਮੱਖਣਸ਼ਾਹ, ਪਿੰਡ ਮੋਟਾ ਟਾਂਡਾ ਪਰਗਣਾ ਮੁਜ਼ੱਫਰਾਬਾਦ (ਕਸ਼ਮੀਰ) ਦਾ ਵਸਨੀਕ ਸੀ। ਇਸ ਦਾ ਪਿਤਾ ਦਾਸੇ ਸ਼ਾਹ, ਦਾਦਾ ਅਰਬਾ ਤੇ ਪੜਦਾਦਾ ਬਿੰਨਾ ਵੀ ਚੰਗੇ ਸ਼ਰਧਾਵਾਨ ਸਿਖ ਸਨ। ਮੱਖਣ ਸ਼ਾਹ ਦਾ ਜਨਮ 1646 ਬਿ. ਵਿਸਾਖ ਵਦੀ ਪੰਚਮੀ ਨੂੰ ਮਾਤਾ ਸਭਰਾਈ ਦੇ ਪੇਟੋਂ ਪਿਸ਼ਾਵਰ ਵਿਚ ਹੋਇਆ। ਜਦ ਗੁਰੂ ਹਰਿਗੋਬਿੰਦ ਸਾਹਿਬ ਕਸ਼ਮੀਰ ਆਏ ਤਾਂ ਇਹ ਆਪ ਦਾ ਸਿਖ ਬਣਿਆ, ਫਿਰ 1717 ਬਿ. ਜੇਠ ਦੀ ਪੰਚਮੀ ਨੂੰ ਗੁਰੂ ਹਰਿ ਰਾਇ ਸਾਹਿਬ ਪੁਰਮੰਡਲ ਕਸ਼ਮੀਰ ਗਏ ਤਾਂ ਤਿੰਨ ਚਾਰ ਮਹੀਨੇ ਇਸੇ ਦੇ ਟਾਂਡੇ (ਕੈਂਪ) ਵਿਚ ਰਹੇ ਸਨ।

ਵਣਜਾਰਿਆਂ ਦੀਆਂ ਸੋਲਾਂ ਸ਼ਾਖਾਂ ਹਨ, ਜੋ ਹਿੰਦ ਭਰ ਵਿਚ ਮਾਲ ਦੀ ਢੋ-ਢੁਆਈ ਤੇ ਮੁਗਲ ਜ਼ਮਾਨੇ ਵਿਚ ਸਰਕਾਰੀ ਠੇਕੇਦਾਰੀ ਦਾ ਕੰਮ ਵੀ ਨਿਭਾਉਂਦੇ ਰਹੇ ਹਨ। ਔਰੰਗਜ਼ੇਬ ਦੀਆਂ ਮੁਹਿੰਮਾਂ ਸਮੇਂ ਇਹ ਲੋਕ ਦੱਖਣੀ ਹਿੰਦ ਵਿਚ ਕਈ ਥਾਂ ਜਾ ਵਸੇ ਸਨ। ਇਨ੍ਹਾਂ 16 ਸ਼ਾਖਾਵਾਂ ਵਿਚੋਂ ਪੰਜ ਰਾਜਪੂਤ-ਚੌਹਾਨ, ਰਾਠੌਰ,

ਪ੍ਰਮਾਰ, ਤੁਮਾਰ ਤੇ ਜਾਦੋਬੰਸੀ ਹਨ। 11 ਲੁਬਾਣਿਆਂ ਦੀਆਂ ਸ਼ਾਖਾਂ ਹਨ—ਜਿਵੇਂ ਪੋਲੀਆਂ, ਘੋਥੜਾ, ਚਪਾਰਨੀਆ, ਮਠਾਣਾ, ਭੁਗਤਾਣਾ ਆਦਿ ਤੇ ਮੱਖਣ ਸ਼ਾਹ ਇਨ੍ਹਾਂ ਦਾ ਮੋਹਰੀ ਆਗੂ ਮੰਨਿਆ ਜਾਂਦਾ ਰਿਹਾ ਹੈ ਜੋ ਕਿ ਪੋਲੀਆ ਗੋਤ ਦਾ ਸੀ। 1721 ਬਿ. ਦੀ ਦੀਵਾਲੀ (9 ਅਕਤੂਬਰ, 1664 ਈ) ਨੂੰ ਮੱਖਣ ਸ਼ਾਹ ਪਰਿਵਾਰ ਸਮੇਤ ਬਕਾਲੇ ਸੀ ਤੇ ਇਸ ਨੇ ਗੁਰੂ ਤੇਗ ਬਹਾਦਰ ਜੀ ਨੂੰ ਪਰਗਟ ਕਰਨ ਵਿਚ ਮੋਹਰੀ ਹਿਸਾ ਪਾਇਆ ਸੀ। ਇਸ ਦੇ ਪੁੱਤਰ ਲਾਲ ਚੰਦ, ਕੁਸ਼ਾਲ ਚੰਦ ਤੇ ਚੰਦੂ ਲਾਲ ਵੀ ਨਾਲ ਸਨ। ਇਨ੍ਹਾਂ ਤ੍ਰਿਮੂ ਦੇ ਮੁਕਾਮ ਤੇ ਗੁਰੂ ਜੀ ਦੀ ਕ੍ਰਿਪਾ ਨਾਲ ਬੇੜਾ ਪਾਰ ਲਗ ਜਾਣ ਤੇ ਬਕਾਲੇ ਆ ਸੌ ਮੋਹਰ ਭੇਟਾ ਕਰਕੇ ਆਪਣੀ ਕ੍ਰਿਤੱਗਤਾ ਪ੍ਰਗਟ ਕੀਤੀ ਸੀ। ਲੁਬਾਣਿਆਂ ਵਿਚ ਹੁਣ ਤਕ ਉਹ ਗੀਤ ਪ੍ਰਸਿੱਧ ਹੈ, ਜੋ ਮੱਖਣ ਸ਼ਾਹ ਦੀਆਂ ਭਾਵਨਾਵਾਂ ਨੂੰ ਪ੍ਰਗਟ ਕਰਦਾ ਹੈ।

'ਤੂੰ ਲੇ ਲੇ ਗੁਰੂ ਕਾ ਨਾਮ ਕੀਰਤਪੁਰ ਵਾਲੇ ਕਾ
ਗੁਰੂ ਅੰਬਰਸਰ ਵਾਲੇ ਕਾ ਤੂੰ ਤੋ ਲੇ ਲੇ ਗੁਰੂ ਕਾ ਨਾਮ।
ਨੰਗਾ ਕਬੀ ਨ ਰਹੇਗਾ, ਭੂਕਾ ਕਬੀ ਨ ਰਹੇਗਾ
ਭੂਖੇ ਕੋ ਦੇਵੇ ਗੁਰੂ ਭੋਜਨ, ਪਿਆਸੇ ਕੋ ਦੇਵੇ ਗੁਰੂ ਪਾਣੀ
ਤੂੰ ਤੋ ਲੇ ਲੇ ਗੁਰੂ ਕਾ ਨਾਮ।
ਮੇਰੀ ਤੋ ਜਹਾਜ਼ ਅਟਕੀ, ਤ੍ਰਿਮੂ ਕੀ ਕਾਲੀ ਦਾਹ ਮੇਂ
ਗੁਰੂ ਕੀਰਤਪੁਰ ਵਾਲਾ, ਲੰਘਾਏ ਪੈਇਲੀ ਪਾਰਿ।
ਤੂ ਤੋ ਲੇ ਲੇ ਗੁਰੂ ਕਾ ਨਾਮ, ਤੂ ਤੋ ਲੇ ਲੇ ਗੁਰੂ ਕਾ ਨਾਮ।'

ਸੱਖਣ ਸ਼ਾਹ ਦੇ ਪੁੱਤਰ ਕੁਸ਼ਾਲ ਸਿੰਘ ਨੇ ਅੱਸੂ 1757 ਬਿ. ਨੂੰ ਅਨੰਦਪੁਰ ਪਹਾੜੀ ਰਾਜਿਆਂ ਨਾਲ ਜੂਝਕੇ ਲੋਹ ਗੜ੍ਹ ਲਾਗੇ ਸ਼ਹੀਦੀ ਪਾਈ ਸੀ।

(5) **ਭਾ. ਲੱਖੀਸ਼ਾਹ ਵਣਜਾਰਾ**—ਭਾਈ ਲੱਖੀਸ਼ਾਹ, ਪਿੰਡ ਖੇਰਪੁਰ ਸੱਦਾਤ, ਤਸੀਲ ਅਲੀਪੁਰ ਜ਼ਿ. ਮੁਜ਼ੱਫਰ ਗੜ੍ਹ ਦਾ ਰਹਿਣ ਵਾਲਾ ਭਾਈ ਗੋਧੂ ਦਾ ਪੁੱਤਰ, ਬਾਬੇ ਠਾਕਰ ਦਾ ਪੋਤਾ ਸੀ। ਇਹ ਇਕ ਚੰਗਾ ਧਨਪਤਿ ਸੀ ਜੋ ਰਾਇ ਸੀਨਾ ਦਿਲੀ ਨਿਵਾਸ ਰੱਖਦਾ ਸੀ। ਇਸ ਦੇ ਅੱਠੇ ਪੁੱਤਰ—ਨਗਾਹੀਆ, ਹੇਮਾ, ਹਾੜੀ, ਸੀਤੂ, ਪੰਡਾਰਾ, ਬਖਸ਼ੀ, ਬਾਲਾ, ਜਵਾਹਰ ਚੰਗੇ ਤਕੜੇ ਸਿਖ ਸਨ। ਲੱਖੀਸ਼ਾਹ

ਦੀ ਸਪੁੱਤਰੀ ਸੀਤੋ ਬਾਈ, ਭਾਈ ਮਨੀ ਸਿੰਘ ਜੀ ਨੂੰ ਵਿਆਹੀ ਹੋਈ ਸੀ—ਜਿਸਦੇ ਦਸ ਬੀਰ ਸਪੁੱਤਰ ਗੁਰੂ ਜੀ ਲਈ ਕੁਰਬਾਨ ਹੋਏ। ਸੋ ਲੱਖੀਸ਼ਾਹ ਦਾ ਘਰਾਣਾ ਸਿਖੀ ਸਿਦਕ ਤੇ ਧਨ-ਦੌਲਤ ਦੋਹਾਂ ਨਾਲ ਭਰਪੂਰ ਸੀ। ਲੱਖੀਸ਼ਾਹ ਦੇ ਵੱਡੇ ਸਪੁੱਤਰ ਨਗਾਹੀਏ ਦਾ ਹੀ ਕੰਮ ਸੀ ਕਿ ਉਸਨੇ ਆਪਣੇ ਪਿਤਾ ਅਤੇ ਆਪਣੇ ਭਾਈਆਂ ਅਤੇ ਦਿਲਵਾਲੀ ਮਹੱਲੇ ਵਾਲਿਆਂ ਸਿੱਖਾਂ ਨਾਲ ਵਿਉਂਤ ਕਰਕੇ ਗੁਰੂ ਤੇਗ ਬਹਾਦਰ ਜੀ ਦਾ ਧੜ ਰੂੰ ਦੇ ਭਰੇ ਗੱਡੇ ਵਿਚ ਪਾ ਕੇ ਰਾਤ ਨੂੰ ਆਪਣੀ ਬਸਤੀ ਰਾਇ-ਸੀਨਾ (ਰਕਾਬਗੰਜ) ਲਿਆ ਕੇ ਆਪਣੀ ਛੱਪਰੀ ਨੂੰ ਅੱਗ ਲਾ ਸਸਕਾਰਿਆ ਸੀ। ਨਗਾਹੀਆ ਸਿੰਘ (ਅਪ੍ਰੈਲ 1709 ਈ.) 9 ਵਿਸਾਖ 1766 ਬਿ: ਨੂੰ 'ਗੁਰੂ ਕੇ ਚੱਕ' ਅੰਮ੍ਰਿਤਸਰ ਜੂਝ ਕੇ ਸ਼ਹੀਦ ਹੋਇਆ ਸੀ ਜਦੋਂ ਕਿ ਦਸਮ ਗੁਰੂ ਪਿਛੋਂ ਤੇ ਬੰਦਾਬਹਾਦਰ ਦੇ ਆਉਣ ਤੋਂ ਪਹਿਲਾਂ ਸਿਖਾਂ ਨੂੰ ਖ਼ੁਦ ਲਾਹੌਰੀ ਮੁਗਲ ਸੈਨਾ ਨਾਲ ਟੱਕਰ ਲੈਣੀ ਪਈ ਸੀ। ਇਸਦਾ ਦੂਜਾ ਭਰਾ ਹੇਮਾ ਸਿੰਘ, ਮੱਘਰ ਵਦੀ ਪੰਚਮੀ 1760 ਬਿ, ਨੂੰ ਪਹਿਲੇ ਹੀ ਅਨੰਦਪੁਰ ਦੀ ਜੰਗ ਵਿਚ ਸ਼ਹੀਦੀ ਪਾ ਗਿਆ ਸੀ।

ਵਣਜਾਰੇ ਸਿਖ, ਸਦਾ ਤੋਂ ਸਿਖੀ ਲਹਿਰ ਦੇ ਮੁਖ ਸਹਾਇਕ ਰਹੇ ਹਨ। ਭਾਈ ਮਨੀ ਸਿੰਘ ਦੇ ਚਾਚੇ ਰੂਪੀਏ ਦਾ ਪੁੱਤਰ ਨਠੀਆ ਸੀ, ਨਠੀਏ ਦੇ ਪੁੱਤਰ ਸਨ-ਬਾਜੂ, ਭਾਗੂ, ਕਉਰੀਆ; ਸੁਖੂ, ਰਣੂਆ, ਸਾਮਾ, ਸੰਗਤੀਆ। ਇਹੋ ਅੰਮ੍ਰਿਤ ਪਾਨ ਕਰਕੇ ਬਾਜ਼ ਸਿੰਘ, ਭਗਵੰਤ ਸਿੰਘ, ਕੌਰ ਸਿੰਘ ਆਦਿ ਕਹਾਏ। ਭਗਵੰਤ ਸਿੰਘ ਨਾਇਕ, ਤਕੜਾ ਧੜੱਲੇਦਾਰ ਆਦਮੀ ਸੀ ਜੋ ਦੱਖਣ ਵਲ ਔਰੰਗਜੇਬ ਦੇ ਲਸ਼ਕਰਾਂ ਨੂੰ ਰਸਦ ਭੇਜਣ ਦਾ ਠੇਕਾ ਲੈਂਦਾ ਸੀ। ਇਹ ਲੋਕ ਭੇਤੀ ਸਨ, ਇਨ੍ਹਾਂ ਹੀ ਬੰਦਾ ਬਹਾਦਰ ਨੂੰ ਆਪਣੀ ਟਾਂਡੇ ਵਿਚ ਛਿਪਾ ਕੇ ਦੱਖਣ ਤੋਂ ਪੰਜਾਬ ਲਿਆਂਦਾ ਸੀ।

ਲੱਖੀਸ਼ਾਹ ਦਾ ਦੇਹਾਂਤ ਜੇਠ ਸੁਦੀ ਇਕਾਦਸੀ, 30 ਜੇਠ, 1737 ਬਿ. ਨੂੰ ਹੋਇਆ। ਉਸ ਸਮੇਂ ਕੇਸੋ ਭੱਟ ਨੇ ਇਸਦੀ ਤੇ ਇਸਦੇ ਬੰਸ ਦੀ ਮਹਿਮਾ ਕਰਦਿਆਂ ਲਿਖਿਆ ਸੀ :—

ਚਲਾ ਚਲਾਈ ਹੋ ਰਹੀ ਗਢ ਗਢ ਉਖਰੇ ਮੇਖ
ਲੱਖੀ ਨਗਾਹੀਆ ਲੈ ਚਲੇ, ਤੂੰ ਖੜਾ ਤਮਾਸ਼ਾ ਦੇਖ। ੧।
ਲੱਖੀ ਨਗਾਹੀਆ ਲਖ ਗਏ, ਹੇਮ ਹੜਾਊ ਆਠ

ਸਖਾ ਸਰੀਖਾ ਲਖ ਗਏ, ਬਹੁਰਿ ਨ ਆਏ ਇਸ ਬਾਟ। ੨।
ਸਿਮਰ ਭੱਟ ਤਉ ਸਤਿਗੁਰੂ ਆਪਣਾ, ਧੰਨ ਧਉਲਾ ਗੜ੍ਹ ਧਾਰਾ
ਹੁਕਮ ਹੂਆ ਸੱਚੇ ਸਾਹਿਬ ਕਾ, ਲੱਖੀ ਬੜਤੀਆ ਸ੍ਵਰਗ ਸਿਧਾਰਾ
ਆਠੋਂ ਬੇਟੇ ਹੋਏ ਇਕੱਠੇ, ਕਾਜ ਕਰਨ ਕੀ ਬਾਰਾ
ਨਗਾਹੀਆ, ਹੇਮਾ, ਹਾੜੀ ਆਏ, ਆਇਆ ਸੀਤੂ ਤੇ ਪੰਡਾਰਾ
ਬਖਸ਼ੀ, ਬਾਲਾ, ਜਵਾਹਰ ਆਏ, ਬੰਧੇ ਬਰਛੀ ਕਮਰ ਕਟਾਰਾ
ਮਹਿੰਗੇ ਮੋਲ ਊਠ ਮੰਗਾਏ, ਚੜ੍ਹਨੇ ਕੋ ਘੋੜੇ ਕਾਨੋਂ ਮੇਂ ਬਾਰਾ
ਨਗਾਹੀਏ ਕੇ ਸਿਰਿ ਪਾਗ ਬੰਧਾਈ, ਬੰਸ ਠਾਕੁਰ ਕਾ ਉਜਯਾਰਾ
ਜਸੁ ਜੋੜਿ ਕੇਸੋ ਭੱਟ ਭਣਿਆ, ਸਾਲ ਸਤ੍ਹਾਂ ਸੈ ਸੈਂਤੀਆ ਹੋਈ ਜੈ-ਜੈ-ਕਾਰਾ।

[ਭੱਟ ਵਹੀ ਜਾਦੋਬੰਸੀ ਬੜਤੀਆਂ ਕੀ

ਭਾਈ ਨਗਾਹੀਏ ਬਾਰੇ ਵੀ ਇਸ ਭੱਟ ਨੇ ਇਕ ਛੰਦ ਲਿਖਿਆ ਹੈ :—

'ਸਿਮਰ ਸੁਲਤਾਨ ਹਿਰਦੇ ਦੇ ਗਿਆਨ,
ਸਾਹਿਬ ਕੋ ਕਰੂੰ ਯਾਦ ਸਤਿਗੁਰ ਕਰੈਂ ਸਹਾਇ।
ਨਗਾਹੀਏ ! ਤਉ ਲੱਖੀ ਕੇ ਜਨਮ ਲੀਆ, ਰਉਂਤ ਰਾਣੇ ਢ੍ਹਾਏ

ਰਣੇ ਛੋਰਾ ਨਹੀਂ ਦਾਨਾ, ਜ੍ਵਾਲਾਪੁਰ ਕੇ ਆਂਬ ਕਟਾਇ
ਧੰਨ ਪਾਰਾ ਦੇਈ ਗਾਂਬਨੀ, ਪੂਤ ਜਨਮਿਆ, ਨਗਾਹੀਆ,
ਪਾਂਚ ਸੈ ਹੇੜੀ ਮਾਰਿ ਭਗਾਇ
ਗੁਰੂ ਕੀ ਲੋਥ ਉਠਾਇ ਲਿਆਨੀ, ਜਸ ਜਗ ਮੇਂ ਪਾਇਆ,
ਪਿਤਾ ਪੂਤ ਰੋਸ਼ਨ ਭਏ ਆਇ
ਜਸੁ ਗਾਊਂ ਤਉ ਲਖੀਏ ਗੋਧੂ ਠਾਕੁਰ ਕਾ
ਤਾਜ਼ੀ ਬੰਧੇ ਬਾਰਿ ਊਠੋਂ ਬੈਲੋਂ ਕੀ ਸੋਹੇ ਲਾਰ
ਬ੍ਰਾਹਮਣ ਭੱਟੋਂ ਕੋ ਦੀਆ ਦਾਨ ਬੇਲ ਤੇਰੀ ਕੋ ਗੁਰੂ ਬਧਾਇ
ਜਸੁ ਜੋੜਿ ਕੇਸੋ ਭੱਟ ਭਣਿਆ, ਸਾਲ ਸਤ੍ਹਾਂ ਸੈ ਅਠੱਤੀਆ
ਰਕਾਬ ਗੰਜ ਕੇ ਮਲ੍ਹਾਨ ਕੰਗਨੈਂ ਕੀ ਜੋੜੀ,
ਮੁਹਰੈਂ ਕੀ ਮਾਲਾ; ਭੱਟੈਂ ਕੀ ਪਹਿਨਾਇ।

(੯) **ਭਾਈ ਨਾਨੂ ਰਾਇ**—ਭਾਇ ਨਾਨੂ, ਦਿੱਲੀ ਦੇ ਦਿਲਵਾਲੀ ਮਹੱਲੇ ਵਿਚ ਰਹਿਣ ਵਾਲਾ ਦਰਜ਼ੀ ਸਿੱਖ ਸੀ ਜਿਸ ਭਾਈ ਜੈਤੇ ਤੇ ਊਦੇ ਨੂੰ ਨਾਲ ਲੈ ਕੇ ਗੁਰੂ ਤੇਗ ਬਹਾਦਰ ਦਾ ਸੀਸ ਅਨੰਦਪੁਰ ਪਹੁੰਚਾਇਆ, ਭਾਈ ਨਾਨੂ ਦੇ ਵਡੇ ਵਡੇਰੇ ਸਿਖੀ ਨਾਲ ਜੁੜੇ ਹੋਏ ਸਨ। ਇਨ੍ਹਾਂ ਦਾ ਬਜ਼ੁਰਗ ਬਿੱਨਾ ਛੀਪਾ ਸੀ ਜਿਸ ਦਾ ਪੁੱਤਰ ਕਲਿਆਣਾ ਹੋਇਆ, ਕਲਿਆਣੇ ਦੇ ਪੁੱਤਰ ਉਮੈਦਾ ਤੇ ਜੈਦਾ ਸਨ ਉਮੈਦੇ ਦੇ ਅੱਗੇ-ਬਾਘਾ, ਈਸ਼ਰ ਤੇ ਕੀਰਤ ਤਿੰਨ ਬੇਟੇ ਸਨ। ਬਾਘੇ ਦੇ ਪੁੱਤਰ ਸਨ—ਗੁਰਬਖਸ਼ ਰਾਇ, ਤੁਲਸੀ ਰਾਇ, ਨਾਨੂ ਸਿੰਘ ਤੇ ਸੈਣਾ ਸਿੰਘ। ਗੁਰਬਖਸ਼, ਬਾਬਾ ਰਾਮ ਰਾਇ ਨਾਲ ਡੇਹਰਾਦੂਨ ਚਲਿਆ ਗਿਆ ਸੀ ਤੇ ਰਾਮ ਰਾਇ ਦੇ ਦੇਹਾਂਤ (1744 ਬਿ. ਭਾਦੋ ਵਦੀ 8) ਪਿਛੋਂ ਇਹੋ ਰਾਮਰਾਈਆਂ ਦਾ ਆਗੂ ਬਣਿਆ ਜੋ ਵਧੇਰੇ ਸਮਾਂ ਸ੍ਰੀ ਨਗਰ ਗੜ੍ਹਵਾਲ ਰਿਹਾ ਤੇ ਉਥੇ ਹੀ ਇਸ ਦਾ ਵਿਸਾਖ ਸੁਦੀ ਸੱਤਵੀਂ, 1799 ਬਿ. ਨੂੰ ਦੇਹਾਂਤ ਹੋਇਆ।

ਭਾਈ ਨਾਨੂ ਰਾਇ ਦਿਲੀ ਦਾ ਇਕ ਮੋਹਰੀ ਸਿਖ ਸੀ, ਦਿਲਵਾਲੀ ਮਹੱਲੇ ਵਿਚ ਇਸੇ ਦੇ ਬਜ਼ੁਰਗ ਭਾਈ ਕਲਿਆਣੇ ਦੇ ਨਾਮ ਤੇ 'ਭਾਈ ਕਲਿਆਣੇ ਦੀ ਧਰਮਸ਼ਾਲਾ' ਬਣੀ ਹੋਈ ਸੀ ਜੋ ਸਿਖਾਂ ਦਾ ਗੜ੍ਹ ਸੀ। ਗੁਰੂ ਤੇਗ ਬਹਾਦਰ ਆਉਂਦੇ ਜਾਂਦੇ ਇਥੇ ਹੀ ਠਹਿਰਦੇ। ਭਾਈ ਨਾਨੂ ਸਦਾ ਸੇਵਕਾਂ ਦੀ ਮੋਹਰਲੀ ਕਤਾਰ ਵਿਚ ਰਹਿੰਦਾ। ਜਦ ਅੱਠਵੇਂ ਸਤਿਗੁਰਾਂ ਦਾ ਸਸਕਾਰ ਦਿਲੀ ਹੋਇਆ ਤਾਂ ਇਨ੍ਹਾਂ ਦੀ ਭਸਮ ਸਤਲੁਜ ਵਿਚ ਪ੍ਰਵਾਹ ਕਰਨ ਲਈ ਭਾ. ਨਾਨੂ ਹੀ ਕੀਰਤਪੁਰ ਲੈ ਕੇ ਆਇਆ ਸੀ ਫਿਰ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਾ ਸਾਕਾ ਹੋਇਆ ਤਾਂ ਇਸੇ ਬਹਾਦਰ ਸਿਖ ਨੇ ਦਲੇਰੀ ਕਰਕੇ ਰਾਤ ਨੂੰ ਗੁਰੂ ਜੀ ਦਾ ਸੀਸ ਚਾਂਦਨੀ ਚੌਕ ਤੋਂ ਚੁੱਕ ਕੇ ਲਿਆਂਦਾ। ਦੂਜੇ ਦਿਨ ਭਾਈ ਜੈਤੇ ਤੇ ਉਦੇ ਸਮੇਤ ਇਹ ਸੀਸ ਖਾਰੀ ਵਿਚ ਪਾ ਕੇ ਉਤੇ ਤੂੜੀ ਪਾ ਕੇ ਡਾਂਡੇ ਮੀਂਡੇ ਰਸਤੇ ਚਲਦੇ ਤਿੰਨੇ, ਤੀਜੇ ਦਿਨ ਅਨੰਦਪੁਰ ਪੁਜਣ ਵਿਚ ਸਫਲ ਹੋ ਗਏ। ਭਾਈ ਨਾਨੂ ਨੇ, ਸਾਰਾ ਸਾਕਾ ਗੁਰੂ ਜੀ ਨੂੰ ਸੁਣਾਇਆ ਤੇ ਸੀਸ ਗੰਜ ਵਾਲੀ ਥਾਂ ਤੇ ਸੀਸ ਦਾ ਸਸਕਾਰ ਕੀਤਾ ਗਿਆ।

ਇਸ ਤੋਂ ਪਿਛੋਂ ਭਾਈ ਨਾਨੂ ਸਿੰਘ ਬਹੁਤਾ ਸਮਾਂ ਅਨੰਦਪੁਰ ਹੀ ਰਿਹਾ ਇਸ ਦੇ ਦੋ ਪੁੱਤਰ ਸਨ—ਘਰਬਾਰਾ ਸਿੰਘ ਤੇ ਦਰਬਾਰਾ ਸਿੰਘ। ਘਰਬਾਰਾ ਸਿੰਘ

24 ਭਾਦਰੋਂ 1757 ਬਿ. ਨੂੰ ਅਨੰਦਪੁਰ ਅਗੰਮਪੁਰੇ ਦੀ ਜੰਗ ਵਿਚ ਪਹਾੜੀ ਰਾਜਿਆਂ ਨਾਲ ਲੜਦਾ ਸ਼ਹੀਦੀ ਪਾ ਗਿਆ ਸੀ ਤੇ ਦਰਬਾਰਾ ਸਿੰਘ ਨੂੰ ਪੰਥ ਵਲੋਂ ਦੀਵਾਨਗੀ ਦੀ ਪਦਵੀ ਮਿਲੀ—ਖੁਦ ਭਾਈ ਨਾਨੂ ਸਿੰਘ 8 ਪੋਹ 1762 ਬਿ. ਨੂੰ ਚਮਕੌਰ ਦੀ ਜੰਗ ਵਿਚ ਆਪਣਾ ਸਰੀਰ, ਗੁਰੂ ਲੇਖੇ ਲਾ ਲਿਆ ਸੀ। ਅਜ ਤੋਂ ਦੋ ਸੌ ਵਰ੍ਹੇ ਪਹਿਲਾਂ ਭਾਈ ਕੇਸਰ ਸਿੰਘ ਛਿੱਬਰ ਨੇ ਲਿਖਿਆ ਹੈ—

'ਦੋ ਸੈ ਆਦਮੀ ਲਾਸ਼ ਦਾ ਰਾਖਾ ਬਹਾਇਆ
ਰੈਨ ਭਈ ਤਬ ਨਾਨੋ ਛੀਂਬੇ ਨੂੰ ਸੁਪਨਾ ਆਇਆ।
ਬਚਨ ਕੀਤਾ ਤਿਸਨੂੰ ਆਪ ਸੱਚੇ ਪਾਤਸਾਹ—
'ਭਾਈ ਸਿਖਾ! ਲਾਸ਼ ਅਸਾਡੀ ਮਾਖੋਵਾਲ ਲੈ ਜਾਹੁ।' 132।
ਸੋ ਚੁਕੀ ਨ ਜਾਇ ਦੇਹ ਆਹੀ ਭਾਰੀ
ਇਹ ਸੀਸ ਲੈ ਗਇਆ, ਚਉਂਕੀ ਸੁੱਤੀ ਰਹੀ ਸਾਰੀ। 139।
ਅਤੇ ਸੀਸ ਭਾਈ ਨਾਨੋ ਸਿਖ ਲੈ, ਰੰਘਰੇਟੇ ਨੂੰ ਕਹਿਆ—
ਕਿਵੇਂ ਮਾਖ਼ੋਵਾਲ ਪਹੁੰਚੇ, ਰੰਘਰੇਟਾ ਸੁਣਕੇ ਹੈਰਾਨ ਹੋਇ ਰਹਿਆ।
ਪੁਨਿ ਤਿਨ ਕਹਿਆ, 'ਮੈਂ ਦਉਣੀ ਵਿਚ ਲੈਸਾਂ ਪਾਇ
ਸੋ ਖਾਰੇ ਵਿਚ ਪਾਇ, ਸਿਰਿ ਲੈਸਾਂ ਉਠਾਇ। 145।
ਸੱਦ ਕੇ ਸਿਖ, ਸਾਹਿਬ ਪੁਛੀ ਹਕੀਕਤਿ ਸਾਰੀ
ਕਹੁ ਕਿਸ ਜੁਗਤਿ ਸਾਹਿਬ ਕੀਤੀ ਸਵਾਰੀ?
ਕੋਈ ਸਿਖ, ਟਹਿਲ ਸੇਵਾ ਵਿਚ ਕੰਮੁ ਆਇਆ ?
ਕੋਈ ਦੁਇ ਚਾਰ ਸਿਖ ਭੀ ਨਾਲੇ ਸਿਧਾਇਆ? 152
ਭਾਈ ਨਾਨੋ ਸਭ ਹਕੀਕਤਿ ਕਹਿ ਸੁਣਾਈ।
ਜਿਉਂ ਜਿਉਂ ਸਾਹਿਬ ਉਪਰਿ ਬੀਤੀ ਆਹੀ।'

(ਬੰਸਾਵਲੀਨਾਮਾ, ਨੌਂਵਾਂ ਚਰਣ)

(7) **ਭਾਈ ਜੈਤਾ**—ਭਾਈ ਜੈਤਾਂ ਰੰਘਰੇਟਾ, ਆਗਿਆ ਰਾਮ ਦਾ ਪੁੱਤਰ ਬਾਬਾ ਦੁਲ੍ਹੂ ਦਾ ਪੋਤਾ, ਦਿਲਵਾਲੀ ਮਹੱਲੇ ਵਿਚ ਰਹਿਣ ਵਾਲਾ ਕਿਰਤੀ ਨੌਜੁਆਨ ਸਿਖ ਸੀ। ਜਦੋਂ ਦਿੱਲੀ ਵਿਚ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਾ ਸਾਕਾ

ਵਰਤਿਆ ਤਾਂ ਵਿਉਂਤ ਅਨੁਸਾਰ ਇਹ ਭਾਈ ਨਾਨੂ ਤੇ ਉਦੇ ਨਾਲ ਰਲ ਕੇ ਗੁਰੂ ਜੀ ਦਾ ਸੀਸ ਅਨੰਦਪੁਰ ਲੈ ਕੇ ਗਿਆ ਸੀ ਤੇ ਸਤਿਗੁਰਾਂ 'ਰੰਘਰੇਟੇ ਗੁਰ ਕੇ ਬੇਟੇ' ਕਹਿ ਕੇ ਇਸਦਾ ਖਾਸ ਸਤਿਕਾਰ ਕੀਤਾ ਸੀ।

ਭੱਟ ਵਹੀ ਮੁਲਤਾਨੀ ਸਿੰਧੀ ਵਿਚ ਟੂਕ ਹੈ—

'ਜੈਤਾ, ਬੇਟਾ ਆਗਿਆ ਕਾ, ਨਾਨੂ ਬੇਟਾ ਬਾਘੇ ਕਾ

ਊਦਾ ਬੇਟਾ ਖੇਮੇ ਕਾ, ਗੁਰੂ ਕਾ ਸੀਸ ਪਾਇ ਕੀਰਤਪੁਰ ਪਰਗਣਾ ਕਹਿਲੂਰ ਆਏ। ਸਾਲ 1732 ਮਗਸਰ ਸੁਦੀ ਦਸਮੀ ਕੇ ਦਿਹੁੰ, ਗਿਆਰਸ ਕੋ ਦਾਗ ਦੀਆ ਮਾਖੋਆਲ ਮੇਂ। ਆਗੇ ਗੁਰੂ ਕੀ ਗਤਿ ਗੁਰੂ ਜਾਣੇ, ਗੁਰੂ ਆਪ ਭਾਣੇ ਕਾ ਖਾਵਿੰਦ,

ਇਹ ਭਾਈ ਜੈਤਾ, ਪਿਛੋਂ ਅੰਮ੍ਰਿਤਪਾਨ ਕਰਕੇ ਜੀਵਨ ਸਿੰਘ ਕਹਿਲਾਇਆ ਤੇ ਸਰਸੇ ਕੰਢੇ ਗੁਰੂ ਪਰਿਵਾਰ ਦੀ ਰੱਖਿਆ ਕਰਦਾ ਹੋਇਆ ਸੌ ਸਾਥੀ ਸਿੰਘਾਂ ਸਮੇਤ ਪੋਹ ਸੁਦੀ ਦੂਜ, 1762 ਬਿ. ਨੂੰ ਸ਼ਹੀਦੀ ਪਾ ਗਿਆ। ਕੁਝ ਇਤਿਹਾਸਕਾਰਾਂ ਭਾਈ ਜੀਵਨ ਸਿੰਘ ਦੀ ਸ਼ਹੀਦੀ ਚਮਕੌਰ ਹੋਈ ਲਿਖੀ ਹੈ ਪਰੰਤੂ ਭੱਟ ਵਹੀਆਂ ਦਾ ਰਿਕਾਰਡ ਇਨ੍ਹਾਂ ਤੋਂ ਪੁਰਾਣਾ ਹੈ, ਇਨ੍ਹਾਂ ਵਿਚ ਸਰਸੇ ਕੰਢੇ ਸ਼ਹੀਦੀ ਪਾਉਣ ਦਾ ਹੀ ਸੰਕੇਤ ਹੈ ਤੇ ਸੂਰਜ ਪ੍ਰਕਾਸ਼ ਵਿੱਚ ਵੀ ਇਹੋ ਲਿਖਿਆ ਹੈ।

'ਜੀਵਨ ਸਿੰਘ ਬੇਟਾ ਆਗਿਆ ਕਾ, ਪੋਤਾ ਦੂਲੂ ਕਾ, ਬਾਸੀ ਦਿਲੀ, ਮਹੱਲਾ ਦਿਲਵਾਲੀ, ਸੌ ਸਿਖੋਂ ਕੋ ਗੇਲ ਲੈ ਸੰਬਤ ਸਤ੍ਹਾਂ ਸੈ ਬਾਸਠ ਪੋਖ ਮਾਸੇ ਸੁਦੀ ਦੂਜ, ਵੀਰਵਾਰ ਕੇ ਦਿਹੁੰ ਸਰਸਾ ਨਦੀ ਕੇ ਤੀਰ, ਰਾਜਾ ਅਜਮੇਰ ਚੰਦ ਬੇਟਾ ਭੀਮ ਚੰਦ ਕਾ, ਪੋਤਾ ਦੀਪ ਚੰਦ ਕਾ, ਪੜਪੋਤਾ ਤਾਰਾ ਚੰਦ ਕਾ, ਬੰਸ ਕਲਿਆਣ ਚੰਦ, ਚੰਦੇਲ ਗੋਤਰ ਰਾਣੇ ਕੀ ਫੌਜ ਗੈਲ, ਦਸ, ਘਰੀਆਂ ਜੂਝ ਕੇ ਸਾਮ੍ਹੇ ਮਾਥੇ ਸ਼ਹਾਦਤ ਪਾਈ। ਆਗੇ ਗੁਰੂ ਭਾਣੇ ਕਾ ਖਾਵਿੰਦ, ਗੁਰੂ ਕੀ ਗਤਿ ਗੁਰੂ ਜਾਣੇ, ਗੁਰੂ ਗੁਰੂ ਜਪਨਾ ਜਨਮ ਸਉਰੇਗਾ।' [ਭੱਟ ਵਹੀ ਮੁਲਤਾਨੀ ਸਿੰਧੀ

(8) **ਭਾਈ ਊਦਾ**—ਭਾਈ ਊਦਾ ਰਾਠੌਰ, ਭਾਈ ਖੇਮ ਚੰਦ ਚੰਦਰੋਇ ਦਾ ਪੁੱਤਰ ਤੇ ਭਾਈ ਧਰਮੇ ਦਾ ਪੋਤਾ, ਲਾਡਵਾ ਜ਼ਿਲਾ ਕਰਨਾਲ ਦਾ ਰਹਿਣ ਵਾਲਾ ਸੀ। ਜਿਸ ਸਮੇਂ ਨੌਵੇਂ ਗੁਰਾਂ ਦੀ ਸ਼ਹੀਦੀ ਹੋਈ ਤਾਂ ਇਹ ਦਿਲਵਾਲੀ ਮਹੱਲੇ

ਵਿਚ ਦਿਲੀ ਠਹਿਰਿਆ ਹੋਇਆ ਸੀ ਤ ਭਾਈ ਨਾਨੂ ਤੇ ਜੈਤੇ ਨਾਲ ਮਿਲਕੇ ਸੀਸ ਲੈ ਕੇ ਅਨੰਦ ਪੁਰ ਗਿਆ ਸੀ। ਇਹ ਸੂਰਬੀਰ ਸਿਖ, ਭੰਗਾਣੀ ਦੇ ਜੁੱਧ ਵਿਚ 18 ਅੱਸੂ 1745 ਬਿ ਨੂੰ ਸ਼ਹੀਦੀ ਪਾ ਗਿਆ ਸੀ। ਭੱਟ ਵਹੀ ਭਾਦਸੋਂ ਵਾਲੀ ਵਿਚ ਇਸ ਦਾ ਜ਼ਿਕਰ ਇਸ ਤਰ੍ਹਾਂ ਹੈ :—

'ਉਦੀਆ ਬੇਟਾ ਖੇਮੇ ਚਦਨੀਏ ਕਾ, ਪੋਤਾ ਧਰਮੇ ਕਾ ਸੂਰਜਬੰਸੀ ਗੋਤੇ ਰਮਾਨਾ, ਗੁਰੂ ਕੀ ਬੂਆ ਕੇ ਬੇਟੇ ਸੰਗੋਸ਼ਾਹ, ਜੀਤ ਮੱਲ ਬੇਟੇ ਸਾਧੂ ਕੇ, ਪੋਤੇ ਧਰਮੇ ਖੋਸਲੇ ਕੇ ਖਤ੍ਰੀਆਂ ਗੈਲ ਅਸੁਨ ਮਿਤੀ 18 ਸੰਬਤ 1745 ਕੋ, ਭੰਗਾਣੀ ਕੇ ਮਲ੍ਹਾਨ ਜਮਨਾ ਗਿਰੀ ਕੇ ਮਧਿਆਨ, ਰਾਜ ਨਾਹਣ, ਏਕ ਘੜੀ ਦਿਨ ਖੜੇ ਰਣ ਜੂਝੰਤੇ ਸੂਰਿਓਂ ਗੈਲ ਸਾਮ੍ਹੇ ਮਾਥੇ ਜੂਝਿ ਕਰਿ ਮਰਾ।'

[ਭੱਟ ਵਹੀ ਭਾਦਸੋਂ ਵਾਲੀ

(9) **ਭਾਈ ਗੁਰਦਿਤਾ**—ਭਾਈ ਗੁਰਦਿਤਾ, ਬਾਬੇ ਬੁੱਢੇ ਰੰਧਾਵੇ ਦੇ ਪੋਤੇ ਸਰਵਣ ਦਾਸ ਦਾ ਪੁੱਤਰ ਸੀ ਜਿਸ ਦਾ ਜਨਮ 1682 ਬਿ. ਵਿਚ ਹੋਇਆ। ਇਹ ਇਕ ਚੰਗਾ ਕਰਣੀ ਵਾਲਾ ਪੁਰਸ਼ ਸੀ ਤੇ ਬਾਬੇ ਬੁੱਢੇ ਪਿਛੋਂ ਇਸੇ ਹੱਥੋਂ ਗੁਰੂਆਂ ਨੂੰ ਗੁਰਿਆਈ ਦਾ ਤਿਲਕ ਲਾਇਆ ਜਾਂਦਾ ਰਿਹਾ। ਜਦ ਗੁਰੂ ਤੇਗ ਬਹਾਦਰ ਜੀ ਨੇ 1722 ਬਿ. 21 ਹਾੜ (19 ਜੂਨ, 1665 ਈ.) ਨੂੰ ਚੱਕ ਨਾਨਕੀ (ਅਨੰਦਪੁਰ) ਵਸਾਇਆ ਤਾਂ ਇਸਦੀ ਮੋੜ੍ਹੀ ਭਾਈ ਗੁਰਦਿਤੇ ਦੇ ਹੱਥੋਂ ਗਡਾਈ ਗਈ ਸੀ। ਫਿਰ ਜਦ ਗੁਰੂ ਜੀ ਦਾ ਸ਼ਹੀਦੀ ਸਾਕਾ ਹੋਣ ਵਾਲਾ ਸੀ ਤਾਂ ਭਾਈ ਗੁਰਦਿਤਾ ਦਿਲਵਾਲੀ ਮਹੱਲੇ ਭਾਈ ਕਲਿਆਣੇ ਦੀ ਧਰਮਸਾਲਾ ਠਹਿਰਿਆ ਹੋਇਆ ਸੀ। ਇਸ ਨੂੰ ਪਤਾ ਲਗਾ ਕਿ ਮੁਗਲ ਸਰਕਾਰ ਨੇ ਬੜੀ ਬੇਦਰਦੀ ਨਾਲ ਬੇਗੁਨਾਹ ਤੇ ਵੈਰਾਗ-ਮੂਰਤਿ ਗੁਰੂ ਤੇਗ ਬਹਾਦਰ ਸਾਹਿਬ ਨੂੰ ਤਲਵਾਰ ਦੇ ਘਾਟ ਉਤਾਰ ਦਿਤਾ ਹੈ ਤਾਂ ਇਹ ਵਿਛੋੜੇ ਦੀ ਤਾਬ ਨ ਝੱਲਦਾ ਹੋਇਆ, ਉਥੇ ਹੀ ਪ੍ਰਾਣ ਤਿਆਗ ਗਿਆ। ਦਾਹ-ਸੰਸਕਾਰ ਜਮਨਾ ਕਿਨਾਰੇ ਭੋਗਲਪੁਰ ਲਿਜਾ ਕੇ ਕੀਤਾ ਗਿਆ। ਸਮਕਾਲੀ ਭੱਟ ਲਿਖਦਾ ਹੈ—

'ਬਾਬਾ ਗੁਰਦਿਤਾ ਬੇਟਾ ਸਰਵਣ ਦਾਸ ਕਾ ਪੋਤਾ ਭਾਨੇ ਕਾ ਪੜਪੋਤਾ ਬਾਬੇ ਬੁੱਢੇ ਕਾ, ਬੰਸ ਸੁੱਘੇ ਰੰਧਾਵੇ ਕੀ, ਸੰਮਤ ਸਤ੍ਰਾਂ ਸੈ ਬਤੀਸ ਮੰਗਸਰ ਸੁਦੀ ਪੰਚਮੀ ਵੀਰਵਾਰ ਕੇ ਦਿਹੁੰ, ਤੀਜੇ ਪਹਰ, ਦਿਲੀ, ਮਹੱਲਾ ਦਿਲਵਾਲੀ ਸਿਖਾਂ ਮੇਂ ਭਾਈ

ਕਲਿਆਣੇ ਕੀ ਧਰਮਸ਼ਾਲ ਗੁਰਪੁਰੀ ਪਧਾਰ ਗਿਆ। ਅਗਲੇ ਦਿਵਸ, ਸਵਾ ਪਹਰ ਦਿਹੁੰ ਚੜ੍ਹੇ ਭੋਗਲਪੁਰ ਗਾਂਮ ਕੇ ਪਾਸ ਨਦੀ ਜਮਨਾ ਕੇ ਤੀਰ ਦਾਹ ਸੰਸਕਾਰ ਕੀਆ।

(ਭੱਟ ਵਹੀ ਪੂਰਬੀ ਦੱਖਣੀ

(10) ਭਾਈ ਚਉਪਾ ਸਿੰਘ—ਭਾਈ ਚਉਪਾ ਸਿੰਘ (ਚਉਪਤਿਰਾਇ) ਕਰਿਆਲਾ ਜ਼ਿਲਾ ਜੇਹਲਮ ਦਾ ਰਹਿਣ ਵਾਲਾ ਛਿੱਬਰ ਬ੍ਰਾਹਮਣ ਸੀ। ਇਸ ਦਾ ਬਾਬਾ ਗੋਤਮ, ਗੁਰੂ ਦਾ ਸਿਦਕੀ ਸਿਖ ਸੀ ਤੇ ਪਿਤਾ ਭਾਈ ਪੈੜਾ, ਪ੍ਰਾਗੇ ਦਾ ਵੱਡਾ ਭਾਈ ਸੀ। ਭਾਈ ਪੈੜੇ ਨੇ ਆਪਣੇ ਨਿਕੇ ਪੁੱਤ੍ਰ ਚਉਪਤਿ ਨੂੰ ਬਚਪਨ ਵਿਚ ਹੀ ਗੁਰੂ ਹਰਿ ਰਾਇ ਜੀ ਦੇ ਚਰਨਾਂ ਵਿਚ ਚੜ੍ਹਾ ਦਿਤਾ ਸੀ ਤੇ ਇਉਂ ਇਸ ਨੂੰ ਗੁਰੂ ਹਰਿ ਰਾਇ, ਗੁਰੂ ਹਰਿ ਕ੍ਰਿਸ਼ਣ, ਗੁਰੂ ਤੇਗ ਬਹਾਦਰ ਤੇ ਗੁਰੂ ਗੋਵਿੰਦ ਸਿੰਘ-ਚਾਰ ਗੁਰੂਆਂ ਦੀ ਸੰਗਤ ਵਿਚ ਰਹਿਣ ਦਾ ਸੁਭਾਗ ਮਿਲਿਆ। ਜਦ ਸ੍ਰੀ ਤੇਗ ਬਹਾਦਰ, ਪੂਰਬ ਦੀ ਯਾਤ੍ਰਾ ਲਈ ਪਟਨੇ ਵਲ ਨਿਕਲੇ ਤਾਂ ਇਹ ਵੀ ਨਾਲ ਸੀ।ਪਟਨੇ ਬਾਲਕ ਗੋਬਿੰਦ ਦਾਸ ਜੀ ਨੂੰ ਇਹ ਖਿਡਾਂਦਾ ਰਿਹਾ, ਇਸੇ ਕਰਕੇ ਇਤਿਹਾਸ ਵਿਚ ਇਸ ਦਾ ਨਾਮ ਚੌਪਾ ਸਿੰਘ 'ਖਿਡਾਵਾ' ਕਰਕੇ ਪ੍ਰਸਿੱਧ ਹੈ।

'ਚਉਪਤਿ ਰਾਇ ਸੀ ਸਿਖ ਖਿਡਾਵਾ।
ਸੱਤਵੀਂ ਪਾਰਸ਼ਾਹੀ ਮਾਪਿਆਂ ਸੀ, ਗੋਲਕ ਵਿਚ ਚੜ੍ਹਾਵਾ।
ਸੋ ਸਾਹਿਬ ਨੂੰ ਖਿਡਾਂਦਾ ਫਿਰੇ।
ਪੱਟੀ ਲਿਖਾਇ ਦੇਵੈ, ਘੋਟਿ ਧੋਇ ਅੱਗੇ ਆਣਿ ਧਰੇ।' [ਬੰਸਾਵਲੀਨਾਮਾ

ਗੁਰੂ ਗੋਬਿੰਦ ਸਿੰਘ ਜੀ ਦੀ ਆਗਿਆ ਤੇ ਚੌਪਾ ਸਿੰਘ ਨੇ ਰਹਿਤਨਾਮਾ ਵੀ ਲਿਖਿਆ ਜੋ 'ਰਹਿਤਨਾਮਾ ਹਜ਼ੂਰੀ' ਕਰ ਕੇ ਮਸ਼ਹੂਰ ਹੈ। ਇਸ ਵਿਚ ਨਾਲ ਨਾਲ ਗੁਰਬਾਣੀ ਦੇ ਪ੍ਰਮਾਣ ਵੀ ਦਿਤੇ ਗਏ ਹਨ। ਇਹ ਅਸਾਂ ਪਹਿਲੀ ਵਾਰ 'ਰਹਿਤਨਾਮੇ' (1974) ਪੋਥੀ ਵਿਚ ਮੁਕੰਮਲ ਛਾਪ ਦਿਤਾ ਹੈ। ਆਖਰੀ ਦਿਨਾਂ ਵਿਚ ਭਾਈ ਚਉਪਾ ਸਿੰਘ ਦਿਲੀ ਮਾਤਾ ਸੁੰਦਰੀ ਜੀ ਦੀ ਸੇਵਾ ਵਿਚ ਰਹਿੰਦਾ ਸੀ। ਇਥੇ ਪਾਲਿਤ ਪੁੱਤਰ ਜੀਤ ਸਿੰਘ ਦਾ ਕਿਸੇ ਮੁਸਲਿਮ ਫਕੀਰ ਨਾਲ ਝਗੜਾ ਹੋ ਗਿਆ ਤੇ ਉਸ ਨੂੰ 60 ਸਿਦਕੀ ਸਿਖਾਂ ਸਮੇਤ ਗ੍ਰਿਫ਼ਤਾਰ ਕਰ ਕੇ ਮਾਘ ਸੁਦੀ ਚੌਥ 1780 ਬਿ. ਨੂੰ ਮੁਗਲ ਬਾਦਸ਼ਾਹ ਦੇ ਹੁਕਮ ਨਾਲ ਦੱਲੀ ਸ਼ਹੀਦ ਕਰ ਦਿਤਾ ਗਿਆ।

ਬਜ਼ੁਰਗ ਭਾਈ ਚਉਪਾ ਸਿੰਘ ਵੀ ਉਦੋਂ ਇਨ੍ਹਾਂ ਬਜ਼ੁਰਗ ਸਿਖਾਂ ਵਿਚ ਹੀ ਕਤਲ ਕਰ ਦਿਤਾ ਗਿਆ ਸੀ ।

(11) **ਭਾਈ ਕ੍ਰਿਪਾ ਰਾਮ**—ਭਾਈ ਕ੍ਰਿਪਾ ਰਾਮ, ਦੱਤ ਬ੍ਰਾਹਮਣ, ਮਟਨ (ਕਸ਼ਮੀਰ) ਦਾ ਰਹਿਣ ਵਾਲਾ ਸੀ ਜੋ ਕਿ ਪ੍ਰਾਗੇ ਦੀ ਭੈਣ ਸਰਸੁਤੀ ਦਾ ਪੁੱਤਰ ਸੀ । ਇਸ ਦਾ ਪਿਤਾ ਅੜੂ ਰਾਮ, ਦਾਦਾ ਨਾਰਾਇਣ ਦਾਸ ਤੇ ਪੜਦਾਦਾ ਬ੍ਰਹਿਮਦਾਸ ਖਾਨਦਾਨੀ ਸਿਖ ਸਨ । ਇਸ ਦੇ ਹੋਰ ਭਾਈ ਸਨ-ਸ਼ਿਵਦਾਸ, ਸਨਮੁਖ ਤੇ ਚੇਲਾ ਰਾਮ । ਸ਼ਿਵਦਾਸ 1723 ਬਿ. ਵਿਚ ਆਪਣੀ ਮਾਤਾ ਦੇ ਫੁਲ ਗੰਗਾ ਲੈ ਕੇ ਆਇਆ ਸੀ । ਕ੍ਰਿਪਾ ਰਾਮ ਗੁਰੂ ਗੋਬਿੰਦ ਸਿੰਘ ਜੀ ਦਾ ਅਧਿਆਪਕ ਵੀ ਰਿਹਾ ਤੇ ਪਿਛੋਂ ਮੋਹਰੀ ਹਜ਼ੂਰੀ ਸਿਖ ਹੋ ਕੇ, ਅਨੰਦਪੁਰ ਦਰਬਾਰ ਵਿਚ ਮਹੱਤਵ-ਪੂਰਣ ਯੋਗਦਾਨ ਪਾਉਂਦਾ ਰਿਹਾ ।

ਜਦੋਂ ਔਰੰਗਜੇਬ ਦੇ ਹੁਕਮ ਅਨੁਸਾਰ ਇਫਤਖਾਰ ਖ਼ਾਂ ਸੂਬਾ ਕਸ਼ਮੀਰ ਨੇ ਜਬਰੀ ਤਬਲੀਗ ਦਾ ਚੱਕ੍ਰ ਚਲਾਇਆ ਤਾਂ ਵਿਦਵਾਨ ਬ੍ਰਾਹਮਣ ਬਹੁਤ ਘਬਰਾਏ ਤੇ ਕ੍ਰਿਪਾ ਰਾਮ ਦੀ ਅਗਵਾਈ ਵਿਚ ਵੱਖ ਵੱਖ ਥਾਵਾਂ ਦੇ ਸੋਲਾਂ ਪੰਡਿਤ ਅਨੰਦਪੁਰ ਆਏ । ਇਨ੍ਹਾਂ ਵਿਚ ਕੁਝ ਕਸ਼ਮੀਰ ਦੇ ਕੁਝ ਕੁਰਕਸ਼ੇਤਰ, ਕਾਂਸ਼ੀ, ਮਥਰਾ, ਆਦਿ ਦੇ ਸਨ 'ਮੁਆਸਰਿ ਆਲਮਗੀਰੀ' ਅਨੁਸਾਰ ਇਫਤਖਾਰ ਖ਼ਾਂ 1671 ਤੋਂ ਅਪਰੈਲ 1676 ਤਕ ਕਸ਼ਮੀਰ ਦਾ ਸੂਬੇਦਾਰ ਰਿਹਾ ਸੀ ।

ਗੁਰੂ ਤੇਗ ਬਹਾਦਰ ਜੀ ਨੇ ਬ੍ਰਾਹਮਣਾਂ ਨੂੰ ਧੀਰਜ ਦਿਤੀ ਪਰ ਨਾਲ ਹੀ ਇਹ ਗੱਲ ਸਮਝਾ ਦਿਤੀ ਕਿ ਬਿਨਾ ਕੁਰਬਾਨੀ ਦੇ ਇਸ ਜ਼ੁਲਮ ਦੇ ਹੜ੍ਹ ਨੂੰ ਰੋਕਣਾ ਔਖਾ ਹੈ। ਕਈ ਸੰਪ੍ਰਦਾਇਕ ਬਿਰਤੀ ਵਾਲੇ ਅਕ੍ਰਿਤਘਣ ਲੋਕ ਇਹ ਕਹਿੰਦੇ ਸੁਣੀਂਦੇ ਹਨ ਕਿ ਕੋਈ ਬ੍ਰਾਹਮਣ ਫ਼ਰਿਆਦੀ ਹੋ ਕੇ ਆਨੰਦਪੁਰ ਨਹੀਂ ਸੀ ਗਿਆ । ਪਰ ਸਮਕਾਲੀ ਭੱਟ ਲਿਖਦਾ ਹੈ :—

'ਭਾਈ ਕ੍ਰਿਪਾਰਾਮ ਬੇਟਾ ਅੜੂ ਰਾਮ, ਕਾ, ਪੋਤਾ ਨਰਾਇਣ ਦਾਸ ਕਾ ਪੜਪੋਤਾ ਬ੍ਰਹਮ ਦਾਸ ਕਾ, ਬੰਸ ਠਾਕੁਰ ਦਾਸ ਕੀ, ਦੱਤ ਗੋਤ੍ਰ, ਬ੍ਰਾਹਮਣ, ਵਾਸੀ ਮਟਨ, ਦੇਸ਼ ਕਸ਼ਮੀਰ, ਸੰਮਤ ਸਤ੍ਰਾਂ ਸੈ ਬਤੀਸ, ਜੇਠ ਮਾਸ ਸ਼ੁਦੀ ਇਕਾਦਸੀ ਕੇ ਦਿਹੂੰ, ਖੋੜਸ ਬ੍ਰਾਹਮਣੋਂ ਕੇ ਗੈਲ, ਚੱਕ ਨਾਨਕੀ, ਪਰਗਣਾ ਕਹਲੂਰ ਗੁਰੂ ਤੇਗ ਬਹਾਦਰ ਜੀ

ਮਹਲ ਨਾਵਾਂ ਕੇ ਦਰਬਾਰ ਆਇ ਫਰਿਆਦੀ ਹੂਆ। ਗੁਰੂ ਜੀ ਨੇ ਇਨ੍ਹੇਂ ਧੀਰਜ ਦਈ। ਬਚਨ ਹੋਆ, 'ਤੁਸਾਂ ਕੀ ਰੱਖਿਆ ਬਾਬਾ ਨਾਨਕ ਕਰੇਗਾ।'

[ਭੱਟ ਵਹੀ ਮੁਲਤਾਨੀ ਸਿੰਧੀ

ਇਹੋ ਕ੍ਰਿਪਾ ਰਾਮ ਅੰਮ੍ਰਿਤ ਪਾਨ ਕਰਕੇ ਕ੍ਰਿਪਾ ਸਿੰਘ ਹੋਇਆ ਤੇ ਚਮਕੌਰ ਦੀ ਜੰਗ ਵਿਚ 8 ਪੋਹ 1762 ਬਿ. ਨੂੰ ਸ਼ਹੀਦ ਹੋਇਆ।

(12) **ਦੀਵਾਨ ਦਰਗਹ ਮੱਲ**—ਭਾਈ ਦਰਗਹਮੱਲ, ਗੁਰੂ ਹਰਿਗੋਬਿੰਦ ਸਾਹਿਬ ਦੇ ਬੀਰ ਜੋਧੇ ਭਾਈ ਪਰਾਗੇ ਦਾ ਪੋਤਰਾ ਤੇ ਦਵਾਰਕਾ ਦਾਸ ਦਾ ਪੁੱਤਰ ਸੀ ਇਹ ਸੱਤਵੇਂ, ਅੱਠਵੇਂ ਸਤਿਗੁਰਾਂ ਸਮੇਂ ਦੀਵਾਨ ਰਿਹਾ ਤੇ ਨੌਵੇਂ ਗੁਰਾਂ ਲਈ ਦਿਲੀ ਤੋਂ ਗੁਰਿਆਈ ਦਾ ਤਿਲਕ ਲੈ ਕੇ ਆਇਆ ਅਤੇ ਅਤਿ ਦੇ ਸੰਕਟ ਕਾਲ ਵਿਚ ਇਸ ਆਪਣਾ ਕਰਤੱਵ ਦਾਨਾਈ ਨਾਲ ਨਿਭਾਇਆ। ਇਹ ਸ੍ਰੀ ਤੇਗ ਬਹਾਦਰ ਨਾਲ ਪਹਿਲੇ ਤੀਰਥ-ਯਾਤਰਾ ਸਮੇਂ ਵੀ ਨਾਲ ਗਿਆ ਸੀ। ਪਿਛੋਂ ਜਦ ਗੁਰੂ ਬਣੇ ਤਾਂ ਅੰਮ੍ਰਿਤਸਰ, ਕੀਰਤਪੁਰ, ਬਿਲਾਸਪੁਰ ਤੇ ਅਸਾਮ ਦੇ ਦੌਰੇ ਵਲ ਵੀ ਨਾਲ ਗਿਆ। ਬਿਰਧ ਹੋਣ ਕਰਕ ਇਸ ਨੇ ਆਪਣੇ ਭਤੀਜੇ ਭਾਈ ਮਤੀ ਦਾਸ ਨੂੰ ਸਾਰਾ ਕਾਰੋਬਾਰ ਸੰਭਾਲਿਆ। ਇਸ ਦਾ ਪੁੱਤਰ ਧਰਮ ਸਿੰਘ ਗੁਰੂ ਗੋਬਿੰਦ ਸਿੰਘ ਜੀ ਦਾ ਦੀਵਾਨ ਬਣਿਆ, ਧਰਮ ਸਿੰਘ ਦਾ ਪੁੱਤਰ ਗੁਰਬਖਸ਼ ਸਿੰਘ ਮਾਤਾ ਸੁੰਦਰੀ ਜੀ ਦਾ ਦਿਲੀ ਕਾਰੋਬਾਰ, ਨਿਭਾਉਂਦਾ ਰਿਹਾ ਤੇ ਇਸੇ ਗੁਰਬਖਸ ਸਿੰਘ ਦਾ ਪੁੱਤਰ ਕੇਸਰ ਸਿੰਘ ਛਿੱਬਤ ਸੀ ਜਿਸ 1769 ਈ. ਵਿਚ 'ਬੰਸਾਵਲੀਨਾਮਾ' ਲਿਖਿਆ। ਇਸ ਤਰ੍ਹਾਂ ਦਰਗਹਮੱਲ ਦਾ ਸਾਰਾ ਘਰਾਣਾ ਸਿਖੀ ਦੀ ਸੇਵਾ ਵਿਚ ਮਹੱਤਵਪੂਰਣ ਹਿੱਸਾ ਪਾਉਂਦਾ ਰਿਹਾ।

(13) **ਮਾਮਾ ਕ੍ਰਿਪਾਲ ਚੰਦ**—ਭਾਈ ਕ੍ਰਿਪਾਲ ਚੰਦ, ਲਾਲ ਚੰਦ ਸੁਭਿੱਖੀ ਖਤਰੀ, ਨਿਵਾਸੀ ਕਰਤਾਰਪੁਰ ਦਾ ਸਪੁੱਤਰ ਸੀ ਤੇ ਮਾਤਾ ਗੁਜਰੀ ਜੀ ਦਾ ਸਕਾ ਭਾਈ ਸੀ। ਇਸ ਦਾ ਵੱਡਾ ਭਾਈ ਮਿਹਰ ਚੰਦ ਵੀ ਚੰਗਾ ਗੁਰਸਿਖ ਸੀ ਜੋ ਕਰਤਾਰਪੁਰ ਤੋਂ ਲਖਨੌਰ ਜ਼ਿਲਾ ਅੰਬਾਲਾ ਜਾ ਵਸਿਆ ਸੀ। ਮਾਮਾ ਕ੍ਰਿਪਾਲ ਚੰਦ, ਗੁਰੂ ਤੇਗ ਬਹਾਦਰ ਜੀ ਨਾਲ ਤੀਰਥ-ਯਾਤਰਾ ਸਮੇਂ ਨਾਲ ਸਨ ਤੇ ਪਟਨੇ ਸਾਹਿਬ ਵਿਖੇ ਬਾਲਕ ਗੋਬਿੰਦਦਾਸ ਦੀ ਪ੍ਰਤਿਪਾਲਣਾ ਇਨ੍ਹਾਂ ਦੇ ਹੀ ਜ਼ਿੰਮੇ ਸੀ। ਜਦ ਅਨੰਦਪੁਰ ਪਰਤੇ ਤਾਂ ਇਹ ਅੱਗੇ ਹੋ ਕੇ ਸਾਰਾ ਕਾਰੋਬਾਰ ਚਲਾਉਂਦੇ ਰਹੇ।

ਦਸਮੇਸ਼ ਜੀ ਦੇ ਜ਼ਮਾਨੇ ਭੰਗਾਣੀ ਵਿਚ ਇਨ੍ਹਾਂ ਮੂਹਰੇ ਹੋ ਕੇ ਜੁੱਧ ਲੜਿਆ । ਅਨੰਦਪੁਰ-ਤਿਆਗ ਸਮੇਂ ਜਦ ਮਾਤਾ ਸੁੰਦਰੀ ਤੇ ਮਾਤਾ ਸਾਹਿਬ ਕੌਰ ਦੋਵੇਂ ਦਿਲੀ ਆਏ ਤਾਂ ਮਾਮਾ ਕ੍ਰਿਪਾਲ ਸਿੰਘ ਜੀ ਨਾਲ ਸਨ। ਜਦ ਪਾਲਿਤ-ਪੁੱਤਰ ਜੀਤ ਸਿੰਘ ਬਾਦਸ਼ਾਹ ਦੇ ਹੁਕਮ ਨਾਲ ਦਿਲੀ ਮਾਘ ਸੁਦੀ ਚੌਥ 1780 ਬਿ. ਨੂੰ ਸ਼ਹੀਦ ਕੀਤਾ ਗਿਆ ਤਾਂ 60 ਸਿਦਕੀ ਬਜ਼ੁਰਗ ਸਿਖ ਨਾਲ ਹੀ ਕਤਲ ਕਰ ਦਿਤੇ ਗਏ ਸਨ ਤੇ ਮਾਮਾ ਕ੍ਰਿਪਾਲ ਸਿੰਘ ਜੀ ਵੀ ਇਨ੍ਹਾਂ ਵਿਚ ਹੀ ਸੀ ।

(14) **ਭਾਈ ਸਾਧੂਰਾਮ**—ਸਾਧੂ ਰਾਮ, ਮਾਲਵੇ ਦੇ ਪਿੰਡ ਮੱਲ੍ਹਾ ਦਾ ਵਸਨੀਕ ਧਰਮ ਚੰਦ ਖੋਸਲੇ ਦਾ ਪੁੱਤਰ ਸੀ ਜਿਸ ਨੂੰ ਗੁਰੂ ਹਰਿ ਗੋਬਿੰਦ ਸਾਹਿਬ ਦੀ ਸਪੁੱਤਰੀ, ਗੁਰੂ ਤੇਗ ਬਹਾਦਰ ਜੀ ਭੈਣ ਬੀਬੀ ਵੀਰੋ ਵਿਆਹੀ ਹੋਈ ਸੀ ਤੇ ਇਹ ਵਿਆਹ 1629 ਈ. ਵਿਚ ਝਬਾਲ ਕੀਤਾ ਗਿਆ ਸੀ।

ਜਦੋਂ ਬਾਬਾ ਤੇਗ ਬਹਾਦਰ 1656 ਈ. ਵਿਚ ਪਰਿਵਾਰ ਸਮੇਤ ਪੂਰਬ ਦੀ ਯਾਤ੍ਰਾ ਤੇ ਪਧਾਰੇ ਤਾਂ ਇਹ ਭਾਈ ਸਾਧੂ ਰਾਮ ਵੀ ਨਾਲ ਸੀ। ਇਹ ਕਾਫੀ ਅਰਸਾ ਆਪ ਨਾਲ ਰਿਹਾ। ਇਹ ਬਹੁਤ ਉਚੇ ਦਰਜੇ ਦਾ ਅਧਿਆਤਮਕ ਕਵੀ ਸੀ ਜਿਸ ਦੀ ਰਚਨਾ ਅਜੇ ਤਕ ਪ੍ਰਕਾਸਤ ਹੋਕੇ ਲੋਕਾਂ ਸਾਮ੍ਹਣੇ ਨਹੀਂ ਸੀ ਆਈ। ਇਸ ਦਾ ਚੋਣਵਾਂ ਸੰਕਲਨ ਅਸਾਂ ਤਿਆਰ ਕੀਤਾ ਤੇ 'ਬਾਬਾ ਸਾਧੂਜਨ' ਨਾਂ ਹੇਠ ਛਾਪਿਆ ਹੈ।

ਭਾਈ ਸਾਧੂ ਰਾਮ ਦੇ ਪੰਜ ਪੁੱਤਰ ਸਨ—ਸੰਗੋਸਾਹ, ਜੀਤ ਮੱਲ, ਗੁਲਾਬ ਚੰਦ, ਮਾਹਰੀ ਚੰਦ ਤੇ ਗੰਗਾਰਾਮ। ਇਹ ਸਾਰੇ ਹੀ ਗੁਰੂ ਗੋਬਿੰਦ ਸਿੰਘ ਜੀ ਦੇ ਸੰਗੀ ਸਾਥੀ ਰਹੇ। ਸੰਗੋਸ਼ਾਹ ਤੇ ਜੀਤ ਮੱਲ ਤਾਂ ਭੰਗਾਣੀ ਦੇ ਜੁੱਧ ਵਿਚ ਜੂਝਦੇ ਸ਼ਹੀਦੀ ਪਾ ਗਏ ਸਠ। ਭੱਟ ਵਹੀ ਵਿਚ ਲਿਖਿਆ ਹੈ :—

'ਸੰਗੋ ਸ਼ਾਹ, ਜੀਤ ਮੱਲ ਬੇਟੇ ਸਾਧੂ ਰਾਮ ਕੇ, ਪੋਤੇ ਧਰਮ ਚੰਦ ਕੇ ਖੋਸਲਾ ਗੋਤਰੇ, ਖਤ੍ਰੀ, ਸੰਬਤ ਸਤ੍ਰਾਂ ਸੈ ਪੰਤਾਲੀ ਅਸੂਨ ਮਾਸ ਕੀ ਅਠਾਰਮੀ ਮੰਗਲਵਾਰ ਕੇ ਦਿਹੁੰ ਭੰਗਾਣੀ, ਪਰਗਣਾ ਪਾਂਵਟਾ ਕੇ ਮਲਹਾਨ, ਤੀਜੇ ਪਹਰ ਨਜਾਬਤ ਖਾਂ ਆਦਿ ਕੋ ਮਾਰ ਕੇ ਸਾਮ੍ਹੇ ਮਾਥੇ ਸ਼ਹਾਦਤਾਂ ਪਾਈਆਂ।'

[ਭੱਟ ਵਹੀ ਮੁਲਤਾਨੀ ਸਿੰਧੀ

(15) **ਭਾਈ ਨਨੂਆ**—ਇਹ ਵਜ਼ੀਰਾਬਾਦ ਦੇ ਕਿਸੇ ਅਮੀਰ ਘਰਾਣੇ

ਦੇ ਜੰਮਪਾਲ ਸਨ ਤੇ ਇਨ੍ਹਾਂ ਗੁਰੂ ਤੇਗ ਬਹਾਦਰ ਜੀ ਤੋਂ ਸਿਖੀ ਦਾਨ ਲਿਆ। ਬਚਪਨ ਤੋਂ ਹੀ ਵੈਰਾਗੀ ਸੁਭਾ ਸੀ ਤੇ ਸੰਤਾਂ ਫਕੀਰਾਂ ਦੀ ਸੰਗਤ ਕਰਦੇ ਰਹਿੰਦੇ ਤੇ ਕੁਝ ਅਰਸਾ ਲਾਹੌਰ ਗਦਾ ਨਰਾਇਣੀ ਦਰਵੇਸ਼ ਦੇ ਪਾਸ ਵੀ ਰਹੇ। ਪਿਛੋਂ ਗੁਰੂ ਤੇਗ ਬਹਾਦਰ ਜੀ ਦੇ ਦਰਸ਼ਨਾਂ ਨਾਲ ਪੂਰਨ ਸੰਤੁਸ਼ਟੀ ਹੋਈ—

'ਆਇਆ ਸੱਜਣ ਘਰਿ ਲਟਕੰਦਾ

ਇਕੋ ਝਾਤੀ ਸਤਿਗੁਰ ਵਾਲੀ, ਖੁਲ੍ਹ ਗਇਆ ਤਨ ਮਨ ਕਾ ਜੰਦਾ,

ਕੁਝ ਸਾਖੀਕਾਰਾਂ ਇਹ ਲਿਖਿਆ ਹੈ ਕਿ ਸਤਮਾਹੇ ਹੋਣ ਕਰ ਕੇ ਇਨ੍ਹਾਂ ਦਾ ਸਰੀਰ ਨਿਕਚਾ ਜਿਹਾ ਸੀ, ਇਹ ਵਾਧੂ ਕਲਪਣਾ ਹੈ। ਦਰਅਸਲ ਨਨੂਆ ਸੈਣੀ ਬ੍ਰਾਦਰੀ ਦਾ ਗੋਤ ਹੈ। ਜਾਪਦਾ ਹੈ ਆਪ ਦਾ ਅਸਲ ਨਾਂ ਲੋਪ ਹੋ ਗਿਆ ਤੇ ਗੋਤਰ ਨਾਂ ਪ੍ਰਸਿੱਧ ਹੋ ਗਿਆ। ਕੁਝ ਲੇਖਕਾਂ ਦਿਲੀ ਨਿਵਾਸੀ ਭਾਈ ਨਾਨੂ ਰਾਇ ਨਾਲ ਇਨ੍ਹਾਂ ਨੂੰ ਜੋੜ ਦਿਤਾ ਹੈ, ਇਹ ਵੀ ਭੁੱਲ ਹੈ। ਭਾਈ ਕਨ੍ਹਈਏ ਨੂੰ ਵੀ ਸਿਖੀ ਦੀ ਜਾਗ ਇਨ੍ਹਾਂ ਤੋਂ ਹੀ ਲਗੀ ਸੀ। ਇਹ ਬੜੇ ਵਿਦਵਾਨ ਕਵੀ ਸਨ। ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਵੀ ਕੁਝ ਅਰਸਾ ਰਹੇ। ਇਨ੍ਹਾਂ ਦੀ ਕਾਫੀ ਕਾਵਿ-ਰਚਨਾ ਮਿਲਦੀ ਹੈ—

'ਤੇਰਾ ਦਰਸ਼ਨ ਮੇਰੀਆਂ ਅੱਖੀਆਂ, ਸੁਰਮੇ ਵਾਂਗੂ ਘੁੰਮਾਂ ਵੋ
ਜਿਤ ਵਲ ਲਗਣ ਚਰਨ ਤੁਸਾਡੇ, ਮੈਂ ਜਾਈ ਉਤ ਉਤ ਚੁੰਮਾਂ ਵੋ
ਰਾਤੀਂ ਡੀਂਹੇ ਮਨ ਤਨ ਅੰਦਰ, ਤੇਰੀਆਂ ਉਠਣ ਧੁੰਮਾਂ ਵੋ
ਘਰ ਦਾ ਸਾਹਿਬ ਘਰ ਵਿਚ ਲੱਧਾ, ਨਨੂਆ ਬਲਿ ਬਲਿ ਹੁੰਮਾਂ ਵੋ,

(16) **ਭਾਈ ਕਨ੍ਹਈਆ**—ਭਾਈ ਕਨ੍ਹਈਏ ਦਾ ਜਨਮ ਵਧਾਵਣ ਖਤ੍ਰੀਆਂ ਦੇ ਘਰ ਨਗਰ ਸੋਧਰੇ ਜ਼ਿਲਾ ਵਜ਼ੀਰਾਬਾਦ ਵਿਚ 1700 ਬਿ. ਦੇ ਲਾਗੇ-ਚਾਗੇ ਹੋਇਆ। ਇਨ੍ਹਾਂ ਦੇ ਪਿਤਾ ਸਰਕਾਰੀ ਮੁਨਸ਼ੀ ਸਨ ਤੇ ਭਾਈ ਕਨ੍ਹਈਆ ਵੀ ਕੁਝ ਕੁ ਸਮਾਂ ਇਹੋ ਕੰਮ ਕਰਦੇ ਰਹੇ। ਸਾਧੂਆਂ ਦੀ ਸੰਗਤ ਨਾਲ ਵੈਰਾਗ ਪੈਦਾ ਹੋ ਗਿਆ ਤੇ ਨੌਕਰੀ ਛੱਡ ਕੇ ਇਧਰ ਉਧਰ ਰਟਣ ਲਗੇ। ਅਨੰਦਪੁਰ ਗੁਰੂ ਤੇਗ ਬਹਾਦਰ ਜੀ ਦੇ ਦਰਸ਼ਨ ਕੀਤੇ ਤੇ ਕੁਝ ਸਮਾਂ ਭਾਈ ਕੀ ਡਰੋਲੀ ਜਾ ਕੇ ਗੁਰੂ ਸਾਇਬ ਦੇ ਘੋੜਿਆਂ ਦੀ ਸੇਵਾ ਕਰਦੇ ਰਹੇ। ਸਤਿਗੁਰਾਂ ਦੀ ਕ੍ਰਿਪਾ ਨਾਲ ਆਪ ਸਮਦ੍ਰਿਸ਼ਟੀ ਵਾਲੇ ਬਣ ਗਏ ਤੇ ਸਰਬਤ ਦਾ ਭਲਾ ਹੀ ਜੀਵਨ-ਆਦਰਸ਼ ਬਣਾ ਲਿਆ। ਇਨ੍ਹਾਂ ਦੇ ਪੁੱਤਰ ਲੱਛੀ ਰਾਮ ਸਨ ਜਿਸ ਦੀ ਧੀ ਗੌਰਾਂ ਸਿਆਲਕੋਟ ਵਿਆਹੀ ਗਈ ਤੇ ਹਕੀਕਤਰਾਇ

ਦੀ ਮਾਤਾ ਬਣੀ । ਇਹ ਅਨੰਦਪੁਰ ਜੰਗ ਸਮੇਂ ਰਣ-ਭੂਮੀ ਵਿਚ ਸਭ ਵੈਰੀ ਤੇ ਮਿਤ੍ਰ ਸੈਨਾ ਦੇ ਜ਼ਖਮੀਆਂ ਨੂੰ ਇਕ ਸਮਾਨ ਪਾਣੀ ਪਿਲਾਂਦੇ ਰਹੇ । ਸਿਖਾਂ ਸ਼ਿਕਾਇਤ ਕੀਤੀ ਪਰ ਭਾਈ ਕਨ੍ਹਈਏ ਦਾ ਜਵਾਬ ਸੀ 'ਮਹਾਰਾਜ ! ਮੈਨੂੰ ਤਾਂ ਸਾਰੇ ਆਪਦਾ ਹੀ ਸਰੂਪ ਨਜ਼ਰ ਆ ਰਿਹਾ ਹੈ ।' ਦੇਹਾਂਤ 1765 ਬਿ. ਦੇ ਲਾਗੇ ਚਾਗੇ ਹੋਇਆ ।

(17) **ਭਾਈ ਰਾਮਰਾਇ**—ਪਟਨੇ ਸਾਹਿਬ ਦੇ ਸਿਖਾਂ ਵਲ ਲਿਖੇ ਹੁਕਮ-ਨਾਮਿਆਂ ਵਿਚ ਭਾਈ ਰਾਮਰਾਇ ਦਾ ਨਾਂ ਭਾਈ ਦਿਆਲੇ ਤੋਂ ਬਾਦ ਹਰ ਥਾਂ ਮਿਲਦਾ ਹੈ । ਇਕ ਦਸਵੇਂ ਪਾਤਸ਼ਾਹ ਦਾ ਹੁਕਮਨਾਮਾ ਵੀ ਇਸਦੇ ਨਾਂ ਗੁਰਦੁਆਰਾ ਮੈਣੀ ਸੰਗਤ ਪਟਨੇ ਸਾਂਭਿਆ ਪਿਆ ਹੈ । ਇਹ ਮਸੰਦ, ਸੁਨਿਆਰ ਜ ਤੀ ਵਿਚ ਭਾਈ ਉਤਮ ਚੰਦ ਦਾ ਸਪੁੱਤਰ ਸੀ ਤੇ ਬੜਾ ਵਧੀਆ ਲਿਖਾਰੀ ਸੀ । 1749 ਬਿ. ਦੀ ਲਿਖੀ ਬੀੜ ਪਟਨਾ ਸਾਹਿਬ ਤਖਤ ਤੇ ਸੁਰੱਖਿਅਤ ਹੈ ਜੋ ਕਿ ਇਸੇ ਦੀ ਲਿਖੀ ਹੋਈ ਹੈ । ਬੀੜ ਦੇ ਅੰਤ ਤੇ ਨੋਟ ਹੈ :—

> 'ਲਿਖਤੰ ਗੁਲਾਮ ਖ਼ਾਨੇਜ਼ਾਦ ਸੰਗਤ ਕਾ ਕੀਟ ਜੰਤੁ,
> ਉਤਮ ਚੰਦ ਸੁਨਿਆਰ ਕਾ ਬੇਟਾ
> ਰਾਮਰਾਇ ਸਿਖ ਫਕੀਰ, ਗੁਰ ਪੂਰੇ ਕਾ;
> ਭੁੱਲੇ ਚੁੱਕੇ ਬਖਸ਼ਣਾ, ਸੰਗਤਿ ਗੁਰੂ ਕਾ ਸਦਕਾ ।'

(18) **ਭਾਈ ਰਘੁਪਤਿ ਰਾਇ ਨਿੱਝਰ**—ਰਘੁਪਤਿ ਰਾਇ ਨਿਝਰ, ਖੇਮ ਕਰਨ ਜ਼ਿਲਾ ਅੰਮ੍ਰਿਤਸਰ ਦਾ ਰਹਿਣ ਵਾਲਾ ਅਮੀਰ ਜ਼ਿਮੀਦਾਰ ਸੀ । ਜਦੋਂ ਗੁਰੂ ਜੀ ਗੁਰਗੱਦੀ ਤੇ ਬਿਰਾਜਣ ਉਪਰੰਤ ਅੰਮ੍ਰਿਤਸਰ ਬਾਦ ਪੋਹ ਦੀ ਮੱਸਿਆ ਨੂੰ ਗੋਇੰਦਵਾਲ ਗਏ ਤਾਂ ਇਹ ਇਥੇ ਮਿਲ ਗਿਆ ਤੇ ਸ਼ਰਧਾ ਪ੍ਰੇਮ ਕਰਕੇ ਆਪਨੂੰ ਆਪਣੇ ਨਗਰ ਲੈ ਆਇਆ ਜਿਥੇ ਕਿ ਆਪ ਦੋ ਹਫਤੇ ਰਹੇ । ਇਸਨੇ ਬਹੁਤ ਸੇਵਾ ਕੀਤੀ ਤੇ ਇਲਾਕੇ ਨੂੰ ਗੁਰਾਂ ਦੇ ਚਰਨੀਂ ਲਾਇਆ । ਵਿਦਾਇਗੀ ਸਮੇਂ ਰਘੁਪਤਿ ਨੇ ਇਕ ਵਧੀਆ ਘੋੜੀ ਸਤਿਗੁਰਾਂ ਦੀ ਭੇਟਾ ਕਰਨ ਦੀ ਖੁਸ਼ੀ ਲਈ । ਰਘੁਪਤਿ ਦਾ ਵੱਡਾ ਸਪੁੱਤਰ ਮੂਲ ਚੰਦ ਨਦੌਣ ਜੰਗ ਵਿਚ ਸ਼ਹੀਦ ਹੋ ਗਿਆ ਸੀ ਤੇ ਛੋਟਾ ਪੁੱਤਰ ਅਮਰ ਸਿੰਘ ਪਿਛੋਂ ਜਾ ਕੇ ਬੰਦਈ ਧੜੇ ਦਾ ਆਗੂ ਬਣ ਗਿਆ ਸੀ ।

(19) **ਸੰਤ ਮਲੂਕਦਾਸ**—ਸੰਤ ਮਲੂਕ ਦਾਸ ਦਾ ਜਨਮ ਵਿਸਾਖ ਵਦੀ ਪੰਚਮੀ 1631 ਬਿ, ਨੂੰ ਲਾਲਾ ਸੁੰਦਰਦਾਸ ਕੱਕੜ ਖਤਰੀ ਦੇ ਘਰ, ਕੜਾ

ਮਾਣਕਪੂਰ (ਯੂ. ਪੀ.) ਵਿਚ ਹੋਇਆ। ਇਹ ਮੁੱਢ ਤੋਂ ਜਗਿਆਸੂ ਬਿਰਤੀ ਦਾ ਸੀ ਗੁਰੂ ਹਰਿ ਰਾਇ ਸਾਹਿਬ ਨੂੰ ਕੀਰਤਪੁਰ ਆ ਕੇ ਮਿਲਿਆ ਸੀ। ਇਹ ਵੈਸ਼ਵਣ ਸਾਧੂ ਹੋਣ ਕਰਕੇ ਮਾਸ ਨਹੀਂ ਸੀ ਖਾਂਦਾ। ਇਹ ਗੱਲ 1722 ਬਿ. ਦੇ ਅਖੀਰ ਦੀ ਹੈ, ਜਦ ਗੁਰੂ ਤੇਗ ਬਹਾਦਰ ਜੀ ਇਥੇ ਆਏ ਤਾਂ ਬਿਰਧ ਸੰਤ ਮਲੂਕ ਦਾਸ ਨੂੰ ਆਪ ਨੇ ਆਦਰ ਨਾਲ ਪਾਲਕੀ ਭੇਜਕੇ ਮੰਗਵਾਇਆ। ਇਸ ਨੇ ਦੇਖਿਆ, ਗੁਰੂ ਜੀ ਪਰਮਾਰਥ ਪਾਸੇ ਦੇ ਹੁੰਦੇ ਹੋਏ ਵੀ ਸ਼ਿਕਾਰ ਖੇਲਦੇ ਤੇ ਕਈ ਜਾਨਵਰਾਂ ਨੂੰ ਨਾਲ ਬੰਨ੍ਹੀ ਫਿਰਦੇ ਹਨ। ਇਸ ਤੇ ਇਸਨੇ ਸ਼ੰਕਾ ਵੀ ਕੀਤਾ ਪਰੰਤੂ ਗੁਰੂ ਜੀ ਨੇ ਇਸ ਨੂੰ ਸੰਤੁਸ਼ਟ ਕਰ ਦਿਤਾ! ਪੰਜ ਦਿਨ ਸਤਿਗੁਰੂ ਇਸ ਪਾਸ ਟਿਕੇ ਰਹੇ। ਨਿਰਮਾਣਤਾ ਪ੍ਰਗਟਾਉਂਦਿਆਂ ਮਲੂਕ ਦਾਸ ਨੇ ਕਿਹਾ।

ਮਲੂਕ ਦਾਸ—ਮਲੂਕਾ ਪਾਪੀ ਪੇਡ ਹੌਂ, ਭਗਤਿ ਨ ਜਾਨੀ ਤੋਹਿ
ਭਗਤਿ ਲਿਖੀ ਥੀ ਅਵਰ ਕਉ. ਪ੍ਰਭੂ ਧੋਖੇ ਦੀਨੀ ਮੋਹਿ। 13।
ਗੁਰੂ ਜੀ—ਸੁਨ ਮਲੂਕ ਹਰਿਕੇ ਭਗਤ, ਨਹੀਂ ਰਾਖਉ ਮਨ ਦੋਹ
ਭਗਤਿ ਲਿਖੀ ਥੀ ਅਉਰ ਕੋ, ਕਰਿ ਕ੍ਰਿਪਾ ਦਈ ਤੋਹਿ। 14।
ਗੁਰਦਰਸ਼ਨ ਦੇਖਿ ਮਲੂਕ ਦਾਸ, ਭਏ ਮਨ ਮਗਨ ਪ੍ਰਸੰਨ
ਬੀਰ ਬੇਸ ਰਾਜੇਸੂਰਹ, ਹੀਏ ਅਕਾਸ਼ ਵਤ ਸੁੰਨ। 15।

(ਮਹਿਮਾ ਪ੍ਰਕਾਸ਼, 19 ਸਾਖੀ

ਕਹਿੰਦੇ ਹਨ ਇਕ ਵਾਰ ਔਰੰਗਜ਼ੇਬ ਨੇ ਵੀ ਸੰਤ ਮਲੂਕਦਾਸ ਨੂੰ ਦਿਲੀ ਬੁਲਾਇਆ ਤੇ ਇਨ੍ਹਾਂ ਦੇ ਸਾਧੂ-ਸੁਭਾ ਤੋਂ ਪ੍ਰਭਾਵਿਤ ਹੋਕੇ ਕੜਾ ਮਾਣਕਪੁਰ ਤੇ ਲਾਇਆ ਜਜ਼ੀਆ ਮਾਫ ਕਰ ਦਿਤਾ ਸੀ। ਇਸੇ ਤਰ੍ਹਾਂ ਇਕ ਮੁਗਲ ਸਰਕਾਰ ਦਾ ਹਾਕਮ ਫਤਿਹ ਖਾਂ ਨੌਕਰੀ ਤਿਆਗ ਕੇ ਇਨ੍ਹਾਂ ਦਾ ਸੇਵਕ ਹੋ ਗਿਆ ਤੇ ਨਾਂ ਮੀਰਮਾਧਵ ਰੱਖ ਲਿਆ। ਸੰਤ ਮਲੂਕ ਦਾਸ ਦੀਆਂ 8-10 ਰਚਨਾਵਾਂ ਮਿਲਦੀਆਂ ਹਨ, ਜਿਵੇਂ ਕਿ ਅਲਖ ਬਾਵਨੀ, ਗੁਰਪ੍ਰਤਾਪ, ਗਿਆਨ ਬੋਧ, ਪੁਰਸ਼ ਬਿਲਾਸ, ਭਗਤ ਬਿਰਦਾਵਲੀ ਭਗਤ ਬੱਛਾਵਲੀ, ਰਤਨ ਖਾਨ, ਸ਼ਬਦ ਤੇ ਸਲੋਕ। ਇਨ੍ਹਾਂ ਦੇ ਨਾਂ ਤੇ 'ਮਲੂਕ ਪੰਥ' ਵੀ ਚਲਿਆ ਸੀ ਪਰ ਹੁਣ ਇਹ ਕੇਵਲ ਨਾਮ-ਮਾਤਰ ਹੀ ਹੈ।

(20) **ਰਾਜਾ ਜੈ ਸਿੰਘ ਅੰਬੇਰ**—ਇਤਿਹਾਸ ਤੋਂ ਪਰਗਟ ਹੈ ਕਿ ਅੰਬੇਰ

ਦੇ ਕਛਵਾਹੇ ਰਾਜਪੂਤ ਮੁਗ਼ਲ ਸਰਕਾਰ ਨਾਲ ਮਿਲਵਰਤਨ ਕਰਨ ਵਾਲੇ ਸਨ ਤੇ ਉਦੈਪੁਰ ਵਾਲੇ ਨਮਿਲਵਰਤਨੀਏ । ਅੰਬੇਰਪਤਿ ਰਾਜਾ ਬਿਹਾਰੀ ਮੱਲ ਨੇ ਬਾਦਸ਼ਾਹ ਅਕਬਰ ਨੂੰ ਧੀ ਦਾ ਡੋਲਾ ਦਿਤਾ । ਬਿਹਾਰੀ ਮੱਲ ਦਾ ਪੁੱਤਰ ਭਗਵਾਨ ਦਾਸ ਚੰਗੇ ਅਸਰ ਰਸੂਖ ਵਾਲਾ ਸੀ । ਇਸੇ ਭਗਵਾਨ ਦਾਸ ਦਾ ਭਤੀਜਾ ਸੀ ਰਾਜਾ ਮਾਨ ਸਿੰਘ ਜੋ ਅਕਬਰ ਸਮੇਂ ਦਾ ਪ੍ਰਸਿਧ ਜਰਨੈਲ ਹੋਇਆ। ਖੁਸਰੋ, ਰਾਜਾ ਮਾਨ ਸਿੰਘ ਦਾ ਭਾਣਜਾ ਲਗਦਾ ਸੀ, ਜਿਸ ਦੀ ਰਾਜਪੂਤਾਂ ਹਿਮੈਤ ਕੀਤੀ ਸੀ । ਰਾਜਾ ਮਾਨ ਸਿੰਘ ਦਾ ਪੁੱਤਰ ਭਾਊ ਸਿੰਘ ਸੀ; ਭਾਊ ਸਿੰਘ ਦਾ ਪੁੱਤਰ ਮਹਾਂ ਸਿੰਘ। ਮਹਾਂ ਸਿੰਘ ਦਾ ਪੁੱਤਰ ਜੈ ਸਿੰਘ (1611-1667 ਈ.) ਸੀ, ਜਿਸ ਨੇ ਮੁਗ਼ਲ ਰਾਜ ਲਈ ਬੇਅੰਤ ਘਾਲਾਂ ਘਾਲੀਆਂ । ਇਹ ਅਤੇ ਇਸ ਦੀ ਰਾਣੀ ਪੁਸ਼ਪਾ ਦੇਵੀ ਗੁਰੂ ਘਰ ਦੇ ਸ਼ਰਧਾਲੂ ਇਸ ਲਈ ਸਨ ਕਿ ਗੁਰੂ ਹਰਗੋਬਿੰਦ ਸਾਹਿਬ ਦੀ ਕ੍ਰਿਪਾ ਨਾਲ ਇਨ੍ਹਾਂ ਦੇ ਵਡੇਰੇ ਦੀ ਗੁਆਲੀਅਰ ਤੋਂ ਬੰਦ-ਖਲਾਸ ਹੋਈ ਸੀ। ਜੈ ਸਿੰਘ ਜਹਾਂਗੀਰ ਦੇ ਜ਼ਮਾਨੇ ਦੋ ਹਜ਼ਾਰੀ ਮਨਸਬ ਤੇ ਸੀ, ਸ਼ਾਹ ਜਹਾਨ ਨੇ ਚਾਰ ਹਜ਼ਾਰੀ ਮਨਸਬ ਦਿਤਾ। ਜਦੋਂ ਸ਼ਹਿਜ਼ਾਦਾ ਔਰੰਗਜ਼ੇਬ ਦੀ ਡਿਊਟੀ ਬਲਖ ਜਿੱਤਣ ਲਈ ਲਗੀ ਤਾਂ ਰਾਜਾ ਜੈ ਸਿੰਘ ਨਾਲ ਸੀ । ਇਸ ਪਿਛੋਂ ਕੋਈ ਐਸੀ ਮੁਹਿੰਮ ਨਹੀਂ ਜਿਸ ਵਿਚ ਇਹ ਸ਼ਾਮਲ ਨ ਹੋਵੇ । 1664 ਈ. ਵਿਚ ਔਰੰਗਜ਼ੇਬ ਨੇਂ ਇਸ ਨੂੰ ਦੱਖਣ ਦਾ ਸੂਬੇਦਾਰ ਥਾਪਿਆ ਤੇ ਇਹ ਸ਼ਿਵਾ ਜੀ ਨਾਲ ਲੜਦਾ ਭਿੜਦਾ ਰਿਹਾ। ਅਖੀਰ ਇਹ ਸ਼ਿਵਾ ਜੀ ਨੂੰ ਸੰਭਾ ਜੀ ਸਮੇਤ ਆਗਰੇ ਲਿਆਉਣ ਵਿਚ ਸਫਲ ਹੋ ਗਿਆ ਤੇ ਇਸ ਨੂੰ ਸੱਤ ਹਜ਼ਾਰੀ ਮਨਸਬ ਮਿਲਿਆ 1667 ਵਿਚ ਇਸ ਨੂੰ ਸੂਬੇਦਾਰੀ ਤੋਂ ਹਟਾ ਦਿਤਾ ਗਿਆ, ਜਿਸ ਦਾ ਇਸ ਨੂੰ ਬਹੁਤ ਦੁਖ ਹੋਇਆ । ਇਸੇ ਮਾਨਸਿਕ ਖੇਦ ਕਾਰਣ 10 ਜੁਲਾਈ 1667 ਈ. ਨੂੰ ਬੁਰਹਾਨਪੁਰ ਆਉਂਦਿਆਂ ਚਲਾਣਾ ਕਰ ਗਿਆ ।

ਔਰੰਗਜ਼ੇਬ ਦਾ ਗੁਰੂ ਘਰ ਵਲ ਸਖਤ ਕਰੂਰ ਰਵਈਆ ਸੀ ਪਰ ਰਾਜਾ ਜੈ ਸਿੰਘ ਸਦਾ ਇਸ ਨੂੰ ਨਰਮ ਕਰਦਾ ਰਿਹਾ। ਗੁਰੂ ਹਰਿਰਾਇ ਸਾਹਿਬ ਦੇ ਭੇਜਣ ਤੇ ਰਾਮਰਾਇ ਦਿਲੀ ਆਇਆ ਤਾਂ ਇਨ੍ਹਾਂ ਪਾਸ ਹੀ ਠਹਰਿਆ, ਫਿਰ ਗੁਰੂ ਹਰਿਕ੍ਰਿਸ਼ਨ ਸਾਹਿਬ ਵੀ ਮਿਰਜ਼ਾ ਜੈ ਸਿੰਘ ਦੇ ਬੰਗਲੇ ਹੀ ਨਿਵਾਸ ਕਰਦੇ ਰਹੇ ਜਿਥੇ ਕਿ ਬੰਗਲਾ ਸਾਹਿਬ

ਗੁਰਦੁਆਰਾ ਹੈ। ਜੈ ਸਿੰਘ ਦਾ ਦੀਵਾਨ ਪਰਸਰਾਮ ਹੀ ਉਨ੍ਹਾਂ ਨੂੰ ਕੀਰਤਪੁਰ ਤੋਂ ਲੈ ਕੇ ਆਇਆ ਸੀ ਤੇ ਪਹਿਲੋਂ ਰਾਮਰਾਇ ਨੂੰ ਦੀਵਾਨ ਭਵਾਨੀ ਦਾਸ ਲੈ ਕੇ ਗਿਆ ਸੀ। ਗੁਰੂ ਤੇਗ ਬਹਾਦਰ ਸਾਹਿਬ ਪ੍ਰਤੀ ਰਾਜਾ ਜੈ ਸਿੰਘ ਦੀ ਰਾਣੀ ਪੁਸ਼ਪਾ ਦੇਵੀ ਦੀ ਬਹੁਤ ਸ਼ਰਧਾ ਸੀ ਤੇ ਸਤਿਗੁਰੂ ਜਦ ਵੀ ਦਿਲੀ ਆਏ, ਸਦਾ ਇਨ੍ਹਾਂ ਨੂੰ ਮਿਲਦੇ ਰਹਿੰਦੇ ਸਨ। ਅਸਾਮ ਦੇ ਦੌਰੇ ਤੋਂ ਮੁੜਦੇ ਹੋਏ 1670 ਵਿਚ ਉਚੇਚਾ ਗੁਰੂ ਤੇਗ ਬਹਾਦਰ, ਰਾਣੀ ਨੂੰ ਮਿਲੇ ਤੇ ਉਸ ਦੇ ਪਤੀ ਰਾਜਾ ਜੈ ਸਿੰਘ ਦੇ ਚਲਾਣੇ ਉਤੇ ਸ਼ੋਕ ਪਰਗਟ ਕੀਤਾ ਤੇ ਉਸ ਦੇ ਸਪੁੱਤਰ ਰਾਜਾ ਰਾਮ ਸਿੰਘ ਦਾ ਸੁਖ ਸੰਨੇਹਾ ਵੀ ਦਿਤਾ।

(21) **ਰਾਜਾ ਰਾਮ ਸਿੰਘ**—ਰਾਜਾ ਰਾਮ ਸਿੰਘ, ਮਿਰਜ਼ਾ ਰਾਜਾ ਜੈ ਸਿੰਘ ਅੰਬੇਰ ਦਾ ਪੁੱਤਰ ਸੀ, ਜੋ ਅਸਾਮ ਦੀ ਮੁਹਿਮ ਤੇ 1668 ਵਿਚ ਗਿਆ ਤੇ ਪਟਨੇ ਤੋਂ ਗੁਰੂ ਤੇਗ ਬਹਾਦਰ ਜੀ ਨੂੰ ਇਸ ਲਈ ਨਾਲ ਲੈਂਦਾ ਗਿਆ ਤਾਂਕਿ ਉਸ ਦੀ ਫੌਜ ਕਾਮਰੂਪ ਦੇ ਕਾਲੇ ਜਾਦੂ ਜਾਂ ਟੂਣੇ ਕਾਮਣ ਕਾਰਣ ਸੰਕਟਾਂ ਦਾ ਸ਼ਿਕਾਰ ਨ ਹੋਵੇ। ਰਾਜਾ ਰਾਮ ਸਿੰਘ ਦਾ ਪੋਤਰਾ ਰਾਜ ਬਿਸ਼ਨ ਸਿੰਘ ਸੀ ਤੇ ਰਾਜਾ ਬਿਸ਼ਨ ਸਿੰਘ ਦਾ ਪੁੱਤਰ ਰਾਜਾ ਜੈ ਸਿੰਘ ਸਵਾਈ (1699-1734 ਈ.) ਸੀ। ਇਸ ਭੁਲੇਖੇ ਕਾਰਣ ਸਿਖ ਇਤਿਹਾਸਕਾਰਾਂ ਆਸਾਮ ਦੀ ਮੁਹਿੰਮ ਤੇ ਜਾਣ ਵਾਲੇ ਦਾ ਨਾਮ ਕਿਸੇ ਰਾਜਾ ਮਾਨ ਸਿੰਘ, ਕਿਸੇ ਬਿਸ਼ਨ ਸਿੰਘ ਵੀ ਲਿਖਿਆ ਹੈ, ਜੋ ਕਿ ਭੁੱਲ ਹੈ। ਦਰਅਸਲ ਇਹ ਰਾਮ ਸਿੰਘ ਹੀ ਸੀ।

ਕੰਵਰ ਰਾਮ ਸਿੰਘ 1664 ਈ. ਵਿਚ ਮੁਗਲ ਸਰਕਾਰ ਦੀ ਨੌਕਰੀ ਵਿਚ ਆਇਆ ਤੇ 1666 ਵਿਚ ਇਸ ਨੂੰ 'ਰਾਜਾ' ਦਾ ਖਿਤਾਬ ਮਿਲਿਆ। ਜਦ 1665 ਵਿਚ ਗੁਰੂ ਜੀ ਨੂੰ ਧਮਧਾਣ ਤੋਂ ਗ੍ਰਿਫਤਾਰ ਕਰ ਕੇ ਲਿਆਂਦਾ ਗਿਆ ਤਾਂ ਰਾਜਾ ਰਾਮ ਸਿੰਘ ਨੇ ਇਹ ਕਹਿਕੇ—'ਇਹ ਕੋਈ ਰਾਜਾ ਰਾਣਾ ਨਹੀਂ', ਇਹ ਬਾਬਾ ਨਾਨਕ ਦੀ ਗੱਦੀ ਦਾ ਫਕੀਰ ਹੈ, ਇਸ ਤੋਂ ਤੁਸੀਂ ਕਿਉਂ ਡਰਦੇ ਹੋ, ਮੈਂ ਜ਼ਿੰਮੇਵਾਰ ਹਾਂ, ਆਪ ਨੂੰ ਰਿਹਾ ਕਰਾਇਆ। ਜਦੋਂ ਬੜੀ ਕੂਟ ਨੀਤੀ ਨਾਲ ਸ਼ਿਵਾ ਜੀ ਤੇ ਸ਼ੰਭਾ ਜੀ ਨੂੰ ਮਈ 1666 ਵਿਚ ਆਗਰੇ ਲਿਆ ਕੇ ਕੈਦ ਕੀਤਾ ਗਿਆ ਤਾਂ ਰਾਜਾ ਰਾਮ ਸਿੰਘ ਨੂੰ ਇਨ੍ਹਾਂ ਦਾ ਨਿਗਰਾਨ ਥਾਪਿਆ ਗਿਆ। ਇਹ ਦੋਵੇਂ 19 ਅਗਸਤ 1666 ਵਿਚ ਫਲਾਂ ਦਿਆਂ ਟੋਕਰਿਆਂ ਵਿਚ ਬੈਠ ਕੇ ਖਿਸਕ ਗਏ। ਇਸ ਗੱਲ ਲਈ ਔਰੰਗਜ਼ੇਬ

ਨੇ ਸਿੱਧਾ ਰਾਮ ਸਿੰਘ ਨੂੰ ਦੋਸ਼ੀ ਠਹਿਰਾਇਆ । ਬਾਦਸ਼ਾਹ ਨੇ ਇਸ ਦੇ ਸਾਰੇ ਮਨਸਬ ਖੋਹ ਲਏ ਤੇ ਦਰਬਾਰ ਵਿਚ ਆਉਣਾ ਜਾਣਾ ਬੰਦ ਕਰ ਦਿਤਾ । ਜਦ ਜੁਲਾਈ 1667 ਵਿਚ ਰਾਜਾ ਜੈ ਸਿੰਘ ਦਾ ਦੇਹਾਂਤ ਹੋ ਗਿਆ ਤਾਂ ਫਿਰ ਔਰੰਗਜ਼ੇਬ ਨੂੰ ਇਸ ਨੂੰ ਬਹਲ ਕਹਨਾ ਪਿਆ । ਕਾਰਣ ਇਹ ਸੀ ਕਿ ਇਸ ਮੌਕੇ ਰਾਜਪੂਤ ਰਾਜਿਆਂ ਨੂੰ ਆਪਣੇ ਨਾਲ ਰਖਣਾ ਜ਼ਰੂਰੀ ਸੀ । ਉਧਰ ਅਸਾਮ ਤੋਂ ਖਬਰ ਆਈ ਕਿ ਮੁਗਲ ਹਾਕਮ ਕਤਲ ਕਰ ਦਿਤਾ ਗਿਆ ਹੈ ਤੇ ਬਗਾਵਤ ਵਧ ਰਹੀ ਹੈ । 'ਮੁਆਸਰਿ ਆਲਮਗੀਰੀ' ਅਨੁਸਾਰ 27 ਦਸੰਬਰ 1667 ਨੂੰ ਰਾਜਾ ਰਾਮ ਸਿੰਘ ਨੂੰ ਹੁਕਮ ਹੋਇਆ ਕਿ ਆਸਾਮ ਦੀ ਮੁਹਿੰਮ ਤੇ ਜਾਵੇ ਤੇ 1668 ਦੇ ਸ਼ੁਰੂ ਵਿਚ ਉਹ ਫੌਜ ਲੈਕੇ ਤੁਰ ਪਿਆ । ਮਾਤਾ ਪੁਸ਼ਪਾ ਦੇਵੀ ਦੀ ਹਦਾਇਤ ਅਨੁਸਾਰ ਇਸਨੇ ਪਟਨੇ ਤੋਂ ਗੁਰੂ ਤੇਗ ਬਹਾਦਰ ਜੀ ਨੂੰ ਨਾਲ ਲਿਆ । ਢਾਕੇ ਪਹੁੰਚੇ ਤਾਂ ਬੰਗਾਲ ਦੇ ਸੂਬੇਦਾਰ ਨਵਾਬ ਸ਼ਾਇਸਤਾ ਖ਼ਾਂ ਨੇ ਰਾਜਾ ਰਾਮ ਸਿੰਘ ਦਾ ਬਹੁਤ ਨਿੱਘਾ ਸੁਆਗਤ ਕੀਤਾ । 25 ਹਜ਼ਾਰ ਦੀ ਜੜਾਊ ਖੰਜਰ ਤੇ ਹੋਰ ਹਾਥੀ ਘੋੜੇ, ਸਨਮਾਨ ਵਜੋਂ ਦਿਤੇ । ਰਾਮ ਸਿੰਘ ਵੀ ਨਵਾਬ ਨੂੰ 'ਚਾਚਾ' ਕਹਿ ਕੇ ਬੁਲਾਉਂਦਾ ਸੀ ।

ਇਥੋਂ ਮੁਗਲ ਫੌਜ ਗਗਾ ਮਾਟੀ ਵਲ ਚਲੀ ਗਈ ਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਾਂਤਿ-ਪੂਰਣ ਸ਼ਖਸੀਅਤ ਦੇ ਸਦਕੇ ਦੋਹਾਂ ਹਿੰਦੂ ਰਾਜਿਆਂ ਦਾ ਸਮਝੌਤਾ ਹੋ ਗਿਆ ਤੇ ਲੜਾਈ ਖਤਮ ਹੋ ਗਈ । ਔਰੰਗਜ਼ੇਬ ਦੀ ਕੂਟਨੀਤੀ ਇਹ ਸੀ ਕਿ ਰਾਜਾ ਰਾਮ ਸਿੰਘ ਅਸਾਮ ਦੀ ਮੁਹਿੰਮ ਤੇ ਮਾਰਿਆ ਗਿਆ ਤਾਂ ਵੀ ਚੰਗਾ ਹੈ । ਜੇ ਇਹ ਜਿੱਤ ਕੇ ਆਇਆ ਤਾਂ ਮੁਗਲ ਸਰਕਾਰ ਲਈ ਲਾਭ ਹੋਵੇਗਾ । ਪਰ ਗੁਰੂ ਜੀ ਦੀ ਮੌਜੂਦਗੀ ਨੇ ਸਾਰੇ ਹਾਲਾਤ ਬਦਲ ਦਿਤੇ ਤੇ ਉਹ ਜਲਦੀ ਪੰਜਾਬ ਪਰਤ ਆਏ ।

ਇਸ ਤੋਂ ਬਾਦ ਅਹੋਮ ਰਾਜੇ ਦੇ ਮਰਨ ਕਾਰਨ ਹਾਲਤ ਫਿਰ ਖਰਾਬ ਹੋ ਗਏ ਤੇ ਰਾਜਾ ਰਾਮ ਸਿੰਘ 1676 ਈ. ਵਿਚ ਆਸਾਮ ਮੁਹਿੰਮ ਤੋਂ ਮੁੜ ਸਕਿਆ । ਇਸ ਸਮੇਂ 1675 ਦੇ ਅੰਤ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕੀਤਾ ਜਾ ਚੁਕਿਆ ਸੀ । ਜੇਕਰ ਰਾਜਾ ਰਾਮ ਸਿੰਘ ਜਾਂ ਨਵਾਬ ਸੈਫ ਖ਼ਾਂ ਵਰਗਾ ਕੋਈ ਨੇਕ ਪੁਰਸ਼ ਦਿਲੀ ਹੁੰਦਾ ਤਾਂ ਸ਼ਾਇਦ ਇਹ ਜ਼ੁਲਮ ਰੁਕ ਜਾਂਦਾ । ਰਾਮ ਸਿੰਘ ਦਾ ਦੇਹਾਂਤ 1687 ਈ. ਵਿਚ ਕਾਬਲ ਹੋਇਆ ।

(22) ਨਵਾਬ ਸੈਫ ਖ਼ਾਂ—ਨਵਾਬ ਸੈਫੂਦੀਨ ਮੁਹੰਮਦ ਖਾਂ, ਬਖਸ਼ੀ ਤਰਬੀਅਤ ਖ਼ਾਂ ਸ਼ਾਹ ਜਹਾਨ ਦਾ ਪੁੱਤਰ ਸੀ ਤੇ ਇਸਦਾ ਭਾਈ ਨਵਾਬ ਫਿਦਾਈ ਖ਼ਾਂ, ਔਰੰਗਜ਼ੇਬ ਦਾ ਮਤ੍ਰੇਆ ਭਰਾ ਲਗਦਾ ਸੀ। ਸੈਫ਼ ਖਾਂ ਧਾਰਮਿਕ ਬਿਰਤੀ ਵਾਲਾ ਨੇਕ ਪੁਰਸ਼ ਸੀ। ਇਸ ਨੂੰ ਫ਼ਾਰਸੀ ਤ੍ਵਾਰੀਖ਼ਦਾਨਾਂ, 'ਫਕੀਰੁੱਲਾ' ਕਰਕੇ ਲਿਖਿਆ ਹੈ।

ਔਰੰਗਜ਼ੇਬ ਵੀ ਇਸ ਦਾ ਚੰਗਾ ਆਦਰ ਕਰਦਾ ਸੀ ਤੇ ਇਸ ਦੀਆਂ ਬੇਪਰਵਾਹੀਆਂ ਦਾ ਬਹੁਤਾ ਖਿਆਲ ਨਹੀਂ ਸੀ ਕਰਦਾ। 1654 ਈ. ਵਿਚ ਇਹ ਆਗਰੇ ਦਾ ਸੂਬੇਦਾਰ ਲਾਇਆ ਗਿਆ, 1666 ਤੋਂ 1671 ਈ. ਤਕ ਕਸ਼ਮੀਰ ਦਾ ਸੂਬੇਦਾਰ ਰਿਹਾ। 1671 ਵਿਚ ਕਸ਼ਮੀਰ, ਇਫਤਖ਼ਾਰ ਖ਼ਾਂ ਨੂੰ ਹਾਕਮ ਬਣਾਕੇ ਇਸ ਲਈ ਭੇਜਿਆ ਗਿਆ ਕਿਉਂਕਿ ਨਵਾਬ ਸੈਫ ਖ਼ਾਂ ਔਰੰਗਜ਼ੇਬ ਦੀ ਜਬਰੀ ਤਬਲੀਗ ਵਾਲੀ ਨੀਤੀ ਨਾਲ ਸਹਿਮਤ ਨਹੀਂ ਸੀ। ਇਹ ਸਭ ਕੁਝ ਛੱਡ ਛਡਾਕੇ ਆ ਗਿਆ, ਮੁੜ 1676 ਵਿਚ ਬੁਲਾਇਆ ਗਿਆ ਤੇ 1683 ਈ. ਤਕ ਕੰਮ ਕਰਦਾ ਰਿਹਾ।

1668 ਈ. ਵਿਚ ਇਸਨੇ ਕਿਲਾ ਬਹਾਦਰਗੜ੍ਹ ਵਾਲੀ ਥਾਂ ਤੇ 'ਸੈਫ਼ਾਬਾਦ' ਨਗਰ ਅਬਾਦ ਕੀਤਾ, ਜਿਥੇ ਇਕ ਕਿਲਾ ਤੇ ਮਸਜਿਦ ਬਣਵਾਈ। ਕਿਲੇ ਦੇ ਅੰਦਰਲੇ ਦਰਵਾਜ਼ੇ ਤੇ ਇਕ ਲਿਖਤ ਮੌਜੂਦ ਹੈ, ਜਿਸ ਤੋਂ ਅਬਜਦ ਦੇ ਹਿਸਾਬ ਨਾਲ 1077 ਹਿ. ਸਾਲ (ਮੁਤਾਬਕ 1668 ਈ.) ਨਿਕਲਦਾ ਹੈ। ਸ਼ਬਦ ਇਹ ਹਨ...

ਮੀ-ਖ਼ਵਾਸਤ ਖੁਦਾ ਕਿ ਫੈਜ਼ ਯਾਬੰਦ ਅਬਾਦ।
ਬਾਸ਼ਦ ਹਮੇਸ਼ਾ ਸਾਕਨਾਇਸ਼ ਦਿਲਸ਼ਾਦ।
ਦਰ ਅਹਿਦ ਸ਼ਹਿਨਸ਼ਾਹਿ ਜਹਾਂ ਆਲਮਗੀਰ।
ਆਬਾਦ ਨਮੂਦ ਸੈਫ ਖ਼ਾਂ ਸੈਫ਼ਾਬਾਦ।

ਜਦ ਗੁਰੂ ਤੇਗ ਬਹਾਦਰ ਇਧਰ ਆਏ ਤਾਂ ਨਵਾਬ ਪਾਸ ਪਰਿਵਾਰ ਸਮੇਤ ਸੈਫਾਬਾਦ ਕਾਫੀ ਅਰਸਾ ਰਹੇ, ਗੁਰੂ ਜੀ ਦੀ ਵੈਰਾਗਪੂਰਣ ਸ਼ਖਸ਼ੀਅਤ ਤੋਂ ਉਹ ਬਹੁਤ ਪ੍ਰਭਾਵਿਤ ਹੋਇਆ। 'ਸਾਖੀ ਪੋਥੀ' ਦੇ ਲੇਖਕ ਨੇ ਨਾਂ ਸਰਫੁਦੀਨ ਕਰਕੇ ਲਿਖਿਆ ਹੈ ਜੋ ਫਾਰਸੀ ਅੱਖਰਾਂ ਵਿਚੋਂ ਗਲਤ ਪੜ੍ਹਨ ਕਰਕੇ ਐਸਾ ਹੋਇਆ ਹੈ। ਜਦ ਗੁਰੂ ਜੀ ਆਸਾਮ ਤੋਂ ਪਰਤੇ ਤਾਂ ਨਵਾਬ ਸੈਫ਼ ਖ਼ਾਂ ਨੇ ਹੀ ਬਾਦਸ਼ਾਹ ਨੂੰ ਸਮਝਾ ਬੁਝਾ ਕੇ ਸਤੰਬਰ 1670 ਈ. ਵਿਚ ਨਜ਼ਰਬੰਦੀ ਤੋਂ ਰਿਹਾਈ ਦਿਵਾਈ ਸੀ। ਨੌਵੇਂ

ਸਤਿਗੁਰਾਂ ਦੇ ਹੁਕਮਨਾਮਿਆਂ ਵਿਚ ਵੀ ਸੈਫ ਖ਼ਾਂ ਦਾ ਹਵਾਲਾ ਮਿਲਦਾ ਹੈ, ਗੁਰੂ ਜੀ ਨੇ ਮਿਰਜ਼ਾਪੁਰ ਦੇ ਸਿਖਾਂ ਨੂੰ ਲਿਖਿਆ ਹੈ...'ਨਵਾਬ ਸੈਫ ਖਾਂ ਨੇ ਦੇਣੇ ਹਨ, ਹੱਛੇ ਬਾਸਣ ਭੇਜਣੇ।' ਨਵਾਬ ਸਾਹਿਬ ਦਾ ਦੇਹਾਂਤ ਸੈਫ਼ਾਬਾਦ ਹੀ ਹੋਇਆ। ਕਿਲਾ ਬਹਾਦਰਗੜ੍ਹ ਦੇ ਪਿਛਲੇ ਪਾਸੇ ਇਸ ਦਾ ਮਕਬਰਾ ਹੈ ਤੇ ਨਾਲ ਹੀ ਇਸਦੀਆਂ ਦੋ ਬੇਗਮਾਂ ਦੀ ਸਮਾਧ ਹੈ। ਰਾਜਾ ਅਮਰ ਸਿੰਘ ਨੇ 1774 ਈ. ਵਿਚ ਸੈਫ ਖ਼ਾਂ ਦੇ ਵਾਰਸਾਂ ਨੂੰ ਕੁਝ ਜਾਗੀਰ ਦੇ ਕੇ ਇਹ ਕਿਲਾ ਲੈ ਲਿਆ ਸੀ ਤੇ ਮੌਜੂਦਾ ਬਹਾਦਰਗੜ੍ਹ ਵਾਲਾ ਕਿਲਾ ਮਹਾਰਾਜਾ ਕਰਮ ਸਿੰਘ ਪਟਿਆਲਾ ਨੇ ਬਣਾਇਆ।

(23) **ਨਵਾਬ ਸ਼ਾਇਸਤਾ ਖ਼ਾਂ**--ਨਵਾਬ ਸ਼ਾਇਸਤਾ ਖਾਂ ਅਮੀਰੁਲ ਉਮਰਾ ਸ਼ਾਹਜਹਾਂ ਦੇ ਵਜ਼ੀਰ ਆਸਫ ਖ਼ਾਂ ਦਾ ਪੁੱਤਰ ਸੀ। ਇਹ ਰਿਸ਼ਤੇਦਾਰੀ ਵਿਚੋਂ ਬੇਗਮ ਨੂਰ ਜਹਾਂ ਦਾ ਭਤੀਜਾ; ਬੇਗਮ ਤਾਜਮਹਲ ਦਾ ਭਾਈ ਤੇ ਔਰੰਗਜ਼ੇਬ ਦਾ ਮਾਮਾ ਲਗਦਾ ਸੀ। 1648 ਵਿਚ ਬਰਾਰ ਦਾ ਤੇ 1652 ਵਿਚ ਗੁਜਰਾਤ ਦਾ ਹਾਕਮ ਨੀਅਤ ਹੋਇਆ। 1659 ਵਿਚ ਦੱਖਣ ਦਾ ਸੂਬੇਦਾਰ ਹੋ ਕੇ ਸ਼ਿਵਾ ਜੀ ਵਿਰੁਧ ਮੁਹਿੰਮ ਚਲਾਉਣ ਲਈ ਗਿਆ ਪਰ ਇਸ ਨੂੰ ਬਹੁਤੀ ਸਫਲਤਾ ਨਾ ਹੋਈ ਜਿਸ ਕਰਕੇ 1664 ਵਿਚ ਢਾਕੇ ਦਾ ਸੂਬੇਦਾਰ ਬਣਾਇਆ ਗਿਆ, ਉਮਰ ਭਰ ਇਹ ਢਾਕੇ ਹੀ ਰਿਹਾ। ਇਸ ਦਾ ਵਰਤਾਉ ਗੈਰ ਮੁਸਲਮਾਨਾਂ ਨਾਲ ਬੜਾ ਪ੍ਰੇਮ-ਭਰਿਆ ਸੀ। ਔਰੰਗਜ਼ੇਬ ਦੀ ਨੀਤੀ ਹਿੰਦੂ-ਵਿਰੋਧੀ ਸੀ। ਉਸਨੇ ਹਿੰਦੂ ਅਮਲਾ ਕੱਢ ਦੇਣ ਦੇ ਵੀ ਹੁਕਮ ਜਾਰੀ ਕੀਤੇ ਪਰ ਇਸ ਨੇ ਹਿੰਦੂਆਂ ਨੂੰ ਨੌਕਰੀ ਤੋਂ ਨਹੀਂ ਕੱਢਿਆ। ਰਾਜਾ ਰਾਮ ਸਿੰਘ ਨੂੰ ਇਸ ਪੂਰਾ ਸਹਿਯੋਗ ਦਿੱਤਾ। ਗੁਰੂ ਤੇਗ ਬਹਾਦਰ ਜੀ ਦੇ ਪਵਿੱਤਰ ਦਰਸ਼ਨਾਂ ਤੋਂ ਇਹ ਬਹੁਤ ਪ੍ਰਭਾਵਿਤ ਹੋਇਆ। ਇਸ ਦੇ ਦਰਬਾਰੀ ਮੁਸੱਵਰ ਨੇ ਗੁਰੂ ਜੀ ਦੀ ਤਸਵੀਰ ਵੀ ਬਣਾਈ। ਇਸ ਦਾ ਅਹਿਲਕਾਰ ਭਗਵਾਨਦਾਸ ਨਾਨਕ-ਪੰਥੀ ਸੀ ਤੇ ਇਸਨੇ ਕਾਫੀ ਜਾਇਦਾਦ ਨਾਨਕਪੰਥੀ ਅਖਾੜੇ ਦੇ ਨਾਂ ਲਾਈ ਹੋਈ ਸੀ ਅਜ ਕੱਲ ਸਾਰੀ ਦੀ ਸਾਰੀ ਢਾਕਾ ਜੂਨੀਵਰਸਿਟੀ ਤੇ ਹਸਪਤਾਲ ਵਾਲੀ ਥਾਂ ਉਹੋ ਹੀ ਹੈ ਜੋ ਕਿ ਕਦੀ ਨਾਨਕਪੰਥੀ ਅਖਾੜੇ ਪਾਸ ਸੀ।

ਨਵਾਬ ਸ਼ਾਇਸ਼ਤਾ ਖ਼ਾਂ ਦਾ ਦੇਹਾਂਤ 93 ਵਰ੍ਹੇ ਦੀ ਉਮਰ ਵਿਚ 31 ਮਈ 1694 ਈ. ਨੂੰ ਹੋਇਆ।

(24) **ਭਾਈ ਦੱਗੋ** ਬਾਂਗਰ ਦੇ ਇਲਾਕੇ ਦਾ ਚੰਗੇ ਰੋਅਬ-ਦਾਬ ਵਾਲਾ ਜ਼ਿਮੀਦਾਰ ਸੀ, ਜੋ ਧਮਧਾਣ ਦੇ ਅਸਥਾਨ ਦਾ ਪ੍ਰਬੰਧ ਕਰਦਾ ਸੀ। ਜਦੋਂ ਗੁਰੂ ਤੇਗ ਬਹਾਦਰ ਜੀ ਗਏ ਤਾਂ ਇਹ ਦੁਧ ਲੈ ਕੇ ਆਇਆ। ਗੁਰੂ ਸਾਹਿਬ ਨੇ ਕਿਹਾ, 'ਮੂੜੀ ਦੇ ਕੇ ਚੋਇਆ ਦੁਧ ਸਾਨੂੰ ਪਰਵਾਣ ਨਹੀਂ; ਹੋਰ ਸੁੱਚਾ ਦੁਧ ਲਿਆ।' ਇਹ ਸੁਣਕੇ ਦੱਗੋ ਸ਼ਰਣੀਂ ਪੈ ਗਿਆ ਤੇ ਗੁਰੂ ਜੀ ਦਾ ਸੇਵਕ ਬਣ ਗਿਆ। ਜਦੋਂ ਗੁਰੂ ਜੀ ਦੀ ਕੱਤਕ 1722 ਬਿ. ਧਮਧਾਣ ਤੋਂ ਗ੍ਰਿਫਤਾਰੀ ਹੋਈ ਤਾਂ ਇਹ ਵੀ ਪਕੜ ਕੇ ਦਿੱਲੀ ਲਿਆਂਦਾ ਗਿਆ ਪਰ ਛੇਤੀ ਰਿਹਾਈ ਹੋ ਗਈ।

(25) **ਭਾਈ ਮੀਂਹਾਂ**—ਗੁਰੂ ਹਰਿਗੋਬਿੰਦ ਸਾਹਿਬ ਦੇ ਸਿਖ ਭਾਈ ਨੰਦ ਲਾਲ ਸੋਹਣੇ ਦਾ ਪੁੱਤਰ ਰਾਮਦੇਵ ਬਹੁਤ ਭਗਤੀ-ਭਾਵ ਵਾਲਾ ਸੀ। ਬਾਂਗਰ ਦੇ ਇਲਾਕੇ ਵਿਚ ਜਦ ਗੁਰੂ ਜੀ ਜਾਂਦੇ; ਇਹ ਥਾਂ ਥਾਂ ਮਸ਼ਕ ਲੈ ਕੇ ਪਾਣੀ ਦੀ ਸੇਵਾ ਕਰਦਾ। ਸਿਰ ਤੇ ਇੰਨੂ ਬੰਨ੍ਹ ਕੇ ਗਾਗਰਾਂ ਢੋਈ ਜਾਣਾ ਇਸ ਦਾ ਸ਼ੌਕ ਸੀ; ਇੰਨੂ ਨਾਲ ਚੀਘਾਂ ਪੈ ਗਈਆਂ; ਸਿਰ ਤੇ ਜ਼ਖਮ ਵੀ ਆ ਗਏ ਪਰ ਇਸ ਨੇ ਸੇਵਾ ਨ ਛੱਡੀ ਇਕ ਵਾਰ ਧਮਧਾਣ ਇਸ ਨੇ ਵਧੀਆ ਛਿੜਕਾਉ ਕਰਕੇ ਗਰਮੀ ਵਿਚ ਸੀਤਲਤਾ ਵਰਤਾ ਦਿਤੀ। ਉਦੋਂ ਗੁਰੂ ਜੀ ਨੇ ਇਸਨੂੰ 'ਮੀਹਾਂ ਸ਼ਾਹ' ਕਹਿਕੇ ਨਿਵਾਜਿਆ। ਫਿਰ ਪ੍ਰਸੰਨ ਹੋਕੇ ਲੋਹ; ਨਗਾਰਾ; ਝੰਡਾ ਬਖਸ਼ਿਆ ਤੇ ਨਾਲ ਇਕ ਦੱਖਣੀ ਬੈਲ ਦਿਤਾ। ਇਹ ਪਰਉਪਕਾਰੀ ਮਹਾਤਮਾ ਯੂ ਪੀ; ਵਲ ਥਾਂ ਥਾਂ ਫਿਰ ਕੇ ਪ੍ਰਚਾਰ ਕਰਦਾ ਰਿਹਾ। ਉਦਾਸੀ ਸਾਧੂਆਂ ਦੀ ਮੀਹਾਂ ਸ਼ਾਹੀ ਸੰਪ੍ਰਦਾ ਇਸ ਦੇ ਨਾਂ ਤੇ ਹੈ ਜੋ ਕਿ ਚੌਥੀ ਬਖਸ਼ਿਸ਼ ਹੈ। ਭਾਈ ਮੀਹਾਂਸ਼ਾਹ ਦਾ ਦੇਹਾਂਤ ਪਿੰਡ ਸੋਹੀਆਂ ਤਸੀਲ ਨਾਰੋਵਾਲ ਜ਼ਿਲਾ ਸਿਆਲਕੋਟ ਵਿਚ ਹੋਇਆ; ਉਥੇ ਸਮਾਧਿ ਬਣੀ ਹੋਈ ਹੈ।

(26) **ਭਾਈ ਸੰਗਤੀਆ**—ਇਸ ਦਾ ਜਨਮ ਪਿੰਡ ਅੰਬ ਮਾੜੀ; ਪਰਗਣਾ ਮੀਏਂ ਕੇ ਮੌੜ ਵਿਚ ਬਿੰਨੇ ਉੱਪਲ ਦੇ ਘਰ 1691 ਬਿ. ਨੂੰ ਹੋਇਆ। ਇਹ ਸਾਧੂ-ਸੁਭਾ ਦਾ ਪ੍ਰੇਮੀ ਸੱਤਵੇਂ; ਅੱਠਵੇਂ ਸਤਿਗੁਰਾਂ ਸਸੇਂ ਸੇਵਾ ਕਰਦਾ ਰਿਹਾ ਤੇ ਨੌਵੇਂ ਪਾਤਸ਼ਾਹ ਨਾਲ ਭ੍ਰਮਣ ਕਰਦਾ ਰਿਹਾ। ਜਦ ਗੁਰੂ ਜੀ ਪਹਿਲੀ ਵਾਰ ਪੂਰਬ ਯਾਤਰਾ ਲਈ ਨਿਕਲੇ ਤਾਂ ਸੰਗਤੀਆ ਨਾਲ ਸੀ। ਜਦ ਪਹਿਲੀ ਗ੍ਰਿਫਤਾਰੀ ਹੋਈ ਤਾਂ ਵੀ ਸੰਗਤੀਆ ਨਾਲ ਹੀ ਪਕੜਿਆ ਸੀ। ਇਸ ਦੇ ਸਾਥ ਉਦਾਸੀ ਸਾਧੂਆਂ ਦੀ ਜਮਾਤ

ਵੀ ਸੀ। ਇਨ੍ਹਾਂ ਨੂੰ ਭੱਟਾਂ ਨੇ 'ਸਿਖ ਫਕੀਰ' ਕਰਕੇ ਲਿਖਿਆ ਹੈ। ਸਤਿਗੁਰਾਂ ਇਸਦੀ ਸੇਵਾ ਦੇਖ ਕੇ ਇਸ ਨੂੰ 'ਸੰਗਤ ਸਾਹਿਬ' ਦਾ ਖਿਤਾਬ ਦਿਤਾ। ਉਦਾਸੀ ਸਾਧੂਆਂ ਦੀ 'ਸੰਗਤ ਸਾਹਿਬੀਏ' ਬਖਸ਼ਿਸ਼ ਇਸੇ ਦੇ ਨਾਂ ਤੇ ਹੈ। ਅਤੇ ਛੋਟਾ ਅਖਾੜਾ ਇਸ ਦੀ ਯਾਦ ਵਿਚ ਸਥਾਪਿਤ ਹੈ।

(27) **ਚਾਚਾ ਫੱਗੋ ਸ਼ਾਹ**-- ਇਹ ਸ਼ੇਟ-ਸ਼ਾਹ ਦੀ ਜਨਮ-ਭੂਮੀ ਸਸਰਾਮ (ਯੂ. ਪੀ.) ਦੇ ਰਹਿਣ ਵਾਲਾ ਸੀ; ਜੋ ਗੁਰੂ-ਆਗਿਆ ਅਨੁਸਾਰ ਸਿਖੀ ਪ੍ਰਚਾਰ ਦੀ ਸੇਵਾ ਕਰਦਾ ਤੇ ਦਸਵੰਧ ਉਗਰਾਹ ਕੇ ਸਤਿਗੁਰਾਂ ਨੂੰ ਬਾਕਾਇਦਾ ਘੱਲਦਾ ਰਹਿੰਦਾ ਸੀ। ਇਕ ਵਾਰ ਇਹ ਕਿਸੇ ਗਰੀਬ ਸਿਖ ਦੇ ਘਰ ਗਿਆ, ਉਸਦੀ ਘਰਵਾਲੀ ਨੇ ਕਿਹਾ, 'ਸਾਡੇ ਪਾਸ ਦੇਣ ਲਈ ਕੁਛ ਨਹੀਂ, ਇਹ ਕੂੜਾ ਪਿਆ ਹੈ, ਲੈ ਜਾ' ਇਹ ਲੈ ਆਇਆ ਜਿਸਨੂੰ ਇਸ ਘਰ ਆ ਕੇ ਬੀਜ ਦਿਤਾ। ਜਦ ਗੁਰੂ ਜੀ ਆਏ ਤਾਂ ਬੇਰੀ ਫੁੱਟੀ ਵੇਖਕੇ ਤੇ ਸਾਰੀ ਵਾਰਤਾ ਸੁਣ ਕੇ ਬਹੁਤ ਪ੍ਰਸੰਨ ਹੋਏ।

ਗੁਰੂ ਜੀ ਦੇ ਆਉਣ ਸਮੇਂ ਇਸ ਨੇ ਨਵਾਂ ਮਕਾਨ ਬਣਾਇਆ ਤੇ ਇਸਦਾ ਬਹੁਤ ਵੱਡਾ ਦਰਵਾਜ਼ਾ ਰੱਖਿਆ। ਲੋਕਾਂ ਪੁਛਿਆ ਕਿ ਅਜੇਹਾ ਕਿਉਂ ਕਰ ਰਿਹਾ ਹੈਂ ? ਇਸਦਾ ਜਵਾਬ ਸੀ ਕਿ ਮੇਰੀ ਤਾਂਘ ਹੈ ਕਿ ਸਤਿਗੁਰੂ ਘੋੜ-ਸਵਾਰ ਹੁੰਦੇ ਹੋਏ ਘਰ ਵਿਚ ਪ੍ਰਵੇਸ਼ ਕਰਨ। ਐਸਾ ਹੀ ਹੋਇਆ।

(28) **ਭਾਈ ਬੁਲਾਕੀ ਦਾਸ**— ਇਹ ਢਾਕੇ ਦਾ ਮਸੰਦ ਸੀ ਜਿਸਨੇ ਗੁਰੂ ਸਾਹਿਬ ਲਈ ਉਚੇਚਾ ਪਲੰਘ ਤੇ ਬਸਤ੍ਰ ਤਿਆਰ ਕਰਾਏ ਸਨ। ਜਦੋਂ ਗੁਰੂ ਜੀ ਢਾਕੇ ਆਏ ਤਾਂ ਇਸਦੀ ਮਾਤਾ ਦੀਦਾਰ ਪਾ ਕੇ ਬਹੁਤ ਖੁਸ਼ ਹੋਈ ਤੇ ਇਸ ਨੇ ਇਛਾ ਪ੍ਰਗਟ ਕੀਤੀ ਕਿ ਮੁਸੱਵਰ ਬੁਲਾ ਕੇ ਸਤਿਗੁਰਾਂ ਦੀ ਤਸਵੀਰ ਉਤਾਰੀ ਜਾਵੇ। ਚੁਨਾਂਚਿ ਸ਼ਾਹੀ ਮੁਸੱਵਰ ਬੁਲਾਇਆ ਗਿਆ ਤੇ ਉਸਨੇ ਬੜੀ ਮਿਹਨਤ ਨਾਲ ਚਿਤ੍ਰ ਤਿਆਰ ਕੀਤਾ ਪਰ ਗੁਰੂ ਜੀ ਦੇ ਜਲਾਲੀ ਚੇਹਰੇ ਦੀ ਨਕਲ ਪੂਰੀ ਨ ਉਤਰ ਸਕੀ। ਅੰਤ ਸਤਿਗੁਰਾਂ ਆਪ ਬੁਰਸ਼ ਫੜ ਕੇ ਉਸ ਤਸਵੀਰ ਨੂੰ ਅੰਤਮ-ਛੋਹਾਂ ਦਿਤੀਆਂ। ਇਹ ਪੁਰਾਤਨ ਤਸਵੀਰ ਅਜੇ ਤਕ ਸੰਗਤ ਟੋਲਾ, ਬੰਗਲਾ ਬਾਜ਼ਾਰ, ਢਾਕਾ ਵਿਚ ਮੌਜੂਦ

ਹੈ। ਕਰਤਾ 'ਮਹਿਮਾ ਪ੍ਰਕਾਸ਼' ਲਿਖਦਾ ਹੈ —

ਬੜਾ ਲਿਖਾਰੀ ਲਿਆਈ ਮਾਈ।
ਸਤਿਗੁਰ ਹਜ਼ੂਰ ਤਸਵੀਰ ਲਿਆਈ।
ਸਗਲ ਅੰਗ ਬਸਤ੍ਰ ਸਭ ਲਿਖਾ।
ਮੁਖ ਕਮਲ ਪ੍ਰਭਾ ਨਹੀਂ ਲਿਖ ਸਕਾ। 17।
ਦੇਖਿ ਦਿਆਲ ਕਲਮ ਹਾਥ ਲੀਨਾ।
ਨਿਜ ਹਾਥ ਸੁਧਾਰ ਸੰਪੂਰਨ ਕੀਨਾ।
ਤਬ ਮਾਈ ਕੋ ਮੂਰਤਿ ਪ੍ਰਭੁ ਦੀਨਾ;
ਦ੍ਰਿੜ੍ਹ ਨਿਹਚੈ ਕਰਿ ਬਚਨ ਪ੍ਰਭੁ ਕੀਨਾ। 18।

ਬੁਲਾਕੀ ਦਾਸ, ਦਸਮ ਪਾਤਸ਼ਾਹ ਸਮੇਂ ਵੀ ਪ੍ਰਚਾਰ ਦੀ ਸੇਵਾ ਕਰਦਾ ਰਿਹਾ ਬਾਬਾ ਨੱਥਾ, ਉਦਾਸੀ ਸਾਧੂ ਤੇ ਇਸਦੇ ਹੋਰ ਸਾਥੀ ਸੇਵਕਦਾਸ ਤੇ ਸਿਧਸੈਣ ਚੰਗਾ ਹੱਥ ਵਟਾਉਂਦੇ ਸਨ, ਦਸਮ ਗੁਰੂ ਜੀ ਵਲੋਂ ਲਿਖਿਆ ਹੁਕਮਨਾਮਾ ਵੀ ਉਥੇ ਸੁਰੱਖਿਅਤ ਹੈ, ਜੋ 'ਹੁਕਮਨਾਮੇ' ਪੁਸਤਕ ਵਿਚ ਸ਼ਾਮਲ ਨਹੀਂ ਹੋ ਸਕਿਆ। ਉਹ ਇਸ ਪ੍ਰਕਾਰ ਹੈ: —

'ਸਿਰੀ ਗੁਰੂ ਜੀਉ ਦੀ ਆਗਿਆ ਹੈ ਸਰਬਤ ਸੰਗਤ ਜਿਨ ਸਿਖ ਕਹੁ ਗੁਰੂ ਕੀਆ ਹੈ, ਕਹਿਆ ਹੈ, ਗੁਰੂ ਰਖੈਗਾ, ਸੰਗਤ ਗੁਰੂ ਗੁਰੂ ਜਪਣਾ ਜਨਮ ਸਉਰੈਗਾ ਬੁਲਾਕੀਦਾਸ, ਸੇਵਕ ਦਾਸ, ਸਿਧ ਸੈਣ ਉਪਰਿ ਮੇਰੀ ਖੁਸ਼ੀ ਹੈ। ਜੋ ਕੋਈ ਇਨ੍ਹਾਂ ਦਾ ਖਸਮਾਨਾ ਕਰੇਗਾ, ਉਸ ਦਾ ਖਸਮਾਨਾ ਦਰਗਾਹ ਵਿਚ ਹੋਵੈਗਾ। ਮੇਰਾ ਹੁਕਮ ਹੈ ਸੰਗਤ ਨਿਹਾਲ ਹੋਈ। ਮਿਤੀ ਜੇਠ ਵਦੀ 11 ਸੰਮਤ 1751।

(29) **ਭਾਈ ਬੱਠਾ**—ਇਹ ਪਟਣ ਸ਼ੇਖ ਫਰੀਦ ਅਰਥਾਤ ਪਾਕ ਪਟਨ ਦਾ ਮਸੰਦ ਸੀ ਜੋ ਪੱਛਮੀ ਪੰਜਾਬ ਵਿਚ ਸਿਖੀ ਪ੍ਰਚਾਰ ਦੀ ਸੇਵਾ ਕਰਦਾ ਸੀ। ਨੌਵੇਂ ਸਤਿਗੁਰਾਂ ਦ ਇਸ ਦੇ ਨਾਂ 4-5 ਹੁਕਮਨਾਮੇ ਮਿਲਦੇ ਹਨ ਜਿਨ੍ਹਾਂ ਵਿਚ ਬਾਰ ਬਾਰ ਇਹ ਲਿਖਿਆ ਹੈ—'ਬੱਠਾ ਸ੍ਰੀ ਗੁਰੂ ਜੀ ਦਾ ਪੁੱਤ ਹੈ।'

(30) **ਭਾਈ ਜੈਤਾ ਸੇਠ**—ਪਟਨੇ, ਆਲਮਗੰਜ ਦੇ ਇਲਾਕੇ ਵਿਚ ਰਹਿਣ ਵਾਲਾ ਜੈਤਾ ਸੇਠ ਗੁਰੂ ਹਰਿਗੋਬਿੰਦ ਜੀ ਦਾ ਸ਼ਰਧਾਲੂ ਸਿਖ ਸੀ। ਨੌਵੇਂ

ਸਤਿਗੁਰੂ ਪਹਿਲੇ ਪਹਿਲ ਇਸੇ ਪਾਸ ਪਟਨੇ ਜਾ ਕੇ ਠਹਿਰੇ ਸਨ। ਇਹ ਹਰ ਸਿਖ ਨੂੰ ਮੁਫਤ ਪੰਜ ਕਚੌਰੀਆਂ ਖਲਾਇਆ ਕਰਦਾ ਸੀ। ਇਸ ਦੀ ਹਵੇਲੀ ਗਊ ਘਾਟ ਮਹੱਲੇ ਵਿਚ ਸੀ, ਜਿਥੇ ਕਿ ਹੁਣ ਗੁਰਦੁਆਰਾ ਹੈ।

(31) **ਭਾਈ ਗੁਆਲਦਾਸ**—ਇਹ ਛਿੱਬਰਾਂ ਵਿਚੋਂ ਪੈੜੇ ਦਾ ਪੋਤਰਾ ਛੁਟੋ ਮੱਲ ਦਾ ਪੁਤਰ ਤੇ ਭਾਈ ਚੌਪਾ ਸਿੰਘ ਦਾ ਭਤੀਜਾ ਲਗਦਾ ਸੀ। ਮੁਢ ਤੋਂ ਹੀ ਇਹ ਗੁਰੂ ਜੀ ਨਾਲ ਭ੍ਰਮਣ ਕਰਦਾ ਰਿਹਾ। ਇਸ ਦੇ ਪੁਤ ਪੋਤੇ ਹਰਿਜਸਰਾਇ ਤੇ ਦੇਵੀ ਦਾਸ ਆਦਿ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਲਿਖਣ ਪੜ੍ਹਨ ਦੀ ਸੇਵਾ ਕਰਨ ਵਾਲੇ ਸਨ। ਇਹ ਖੁਦ ਵੀ ਬਹੁਤ ਅੱਛਾ ਕਵੀ ਸੀ। ਦੇਖੋ ਮੇਰੀ ਪੁਸਤਕ 'ਪੰਜਾਬੀ ਮਾਝਾਂ'।

(32) **ਭਾਈ ਜਵੇਹਰੀ ਮੱਲ**—ਗੁਰੂ ਤੇਗ ਬਹਾਦਰ ਸਾਹਿਬ ਵਲੋਂ ਬਨਾਰਸ ਤੇ ਪਟਣੇ ਦੇ ਸਿਖਾਂ ਵਲ ਲਿਖੀਆਂ 20-25 ਚਿਠੀਆਂ ਮਿਲਦੀਆਂ ਹਨ। ਬਨਾਰਸ ਵਲ ਲਿਖੇ ਖ਼ਤਾਂ ਵਿਚ ਸਭ ਤੋਂ ਪਹਿਲੇ ਜਵੇਹਰ ਮੱਲ. ਜਵੇਹਰ ਦਾਸ ਜਾਂ ਜਵੇਹਰੀ ਨੂੰ ਸੰਬੋਧਨ ਕੀਤਾ ਗਿਆ ਹੈ ਤੇ ਪਟਣੇ ਭਾਈ ਦਿਆਲਦਾਸ ਨੂੰ। ਭਾਈ ਜਵੇਹਰ ਮੱਲ ਬਨਾਰਸ ਦਾ ਮਸੰਦ ਸੀ।

ਇਸੇ ਤਰ੍ਹਾਂ ਹੋਰ ਅਨੇਕਾਂ ਸਿਖ ਗੁਰੂ ਘਰ ਦੀ ਸੇਵਾ ਕਮਾਉਣ ਵਾਲੇ ਸਨ ਕੇਵਲ ਇਨ੍ਹਾਂ ਦੇ ਨਾਂ ਹੀ ਮਿਲਦੇ ਹਨ, ਬਹੁਤਾ ਵੇਰਵਾ ਨਹੀਂ। ਕਈ ਇਨ੍ਹਾਂ ਵਿਚ ਐਸੇ ਵੀ ਸਨ ਜੋ ਇਧਰੋਂ ਗੁਰੂ ਜੀ ਦੇ ਨਾਲ ਹੀ ਗਏ ਹੋਏ ਸਨ। ਹੁਕਮਨਾਮਿਆਂ ਅਨੁਸਾਰ ਕੁਝ ਕੁ ਸਿਖਾਂ ਦੀ ਸੂਚੀ ਇਸ ਪ੍ਰਕਾਰ ਹੈ।

(ੳ) **ਬਨਾਰਸ ਦੇ ਸਿਖ**—ਕਲਿਆਣ ਦਾਸ, ਕ੍ਰਿਪਾਲ ਦਾਸ, ਜਟ ਮੱਲ. ਰਾਮਾ, ਜਾਦੋ ਘਾਸੀ, ਭੋਤੀ ਸੇਠ, ਬਾਬੂਰਾਇ, ਭਿਖਾਰੀਦਾਸ, ਦਲਪਤਿਦਾਸ, ਹੀਰਾ ਮੱਲ, ਦੁਰਗਾ ਦਾਸ, ਗੰਗਾ ਰਾਮ, ਰਘੂਨਾਥ, ਮਹਾਂ ਨੰਦ, ਮਾਨ ਸਿੰਘ ਮਾਨ ਜੀ, ਰਾਮਾਨੰਦ ਮਹਾਰਾਜ, ਰੂਪ ਨਾਰਾਇਣ, ਕੋਕਾ ਮਾਨਾ, ਬਾਲ ਕ੍ਰਿਸ਼ਨ ਸੁਖਦੇਉ, ਰੂਪ ਨਾਰਾਇਣ ਆਦਿ।

(ਅ) **ਪਟਨੇ ਦੇ ਸਿੱਖ**—ਦਰਬਾਰੀ, ਡੇਡ ਮੱਲ, ਚੈਨ ਸੁਖ, ਮਿਹਰ ਚੰਦ ਸ਼ੋਭਾ ਚੰਦ, ਜੇਠ ਮੱਲ, ਪ੍ਰਹਿਲਾਦ ਦਾਸ, ਬੰਸੀ, ਮੁਰਲੀਧਰ, ਰਾਘੋਦਾਸ, ਦੀਨਾਨਾਥ

ਮੋਹਨ ਦਾਸ, ਪ੍ਰੀਤਮ ਦਾਸ, ਨੰਦ ਕੁਮਾਰ, ਪ੍ਰਾਣਨਾਥ, ਸਿਘਾ, ਸਦਾਨੰਦ, ਕਵਲਨੈਨ, ਜਗਮੰਨ, ਲਾਲ ਮੰਨ, ਛਬੀਲ ਦਾਸ, ਬਾਲ ਗੋਬਿੰਦ, ਬੈਜ ਨਾਥ, ਸੰਗਤ ਦਾਸ, ਝੱਬਰ ਸਿੰਘ, ਰਾਮ ਚੰਦ, ਭਗਵਾਨ ਦਾਸ, ਗੁੱਜਰ ਮੱਲ, ਜਗਦੇਉ, ਭੋਜਰਾਇ ਭਾਰਾ, ਦਰੀਆ, ਚਿੰਤਾ, ਬਿੰਦ੍ਰਾਬਨ, ਬਾਲਾ:ਜਸੋਧਾ ਨੰਦਨ ,ਬਲੀ ਰਾਮ, ਅਣੀ ਰਾਇ ਸੁਭਕਰਣ, ਕੇਵਲ ਰਾਮ, ਮਨਸੁਖ, ਸੰਤਰਾਇ, ਪ੍ਰਾਣਨਾਥ, ਦੀਨ ਦਿਆਲ, ਹੀਰਾ ਨੰਦ, ਹਰਕੇਸ਼, ਅਨੰਤ ਦਾਸ, ਸੁੰਦਰ ਚੰਦ, ਪ੍ਰੀਤਮ ਦਾਸ ਅਮਾਲੀਆ, ਭੇਤੀ ਨੈਨਸੁਖ, ਗੁਲਾਲ ਚੰਦ, ਭਗਤਾ, ਪਾਲਾ,ਫੇਰੂ, ਸੁੱਚਾ ਰਾਮ, ਪਰਸ ਰਾਮ, ਮਿਤ੍ਰ ਸੈਣ ਗਜਮਲ, ਜਗਦੇਉ, ਚੇਤਨ, ਲਛੂਆ, ਰਘੂਨਾਥ, ਫਤਿਹ ਚੰਦ, ਦੀਨਾਨਾਥ, ਜੈ ਸਿੰਘ ਚਿਮਨਾ, ਗੁਰਦਾਸ, ਸੂਜਾਰਾਮ ਤੇ ਬੇਬੇ ਪੈੜੀ ਬਾਈ ਆਦਿ।

ਇਹ ਬੇਬੇ ਪੇੜੀ ਬਾਈ ਸ਼ਾਇਦ ਗੁਰੂ ਗੋਬਿੰਦਰਾਇ ਦੀ ਖਿਡਾਵੀ ਦਾਈ ਲਾਡੋ ਦੀ ਮਾਤਾ ਸੀ ਤੇ ਬੜੀ ਹੀ ਸ਼ਰਧਾਲੂ ਸੁਆਣੀ ਸੀ।

—0—

੭

ਗੁਰੂ ਤੇਗ ਬਹਾਦਰ ਜੀ ਦੇ ਯਾਦਗਾਰੀ ਅਸਥਾਨ

'ਸਾ ਧਰਤਿ ਭਈ ਹਰਿਆਵਲੀ ਜਿਥੈ ਮੇਰਾ ਸਤਿਗੁਰ ਬੈਠਾ ਆਇ ।
[ਵਾਰ ਗਉੜੀ ੪

'ਜਿਥੈ ਜਾਇ ਬਹੈ ਮੇਰਾ ਸਤਿਗੁਰੂ, ਸੋਈ ਥਾਨੁ ਸੁਹਾਵਾ ਰਾਮ ਰਾਜੇ
ਗੁਰਸਿਖੀਂ ਸੋ ਥਾਨ ਭਾਲਿਆ, ਲੈ ਧੂਰਿ ਮੁਖ ਲਾਵਾ । [ਆਸਾ ਛੰਤ ੪

ਇਹ ਜਾਂ ਅਜੇਹੇ ਬਚਨ ਵਧੇਰੇ ਗੁਰੂ ਰਾਮਦਾਸ ਜੀ ਦੇ ਹੀ ਮਿਲਦੇ ਹਨ । ਮਾਲੂਮ ਇਉਂ ਹੁੰਦਾ ਹੈ ਜਿਵੇਂ ਕਿ ਚੌਥੇ ਸਤਿਗੁਰਾਂ ਦੇ ਸਮੇਂ ਪਹਿਲੇ ਗੁਰੂਆਂ ਦੇ ਯਾਦਗਾਰੀ ਅਸਥਾਨ ਲੱਭਕੇ ਉਨ੍ਹਾਂ ਦੀ ਪੂਜਾ ਮਾਨਤਾ ਹੋਣ ਲਗ ਪਈ ਸੀ । ਜਿਉਂ ਜਿਉਂ ਪ੍ਰੇਮੀ ਸਿਖ, ਖੋਜ-ਭਾਲ ਕਰਦੇ ਗਏ ਤੇ ਗੁਰਧਾਮ ਬਣਦੇ ਗਏ । ਇਹ ਗੁਰਧਾਮ ਸਿਖੀ ਸਪ੍ਰਿਟ ਦਾ ਸੋਮਾ ਸਨ ਜਿਨ੍ਹਾਂ ਤੋਂ ਸ਼ਰਧਾਲੂ ਭਰਪੂਰ ਪ੍ਰੇਰਨਾ ਪ੍ਰਾਪਤ ਕਰਕੇ ਗੁਰੂ ਦੇ ਦੱਸੇ ਮਾਰਗ ਤੇ ਚਲਦੇ ਸਨ ।

ਗੁਰੂ ਨਾਨਕ ਸਾਹਿਬ ਨੇ ਸਭ ਗੁਰੂਆਂ ਤੋਂ ਹੀ ਨਹੀਂ ਬਲਕਿ ਸੰਸਾਰ ਦੇ ਪੀਰਾਂ ਪੈਗੰਬਰਾਂ ਤੇ ਹੋਰ ਮਹਾਂਪੁਰਸ਼ਾਂ ਤੋਂ ਵਧ ਯਾਤਰਾ ਕੀਤੀ । ਇਸ ਕਰਕੇ ਉਨ੍ਹਾਂ ਦੇ ਯਾਦਗਾਰੀ ਅਸਥਾਨ ਸਭ ਤੋਂ ਵਧ ਹਨ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ

ਅਸਥਾਨ ਵੀ ਕਾਫੀ ਗਿਣਤੀ ਵਿਚ ਹਨ ਕਿਉਂਕਿ ਉਨ੍ਹਾਂ ਦਾ ਕਰਮ-ਖੇਤਰ ਵੀ ਸਤਲੁਜ ਤੋਂ ਲੈ ਕੇ ਗੋਦਾਵਰੀ ਤਕ ਰਿਹਾ । ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ (1621-1675 ਈ.) ਦਾ ਗੁਰਿਆਈ ਕਾਲ ਤਾਂ ਭਾਵੇਂ 10-11 ਵਰ੍ਹੇ ਹੀ ਹੈ ਪਰ ਆਪ ਨੇ ਮਾਝਾ, ਮਾਲਵਾ, ਬਾਂਗਰ ਤੇ ਪੂਰਬੀ ਭਾਰਤ ਵਲ ਅਸਾਮ ਤਕ ਦੂਰ ਦੂਰ ਦੌਰੇ ਕੀਤੇ । ਜਦੋਂ ਸਿਖ ਲਹਿਰ ਦੀ ਟੱਕਰ ਰਾਜ-ਸੱਤਾ ਨਾਲ ਹੋ ਗਈ ਤਾਂ ਗੁਰੂਆਂ ਦਾ ਕਰਮ-ਖੇਤਰ ਮਾਝਾ, ਦੁਆਬਾ ਤਾਂ ਨਾਂ-ਮਾਤਰ ਹੀ ਰਹਿ ਗਿਆ ਤੇ ਉਨ੍ਹਾਂ ਬਹੁਤੀ ਸਰਗਰਮੀ ਬਾਂਗਰ ਤੇ ਮਾਲਵੇ ਦੇ ਅਣਗੌਲੇ ਇਲਾਕੇ ਵਲ ਕੀਤੀ ਜਾਂ ਫਿਰ ਜਮਨਾ ਪਾਰ ਦੇ ਪ੍ਰਾਂਤਾਂ ਵਲ । ਇਤਿਹਾਸ ਦੇ ਪਾਠਕ ਜਾਣਦੇ ਹਨ ਕਿ ਗੁਰੂ ਤੇਗ ਬਹ ਦਰ ਜੀ ਦੀ ਦੂਰੰਦੇਸ਼ੀ ਨੇ ਸੰਗ੍ਰਾਮੀਆਂ ਲਈ ਅਜਿਹੇ ਟਿਕਾਣੇ ਬਣਾ ਦਿਤੇ ਜਿਥੇ ਕਿ ਉਹ ਚੰਗਾ ਆਰਾਮ ਕਰ ਸਕਦੇ ਤੇ ਲੋੜੀਂਦੀ ਇਮਦਾਦ ਹਾਸਲ ਕਰ ਕੇ ਆਪਣਾ ਸੰਗਰਾਮ ਲੜ ਸਕਦੇ ਸਨ । ਅਨੰਦਪੁਰ ਸਾਹਿਬ, ਦਮਦਮਾ ਸਾਹਿਬ ਤੇ ਧਮਧਾਣ ਸਾਹਿਬ ਵਗੈਰਾ ਅਜਿਹੇ ਅਸਥਾਨ ਹਨ ਜਿਨ੍ਹਾਂ ਸਿਖੀ ਦੀ ਜਦੋਜਹਿਦ ਵਿਚ ਉਸ ਸਮੇਂ ਇਕ ਅਹਿਮ ਰੋਲ ਅਦਾ ਕੀਤਾ ਹੈ ।

ਇਤਿਹਾਸ ਤੋਂ ਸਾਨੂੰ ਇਹ ਵੀ ਪਤਾ ਲਗਦਾ ਹੈ ਕਿ ਗੁਰੂ ਤੇਗ ਬਹਾਦਰ ਗੁਰਿਆਈ ਤੋਂ ਪਹਿਲਾਂ ਵੀ ਤੀਰਥ-ਯਾਤਰਾ ਕਰਦੇ ਹਰਿਦੁਆਰ, ਬਨਾਰਸ, ਗਯਾ, ਪਟਨੇ ਆਦਿ ਵਲ ਗਏ ਸਨ । ਪਿਛੋਂ ਜਦੋਂ ਉਹ ਗੁਰੂ ਬਣਨ ਉਪਰੰਤ ਪ੍ਰਚਾਰ ਲਈ ਪਧਾਰੇ ਤਾਂ ਬਿਆਸ ਤੋਂ ਲੈ ਕੇ ਬ੍ਰਹਮ-ਪੁੱਤਰ ਤਕ ਬੰਦਗੀ, ਤਿਆਗ, ਨਿਰਭੈਤਾ ਤੇ ਦ੍ਰਿੜ੍ਹਤਾ ਦਾ ਸੰਦੇਸ਼ ਦਿੰਦੇ ਥਾਂ ਥਾਂ ਪਹੁੰਚੇ । ਇਹ ਰਾਜਸੀ ਸੰਕਟ ਦਾ ਸਮਾਂ ਸੀ । ਔਰੰਗਜ਼ੇਬ ਦਾ ਦਮਨ-ਚੱਕ੍ਰ, ਸਾਰੀ ਭਾਰਤੀ ਸੰਸਕ੍ਰਿਤੀ ਲਈ ਹਊਆ ਬਣਿਆ ਹੋਇਆ ਸੀ। ਅਜੇਹੇ ਮੌਕੇ ਜਦੋਂ ਕਿ ਬਾਦਸ਼ਾਹ ਗੈਰ-ਮੁਸਲਮਾਨਾਂ ਦੇ ਮੰਦਰ, ਪਾਠਸ਼ਾਲਾਂ ਤੇ ਹਰ ਰਸਮ-ਰਿਵਾਜ ਨੂੰ ਮੇਟਣ ਉਤੇ ਤੁਲਿਆ ਹੋਵੇ ਤੇ ਕੋਈ ਬਹੁੜੀ ਕਰਨ ਵਾਲਾ ਨ ਹੋਵੇ ਤਾਂ ਗੁਰੂ ਸਾਹਿਬ ਦਾ ਥਾਂ ਥਾਂ ਪਹੁੰਚ ਕੇ ਲੋਕਾਂ ਨੂੰ ਧੀਰਜ ਦੇਣਾ ਇਕ ਖਾਸ ਅਰਥ ਰਖਦਾ ਸੀ। ਇਹੋ ਗੱਲ ਔਰੰਗਜ਼ੇਬ ਦੇ ਮਨ ਨੂੰ ਜ਼ਿਆਦਾ ਔਖਿਆਂ ਕਰ ਰਹੀ ਸੀ ਕਿ ਸ਼ਾਹੀ ਫ਼ੁਰਮਾਨਾਂ ਦੇ ਸਾਹਮਣੇ ਕੌਣ ਰੋਕ ਬਣ ਰਿਹਾ ਹੈ ਤੇ ਕੌਣ ਪਰਜਾ ਨੂੰ ਨਿਰਭੈ ਹੋਣ ਦਾ ਸਬਕ ਪੜ੍ਹਾ ਸਾਵਧਾਨ ਕਰ ਰਿਹਾ ਹੈ । ਗੁਰੂ ਸਾਹਿਬ ਦਾ ਸੰਦੇਸ਼ ਸੀ—

'ਭੈ ਕਾਹੂ ਕੋ ਦੇਤ ਨਹਿ, ਨਹਿ ਭੈ ਮਾਨਤ ਆਨ ।'

ਸੋ ਭਾਰਤ ਭਰ ਵਿਚ ਜਿਥੇ ਜਿਥੇ ਆਪ ਗਏ, ਉਥੇ ਉਥੇ ਆਪ ਦੇ ਯਾਦਗਾਰੀ ਅਸਥਾਨ ਬਣਦੇ ਗਏ। ਜਦ ਆਪ ਦੀ ਕੁਰਬਾਨੀ ਨੇ ਸਾਰੇ ਦੇਸ਼ ਵਿਚ ਥੱਲਕਾ ਮਚਾ ਦਿਤਾ ਤਾਂ ਜਿਥੇ ਇਹ ਯਾਦਗਾਰਾਂ ਨਹੀਂ ਵੀ ਸੀ ਬਣੀਆਂ, ਉਥੇ ਮੁੜ ਯਾਦਾਂ ਕਾਇਮ ਹੋ ਗਈਆਂ ਤੇ ਸ਼ਰਧਾਲੂਆਂ, ਸ਼ਹੀਦਿਆਜ਼ਮ ਦੇ ਚਰਨਾਂ ਨਾਲ ਪਵਿੱਤਰ ਹੋਈ ਮਿੱਟੀ ਨੂੰ ਨਮਸ਼ਕਾਰ ਕਰਨੀ ਜ਼ਰੂਰੀ ਸਮਝੀ। ਹੋ ਸਕਦਾ ਹੈ, ਕਿਸੇ ਥਾਂ ਇਹ ਯਾਦਗਾਰ ਕਾਇਮ ਨ ਵੀ ਹੋ ਸਕੀ ਹੋਵੇ ਪਰ ਗੁਰਧਾਮਾਂ ਦੇ ਇਤਿਹਾਸਕਾਰਾਂ ਨੇ ਅਜੇਹੇ ਅਸਥਾਨ ਲਗ ਭਗ ਡੇਢ ਸੌ ਗਿਣੇ ਹਨ, ਜਿਥੇ ਕਿ ਪ੍ਰੇਮੀ ਸਿਖਾਂ ਉਨ੍ਹਾਂ ਸਥਾਨਾਂ ਤੇ ਗੁਰਧਾਮ ਬਣਾ ਲਏ ਹਨ। ਇਨ੍ਹਾਂ ਵਿਚ ਜ਼ਿਆਦਾ ਪ੍ਰਸਿੱਧ ਥੋੜੇ ਹੀ ਹਨ ਜਿਵੇਂ ਕਿ ਬਾਂਗਰ ਵਲ ਧਮਧਾਣ ਮੁਖ ਕੇਂਦਰ ਸੀ, ਪਹਾੜੀ ਇਲਾਕੇ 'ਚੱਕ ਨਾਨਕੀ' (ਅਨੰਦਪੁਰ), ਮਾਝੇ ਵਿਚ ਬਾਬਾ ਬਕਾਲਾ ਤੇ ਮਾਲਵੇ ਵਿਚ ਸਾਬੋ ਕੀ ਤਲਵੰਡੀ। ਯੂ. ਪੀ. ਵਿਚ ਬਨਾਰਸ, ਬਿਹਾਰ ਵਿਚ ਪਟਨਾ, ਬੰਗਾਲ ਵਿਚ ਢਾਕਾ ਤੇ ਅਸਾਮ ਵਿਚ ਧੁਬੜੀ ਸਾਹਿਬ ਜ਼ਿਆਦਾ ਪ੍ਰਸਿਧ ਹੋਏ। ਭਾਵੇਂ ਗੁਰੂ ਸਾਹਿਬ ਦੇ ਸਾਰਿਆਂ ਦੌਰਿਆਂ ਦਾ ਰਿਕਾਰਡ ਲੱਭਣਾ ਔਖਾ ਹੈ ਪਰ ਫਿਰ ਵੀ ਅਸੀਂ ਜਾਣਦੇ ਹਾਂ ਕਿ ਪ੍ਰੇਮੀ ਸਿਖਾਂ, ਵੱਧ ਤੋਂ ਵੱਧ ਯਾਦਗਾਰੀ ਥਾਂਵਾਂ ਸੰਭਾਲਣ ਦਾ ਜਤਨ ਕੀਤਾ ਹੈ।

ਸਾਡੇ ਇਤਿਹਾਸਕਾਰਾਂ ਵਲੋਂ ਯਾਤ੍ਰਾਵਾਂ ਦੇ ਹਿਸਾਬ ਨਾਲ ਇਹ ਅਸਥਾਨ ਗਿਣੇ ਗਏ ਹਨ—

1 ਜਨਮ-ਅਸਥਾਨ ਅੰਮ੍ਰਿਤਸਰ
2 ਬਾਬਾ ਬਕਾਲਾ
3 ਥੜਾ ਸਾਹਿਬ ਅੰਮ੍ਰਿਤਸਰ
4 ਕੋਠਾ ਸਾਹਿਬ ਵੱਲਾ ਵੇਰਕਾ
5 ਸਰ੍ਹਾਲਾ
6 ਕੀਰਤਪੁਰ
7 ਚੱਕ ਨਾਨਕੀ (ਅਨੰਦਪੁਰ)
8 ਰੈਹਲੀ
9 ਨੰਦਪੁਰ ਕਲੌੜ
10 ਦਾਦੂ ਮਾਜਰਾ
11 ਅਗਾਣੀ
12 ਹਰਪਾਲਪੁਰ
13 ਖੁੱਥਾ ਖੇੜੀ
14 ਉਗਾਣਾ*

*ਉਗਾਣੇ, ਪਾਲਿਤ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਦੀ ਵੀ ਯਾਦਗਾਰ ਹੈ।

15 ਨੌਂ ਲੱਖਾ
16 ਟਹਿਲਪੁਰ
17 ਆਕੜ
18 ਲੰਗ
19 ਸੀਂਭੜੇ
20 ਰੋਹਟਾ
21 ਗੁਣੀ ਕੇ
22 ਬਾਉੜਾਹਾ
23 ਰਾਜੋਮਾਜਰਾ
24 ਮੂਲੋਵਾਲ
25 ਸੇਖਾ
26 ਕੱਟੂ
27 ਫਰਵਾਹੀ
28 ਹੰਢਯਾਯਾ
29 ਧੌਲਾ
30 ਮੌੜ
31 ਢਿੱਲਵਾਂ
32 ਅਲੀਸ਼ੇਰ
33 ਭੰਦੇਰ
34 ਜੋਗਾ
35 ਭੋਪਾਲੀ
36 ਖੀਵਾ
37 ਸਮਾਉ
38 ਭਿਖੀ
39 ਗੰਢੂ
40 ਦਲੇਉ
41 ਖਿਆਲਾ
42 ਭੈਣੀ ਬਾਘੇ ਦੀ
43 ਘੁੰਮਣ
44 ਸਾਬੋਕੇ ਮੌੜ
45 ਡਿਖ
46 ਮਾਈਸਰ ਖਾਨਾ
47 ਟਾਹਲਾ ਸਾਹਿਬ
48 ਤਲਵੰਡੀ ਸਾਬੋ ਕੀ
49 ਬਠਿੰਡਾ
50 ਸੂਲੀਸਰ
51 ਬਰ੍ਹੇ
52 ਬੱਛੋਆਣਾ
53 ਗੋਬਿੰਦਪੁਰ
54 ਮੱਲ੍ਹਾ
55 ਡਰੋਲੀ
56 ਸੰਗ੍ਰੇੜੀ
57 ਗਾਗਾ
58 ਗੁਰਨੇ
59 ਲੇਲ੍ਹੂ
60 ਮੂਣਕ
61 ਮਕੋਰੜ
62 ਧਮਧਾਣ
63 ਖਨੌਰ
64 ਬਹਰ ਜੱਖ

65 ਕੈਂਥਲ
66 ਬਾਰਨਾ
67 ਥਾਨੇਸਰ
68 ਝੀਉਰ ਹੇੜੀ
69 ਬਨੀ ਬਦਰਪੁਰ
70 ਕਰਨਾਲ
71 ਕੜਾ ਮਾਣਕਪੁਰ
72 ਮਥਰਾ, ਬਿੰਦ੍ਰਾਬਨ
73 ਇਟਾਵਾ, ਗੜ੍ਹ ਮੁਕਤੇਸ੍ਵਰ
74 ਪ੍ਰਯਾਗ
75 ਬਨਾਰਸ
76 ਸਸਰਾਮ
77 ਗਯਾ
78 ਰਾਜ ਗਿਰਿ
79 ਪਟਨਾ
80 ਜੌਨ੍ਹਪੁਰ
81 ਬਾੜ
82 ਮੁੰਘੇਰ, ਸਾਹਿਬਗੰਜ
83 ਭਾਗਲਪੁਰ
84 ਕਹਲ ਗਾਂਵ
85 ਕੁੰਤਲ ਨਗਰ
86 ਨਲਹੱਟੀ
87 ਮਕਸੂਦਾਬਾਦ
88 ਮਾਲਦਾ, ਮੇਦਨੀਪੁਰ
89 ਰੰਗਪੁਰ, ਲੱਛਮੀਪੁਰ
90 ਮੁਨਯਾਰੀ ਘਾਟ
91 ਰਾਣਾ ਘਾਟ
92 ਢਾਕਾ, ਮ ਦਰਾਪੁਰ
93 ਧਨਪੁਰ
94 ਬਲਈ, ਕਾਲਰ
95 ਮਹਿਮ ਨਿਸ
96 ਗੋਹਾਟੀ,ਅਜਮੇਰੀਗੰਜ,ਕ੍ਰੀਮਗੰਜ
97 ਗੋਆਲਪਾੜਾ
98 ਧੋਬੜੀ ਸਾਹਿਬ
99 ਰੰਗਾ ਮਾਟੀ
100 ਚਿਟਗਾਉਂ
101 ਗੋਦਾਗਾਉਂ
102 ਛਪਰਾ
103 ਆਰਾ
104 ਬਕਸਰ
105 ਡੁਮਗਾਉਂ
106 ਮਿਰਜ਼ਾਪੁਰ
107 ਅਜੁੱਧਿਆ, ਨਾਨਕ ਮਤਾ
108 ਆਗ ਰਾ
109 ਹਰਿਦੁਆਰ (ਕਨਖਲ)
110 ਸਾਂਤਲਸਰ
111 ਰਾਜਘਾਟ
112 ਦਰਾਜਪੁਰ
113 ਚੰਠਣਾ
114 ਸੋਂਢਲ ਸੁਢੇਲ

115 ਤੰਦੇਵਾਲ
116 ਲਖਨੌਰ
117 ਮਕਾਰਪੁਰ
118 ਕਬੂਲਪੁਰ
119 ਨਨਹੇੜੀ
120 ਸੈਫਾਬਾਦ (ਪਟਿਆਲਾ)
121 ਲਹਿਲ (ਦੂਖਨਿਵਾਰਨ)
122 ਗੜ੍ਹੀ
123 ਕਰਹਾਲੀ
124 ਚੀਕੇ
125 ਬੁਧਪੁਰ
126 ਸਮਾਣਾ
127 ਕਰ੍ਹਾ
128 ਬਾਂਬੀਪੁਰ
129 ਪਹੋਆ
130 ਖ਼ਾਰਕ
131 ਖਟਕੜ
132 ਜੀਂਦ
133 ਲੱਖਣ ਮਾਜਰਾ
134 ਰੋਹਤਕ
135 ਮਲਕਪੁਰ
136 ਰੋਪੜ
137 ਬਸੀ ਪਠਾਣਾਂ
138 ਦਿਲਵਾਲੀ ਮਹੱਲਾ ਦਿਲੀ
139 ਸੀਸ ਗੰਜ ਦਿਲੀ
140 ਰਕਾਬ ਗੰਜ ਦਿਲੀ
141 ਸੀਸਗੰਜ ਅਨੰਦਪੁਰ

11+152

ਇਨ੍ਹਾਂ ਵਿਚੋਂ ਵਧੇਰੇ ਪ੍ਰਸਿੱਧ ਅਸਥਾਨਾਂ ਬਾਰੇ ਇਥੇ ਸੰਖੇਪ ਜਿਹੀ ਜਾਣਕਾਰੀ ਦਿਤੀ ਜਾਂਦੀ ਹੈ—

(1) **ਬਾਬਾ ਬਕਾਲਾ**—ਜ਼ਿਲਾ ਅੰਮ੍ਰਿਤਸਰ ਦਾ ਇਹ ਪ੍ਰਸਿੱਧ ਨਗਰ ਹੈ । ਸ੍ਰੀ ਤੇਗ ਬਹਾਦਰ ਜੀ ਦਾ ਇਹ ਨਾਨਕਾ ਘਰ ਸੀ ਤੇ ਉਹ ਕੁਝ ਵਰ੍ਹੇ ਇਸ ਥਾਂ ਤਪੱਸਿਆ ਕਰਦੇ ਰਹੇ ਸਨ । ਜਦ ਗੁਰੂ ਹਰਿ ਕ੍ਰਿਸ਼ਣ ਸਾਹਿਬ ਦਿਲੀ ਜੋਤਿ ਜੋਤ ਸਮਾਏ ਤਾਂ ਆਪਨੇ ਕਿਹਾ—'ਬਾਬਾ ਬਕਾਲੇ' ਇਸ ਦਾ ਭਾਵ ਇਹ ਸੀ ਕਿ ਗੁਰਿਆਈ ਦੇ ਅਗਲੇ ਅਧਿਕਾਰੀ ਮੇਰੇ ਬਾਬਾ ਜੀ ਹਨ ਜੋ ਕਿ ਇਸ ਸਮੇਂ ਬਕਾਲੇ ਨਿਵਾਸ ਰਖ ਰਹੇ ਹਨ । ਚੂੰ ਕਿ ਗੁਰੂ ਤੇਗ ਬਹਾਦਰ ਸਾਹਿਬ, ਅੱਠਵੇਂ ਸਤਿਗੁਰਾਂ ਦੇ ਬਾਬਾ ਜੀ ਲਗਦੇ ਸਨ । ਬਾਬਾ ਗੁਰਦਿੱਤਾ ਜੀ ਦੇ ਸਪੁੱਤਰ ਗੁਰੂ ਹਰਿ ਰਾਇ ਸਨ ਤੇ ਗੁਰੂ ਹਰਿ ਰਾਇ ਜੀ ਦੇ ਸਪੁੱਤਰ ਗੁਰੂ ਹਰਿ ਕ੍ਰਿਸ਼ਣ । ਇਸ ਪ੍ਰਕਾਰ ਬਕਾਲੇ ਦਾ ਨਾਂ 'ਬਾਬਾ ਬਕਾਲਾ' ਪ੍ਰਸਿਧ ਹੋ ਗਿਆ । ਇਥੇ ਹੀ ਗੁਰੂ ਜੀ ਨੂੰ ਗੁਰਿਆਈ ਦਾ ਤਿਲਕ

ਦਿਤਾ ਗਿਆ ਤੇ ਇਥੇ ਉਹ ਪ੍ਰਚਾਰ-ਦੌਰਿਆਂ ਸਮੇਂ ਵੀ ਕਈ ਵਾਰ ਆਉਂਦੇ ਜਾਂਦੇ ਰਹੇ ।

(2) **ਚਕ ਨਾਨਕੀ**—ਇਹ ਅਨੰਦਪੁਰ ਸਾਹਿਬ ਦਾ ਪਹਿਲਾ ਨਾਂ ਹੈ । ਜਦੋਂ ਗੁਰੂ ਸਾਹਿਬ ਗੁਰਗੱਦੀ ਤੇ ਬਿਰਾਜਮਾਨ ਹੋਏ ਤਾਂ ਧੀਰਮੱਲ ਦੇ ਹਿਮੈਤੀਆਂ ਗੁਰੂ ਜੀ ਦਾ ਬਕਾਲੇ ਰਹਿਣਾ ਅੱਛਾ ਨਾ ਜਾਤਾ ਤੇ ਇਸੇ ਤਰ੍ਹਾਂ ਕੀਰਤਪੁਰ ਵੀ ਮਸੰਦ ਆਪਾ-ਧਾਪੀ ਵਿਚ ਰੁੱਝੇ ਹੋਏ ਸਨ। ਇਸ ਕਰਕੇ ਗੁਰੂ ਸਾਹਿਬ ਇਨ੍ਹਾਂ ਥਾਵਾਂ ਤੇ ਬਹੁਤਾ ਚਿਰ ਨ ਟਿਕੇ । ਜਦੋਂ ਰਾਜਾ ਦੀਪ ਚੰਦ ਬਿਲਾਸਪੁਰ ਦੀ ਰਾਣੀ ਚੰਪਾ ਨੂੰ ਇਸ ਗੱਲ ਦਾ ਪਤਾ ਲਗਾ ਤਾਂ ਉਸ ਨੇ ਕੀਰਤਪੁਰ ਤੋਂ 5-7 ਮੀਲ ਅੱਗੇ ਤਿੰਨ ਪਿੰਡ-ਲੋਧੀਪੁਰ, ਸਹੋਟਾ ਤੇ ਮੀਆਂਪੁਰ ਗੁਰੂ ਜੀ ਦੇ ਸਮਰਪਣ ਕਰਕੇ, ਬੇਨਤੀ ਕੀਤੀ ਕਿ ਆਪ ਇਥੇ ਸਤਲੁਜ ਕੰਢੇ ਨਿਵਾਸ ਰਖੋ ਤੇ ਇਸ ਅਸਥਾਨ ਨੂੰ ਅਬਾਦ ਕਰਕੇ ਆਪਣੀ ਲਹਿਰ ਦਾ ਕੇਂਦਰ ਬਣਾਓ । ਸਤਿਗੁਰਾਂ ਇਹ ਬੇਨਤੀ ਪਰਵਾਨ ਕਰਕੇ ਭਾਈ ਗੁਰਦਿਤੇ ਦੇ ਹੱਥੋਂ ਮਾਤਾ ਨਾਨਕੀ ਦੇ ਨਾਮ ਤੇ 'ਚੱਕ ਨਾਨਕੀ' ਦੀ ਨੀਂਹ 19 ਜੂਨ 1664 ਈ. ਨੂੰ ਰਖਾਈ । ਗੁਰੂ ਕਾ ਬਾਗ ਨਾਮੀ ਟਿਕਾਣੇ ਲਾਗੇ ਸਤਿਗੁਰਾਂ ਆਪਣੀ ਰਿਹਾਇਸ਼ ਬਣਾਈ । ਜਦੋਂ ਸਤਿਗੁਰਾਂ ਦਾ ਸੀਸ ਦਿਲੀ ਤੋਂ ਆਇਆ ਤਾਂ ਇਥੇ ਹੀ ਬਾਗ ਵਿਚ ਸਸਕਾਰਿਆ ਗਿਆ ਜਿਥੇ ਕਿ ਹੁਣ ਗੁਰਦੁਆਰਾ ਸੀਸ ਗੰਜ ਹੈ ।

(3) **ਧਮਧਾਣ ਸਾਹਿਬ**—ਇਹ ਬਾਂਗਰ ਦੇ ਇਲਾਕੇ ਵਿਚ ਇਕ ਮੁੱਖ ਕੇਂਦਰ ਸੀ । ਜਿਥੇ ਕਿ ਗੁਰੂ ਸਾਹਿਬ ਗੁਰਿਆਈ ਤੋਂ ਫੌਰਨ ਬਾਦ ਟਿਕਾਣਾ ਬਣਾ ਕੇ ਰਹਿੰਦੇ ਰਹੇ । ਇਸ ਅਸਥਾਨ ਦੀ ਸੇਵਾ ਭਾਈ ਦਗੋ ਨਾਮੀ ਜ਼ਿਮੀਦਾਰ ਚੌਧਰੀ ਨੇ ਕਰਾਈ ਤੇ ਉਸ ਨੇ ਗੁਰੂ ਜੀ ਲਈ ਰਿਹੈਸ਼ੀ ਮਕਾਨ ਵੀ ਬਣਵਾਏ । ਪਹਿਲੀ ਵਾਰੀ ਆਪਦੀ ਗ੍ਰਿਫਤਾਰੀ ਵੀ ਇਸੇ ਥਾਂ ਤੋਂ ਹੋਈ ਜਦੋਂ ਕਿ ਕਾਫੀ ਉਦਾਸੀ ਸਾਧੂ ਵੀ ਆਪ ਨਾਲ ਪਕੜੇ ਗਏ ਸਨ । ਰਾਜਾ ਰਾਮ ਸਿੰਘ ਦੇ ਜ਼ਿੰਮਾ ਲੈਣ ਤੇ ਗੁਰੂ ਸਾਹਿਬ ਨੂੰ ਸਮੇਤ ਸਿਖਾਂ ਦੇ ਜਲਦੀ ਛੱਡ ਦਿਤਾ ਗਿਆ ਸੀ । ਅਜ ਵੀ ਧਮਧਾਣ ਦੀਆਂ ਵੱਡੀਆਂ ਬਿਲਡਿੰਗਾਂ ਦਸਦੀਆਂ ਹਨ ਕਿ ਇਨ੍ਹਾਂ ਦੀ ਸਾਜਨਾ ਕਿਸੇ ਵੱਡੇ ਮੰਤਵ ਲਈ ਹੋਈ ਸੀ ।

(4) **ਭਾਈ ਕੀ ਡਰੋਲੀ**—ਇਥੇ ਗੁਰੂ ਹਰਿਗੋਬਿੰਦ ਜੀ ਦੇ ਸਾਂਢੂ ਭਾਈ ਸਾਂਈਂਦਾਸ ਦਾ ਨਿਵਾਸ ਸੀ ਜੋ ਕਿ ਗੁਰੂ ਤੇਗ ਬਹਾਦਰ ਜੀ ਦਾ ਮਾਸੜ ਲਗਦਾ ਸੀ। ਬਾਬੇ ਗੁਰਦਿਤੇ ਦਾ ਜਨਮ ਇਥੇ ਹੀ ਹੋਇਆ। ਸਤਿਗੁਰੂ ਜੀ ਜੁਆਨੀ ਸਮੇਂ ਆਪਣੇ ਪਿਤਾ ਜੀ ਨਾਲ ਵੀ ਇਥੇ ਆਉਂਦੇ ਰਹੇ ਸਨ ਤੇ ਫਿਰ ਪਿਛੋਂ ਮਾਲਵੇ ਦੇ ਦੌਰਿਆਂ ਵੇਲੇ ਆਉਂਦੇ ਜਾਂਦੇ ਕਈ ਕਈ ਦਿਨ ਟਿਕਾਣਾ ਕਰ ਲੈਂਦੇ ਤੇ ਇਲਾਕੇ ਵਿਚ ਧਰਮ-ਪ੍ਰਚਾਰ ਨੂੰ ਜਥੇਬੰਦ ਕਰਦੇ। ਭਾਈ ਕਨ੍ਹਈਆ ਸਤਿਗੁਰਾਂ ਨੂੰ ਲੱਭਦਾ ਲੱਭਦਾ ਇਥੇ ਹੀ ਆ ਕੇ ਮਿਲਿਆ ਸੀ।

(5) **ਸਾਬੋ ਕੀ ਤਲਵੰਡੀ**—ਆਵਾਜਾਈ ਦੇ ਤੁਛ ਸਾਧਨਾਂ ਦੇ ਬਾਵਜੂਦ ਸਤਿਗਰਾਂ ਉਸ ਜ਼ਮਾਨੇ ਕਿਤਨੇ ਲੰਮੇ ਰੇਤ ਥਲ ਗਾਹੁੰਦੇ ਇਥੇ ਪਹੁੰਚੇ, ਇਸ ਦਾ ਅੱਜ ਅਨੁਮਾਨ ਕਰਨਾ ਔਖਾ ਹੈ। ਗੁਰੂ ਹਰਿਰਾਇ ਵੀ ਉਥੇ ਗਏ ਸਨ, ਉਹ ਭੋਲੇ-ਭਾਲੇ ਮਲਵਈਆਂ ਨੂੰ ਸੁਸਿਖਿਅਤ ਕਰ ਕੇ ਧਰਮ-ਯੁੱਧ ਲਈ ਤਿਆਰ ਕਰਨਾ ਚਾਹੁੰਦੇ ਸਨ ਇਸ ਕਰਕੇ ਉਨ੍ਹਾਂ ਇਸ ਅਣਗੌਲੇ ਇਲਾਕੇ ਨੂੰ ਜਾਗ ਲਾਈ। ਜਦ ਆਪ ਵਿਸਾਖੀ ਦੇ ਮੌਕੇ 1665 ਈ. ਵਿਚ ਉਥੇ ਗਏ ਤਾਂ ਪਾਣੀ ਦੀ ਤੋਟ ਅਨੁਭਵ ਕੀਤੀ ਤੇ ਉਸੇ ਮੌਕੇ ਦੋ ਹਫਤੇ ਰਹਿ ਕੇ ਤਲਾ ਖ਼ੁਦਵਾਇਆ, ਜਿਸ ਦਾ ਨਾਂ 'ਗੁਰੂਸਰ' ਹੈ ਅਨੰਦਪੁਰ-ਤਿਆਗ ਬਾਦ ਗੁਰੂ ਗੋਬਿੰਦ ਸਿੰਘ ਜੀ ਨੇ ਇਥੇ ਹੀ ਟਿਕਾਣਾ ਕੀਤਾ ਤੇ ਇਹੋ ਥਾਂ ਦਮਦਮਾ ਸਾਹਿਬ ਨਾਮ ਨਾਲ ਪ੍ਰਸਿੱਧ ਹੋਈ, ਜਿਸ ਨੂੰ 'ਤਖਤ ਸਾਹਿਬ' ਕਹਿ ਕੇ ਵੀ ਸਨਮਾਨਿਆ ਜਾਂਦਾ ਹੈ।

(6) **ਬਨਾਰਸ**—ਸਤਿਗੁਰਾਂ ਦੀ ਯਾਦ ਵਿਚ 'ਬੜੀ ਸੰਗਤ' ਗੁਰਦੁਆਰਾ ਲੀਚੀ ਬਾਗ ਵਿਖੇ ਹੈ। ਇਥੇ ਗੁਰੂ ਜੀ ਕਈ ਮਹੀਨੇ ਠਹਿਰੇ ਸਨ। ਇਥੋਂ ਦਾ ਮਸੰਦ ਭਾਈ ਜਵੇਹਰੀ ਮੱਲ ਸੀ, ਜੋ ਸਾਰਾ ਕਾਰੋਬਾਰ ਚਲਾਉਂਦਾ ਸੀ। ਇਸ ਦੇ ਨਾਂ ਗੁਰੂ ਜੀ ਦੀਆਂ ਲਿਖੀਆਂ ਹੋਈਆਂ ਕਈ ਚਿੱਠੀਆਂ ਮਿਲਦੀਆਂ ਹਨ। ਇਨ੍ਹਾਂ ਚਿੱਠੀਆਂ ਜਾਂ ਹੁਕਮਨਾਮਿਆਂ ਤੋਂ ਅਨੇਕਾਂ ਹੋਰ ਸਿਖਾਂ ਦੇ ਨਾਂ ਵੀ ਪ੍ਰਾਪਤ ਹਨ ਜੋ ਗੁਰੂ ਜੀ ਦੇ ਸ਼ਰਧਾਲੂ ਸਨ। ਇਹ ਹੁਕਮਨਾਮੇ ਅਜੇ ਤਕ ਬਨਾਰਸ ਵਿਚ ਪਈਆਂ ਪੁਰਾਤਨ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ-ਲਿਖਤ ਬੀੜਾਂ ਵਿਚ ਚੇਪ ਕੇ ਰਖੇ ਹੋਏ ਹਨ।

(7) **ਪਟਨਾ ਸਾਹਿਬ**—ਗੁਰਿਆਈ ਤੋਂ ਪਹਿਲਾ ਤੀਰਥ-ਯਾਤ੍ਰਾ

ਕਰਨ ਸਮੇਂ ਗੁਰੂ ਸਾਹਿਬ 5-6 ਸਾਲ ਇਥੇ ਨਿਵਾਸ ਰਖਦੇ ਰਹੇ ਤੇ ਸਾਹਿਬਜ਼ਾਦਾ ਗੋਬਿੰਦ ਦਾਸ ਦੇ ਜਨਮ ਉਪਰੰਤ ਮਾਮਾ ਕ੍ਰਿਪਾਲ ਚੰਦ ਜੀ ਕਾਫੀ ਚਿਰ ਇਥੇ ਰਹੇ। ਫਿਰ ਜਦੋਂ ਗੁਰੂ ਬਣਨ ਉਪਰੰਤ ਦੂਜੀ ਵਾਰ ਆਪ ਇਥੇ ਪਧਾਰੇ ਤਾਂ ਰਾਜਾ ਰਾਮ ਸਿੰਘ ਪਟਨੇ ਤੋਂ ਹੀ ਆਪ ਨੂੰ ਆਸਾਮ ਵਲ ਲੈ ਕੇ ਗਿਆ ਸੀ। ਪਟਨੇ ਗੁਰੂ ਜੀ ਦੇ ਸ਼ਰਧਾਲੂ ਬੇਅੰਤ ਸਨ, ਪਹਿਲੇ ਪਹਿਲ ਜੈਤਾ ਸੇਠ ਆਪ ਦੀ ਸੇਵਾ ਕਰਦਾ ਰਿਹਾ ਪਿਛੋਂ ਸਾਰੇ ਕਾਰੋਬਾਰ ਦੀ ਜ਼ਿਮੇਵਾਰੀ ਭਾਈ ਮਨੀ ਸਿੰਘ ਦੇ ਵੱਡੇ ਭਾਈ ਦਿਆਲ ਦਾਸ ਤੇ ਮਾਮਾ ਕ੍ਰਿਪਾਲ ਚੰਦ ਨਿਭਾਉਂਦੇ ਰਹੇ। ਭਾਈ ਦਿਆਲਦਾਸ ਦੇ ਨਾਂ ਗੁਰੂ ਜੀ ਵਲੋਂ ਲਿਖੀਆਂ ਚਿੱਠੀਆਂ (ਹੁਕਮਨਾਮੇ) ਅਜੇ ਤਕ ਪਟਨੇ ਸਾਹਿਬ ਦੇ ਤੋਸ਼ੇਖਾਨੇ ਵਿਚ ਸੁਰੱਖਿਅਤ ਹਨ।

(8) **ਢਾਕਾ**—ਬੰਗਾਲ ਦੀ ਰਾਜਧਾਨੀ ਢਾਕਾ, ਗੁਰੂ ਜੀ ਉਸ ਸਮੇਂ ਪੁਜੇ ਜਦੋਂ ਕਿ ਰਾਜਾ ਰਾਮ ਸਿੰਘ ਅਸਾਮ ਦੀ ਮੁਹਿਮ ਤੇ 1668 ਈ. ਵਿਚ ਗਿਆ ਸੀ। ਢਾਕੇ ਵਿਚ ਗੁਰੂ ਨਾਨਕ ਸਾਹਿਬ ਪਧਾਰੇ ਸਨ ਇਸ ਕਰਕੇ ਸਿਖ ਸੰਗਤ ਮੌਜੂਦ ਸੀ। ਉਦਾਸੀ ਸਾਧੂ ਬਾਬਾ ਨੱਥੇ ਸ਼ਾਹ ਤੇ ਭਾਈ ਬੁਲਾਕੀ ਦਾਸ ਮਸੰਦ ਦਾ ਚੰਗਾ ਪ੍ਰਬੰਧ ਸੀ। ਇਨ੍ਹਾਂ ਗੁਰੂ ਜੀ ਦੇ ਆਉਣ ਤੇ ਕਈ ਸੋਹਣੇ ਸਮਾਗਮ ਕੀਤੇ ਤੇ ਸਤਿਗੁਰਾਂ ਪ੍ਰਸੰਨ ਹੋ ਕੇ ਕਿਹਾ—'ਢਾਕਾ ਸਿਖੀ ਦਾ ਕੋਠਾ ਹੈ।' ਸੰਗਤ ਟੋਲਾ, ਬੰਗਲਾ ਬਜ਼ਾਰ ਗੁਰੂ ਜੀ ਦਾ ਯਾਦਗਾਰੀ ਥਾਂ ਹੈ ਜਿਥੇ ਕਿ ਉਨ੍ਹਾਂ ਦੀ ਉਸ ਸਮੇਂ ਦੀ ਉਤਾਰੀ ਤਸਵੀਰ ਵੀ ਮੌਜੂਦ ਹੈ।

(9) **ਧੁਬੜੀ ਸਾਹਿਬ**—ਅਸਾਮ ਵਿਚ ਬ੍ਰਹਮਪੁੱਤਰ ਦੇ ਕਿਨਾਰੇ ਇਹ ਉਹ ਸਥਾਨ ਹੈ ਜਿਥੇ ਕਿ ਗੁਰੂ ਤੇਗ ਬਹਾਦਰ ਜੀ ਨੇ ਡੇਰਾ ਕੀਤਾ। ਜਦੋਂ ਆਪ ਦੀ ਸ਼ਾਂਤਿ-ਪੁੰਜ ਸ਼ਖਸੀਅਤ ਦੇ ਪ੍ਰਭਾਵ ਸਦਕੇ ਰਾਜਾ ਰਾਮ ਸਿੰਘ ਦੀ ਮੁਗਲ ਫੌਜ ਤੇ ਅਹੋਮ ਰਾਜੇ ਸੁੱਗਦੇਵ ਚਕ੍ਰਧੁਜ ਸਿੰਹ ਦੀ ਸੈਨਾ ਦੇ ਦਰਮਿਆਨ ਸਮਝੌਤਾ ਹੋ ਗਿਆ ਤਾਂ ਖੁਸ਼ੀ ਵਿਚ ਸਿਪਾਹੀਆਂ ਨੇ ਆਪਣੀਆਂ ਢਾਲਾਂ ਨਾਲ, ਮਿਟੀ ਭਰ ਕੇ ਸਤਿਗੁਰਾਂ ਦੇ ਬੈਠਣ ਲਈ ਇਕ ਉਚਾ ਚਬੂਤਰਾ ਤਿਆਰ ਕੀਤਾ, ਜਿਸ ਨੂੰ ਕਿ ਅੱਜ ਦਮਦਮਾ ਸਾਹਿਬ (ਧਬੜੀ ਸਾਹਿਬ) ਕਿਹਾ ਜਾਂਦਾ ਹੈ। ਇਸ ਥਾਂ ਸਥਾਨਕ ਰਾਜਾ, ਰਾਜਾ ਰਾਮ ਵੀ ਗੁਰੂ ਜੀ ਨੂੰ ਮਿਲਿਆ ਤੇ ਉਸ ਪੁਤ੍ਰ ਦੀ ਦਾਤ ਪ੍ਰਾਪਤ ਕੀਤੀ। ਇਸ ਥਾਂ ਦੀ ਪਹਿਲੇ ਪਹਿਲ ਸੇਵਾ ਭਾਈ ਸਯਾਮ ਸਿੰਘ ਪੰਜਾਬੀ ਨੇ ਕਰਾਈ ਸੀ।

(10) **ਦਿੱਲੀ**—ਦਿੱਲੀ ਵਿਚ ਗੁਰੂ ਸਾਹਿਬ ਆਉਂਦੇ ਜਾਂਦੇ ਵਧੇਰੇ ਕਰ ਕੇ ਦਿਲਵਾਲੀ ਮਹੱਲੇ 'ਭਾਈ ਕਲਿਆਣੇ ਦੀ ਧਰਮਸ਼ਾਲਾ' ਠਹਿਰਿਆ ਕਰਦੇ ਸਨ ਜਿਸ ਦਾ ਜ਼ਿਕਰ ਉਨ੍ਹਾਂ ਦੇ ਹੁਕਮਨਾਮਿਆਂ ਵਿਚ ਵੀ ਮਿਲਦਾ ਹੈ। ਇਸ ਟਿਕਾਣੇ ਦੀ ਅਜੇ ਪੂਰੀ ਸੂਹ ਨਹੀਂ ਮਿਲ ਸਕੀ ਪਰ ਇਹ ਨਿਸ਼ਚਤ ਹੈ ਕਿ ਇਹ ਦਿਲਵਾਲੀ ਮਹੱਲਾ ਸਿਖਾਂ ਦਾ ਪ੍ਰਸਿੱਧ ਕੇਂਦਰੀ ਅਸਥਾਨ ਸੀ।

ਚਾਂਦਨੀ ਚੌਂਕ ਵਿਚ 11 ਨਵੰਬਰ 1675 ਨੂੰ ਬਾਦਸ਼ਾਹੀ ਹੁਕਮ ਨਾਲ ਆਪ ਦਾ ਸੀਸ ਉਤਾਰਿਆ ਗਿਆ, ਉਸ ਥਾਂ ਅਜ 'ਸੀਸ ਗੰਜ' ਗੁਰਦੁਆਰਾ ਮੌਜੂਦ ਹੈ। ਭਾਵੇਂ ਦਿਲਵਾਲੀ ਮਹੱਲੇ ਵਾਲੇ ਭਾਈ ਨਾਨੂ ਸਿੰਘ, ਭਾਈ ਜੈਤੇ ਤੇ ਭਾ. ਊਦੇ ਨੇ ਇਹ ਸੀਸ ਅਨੰਦਪੁਰ ਪਹੁੰਚਾ ਦਿਤਾ ਸੀ ਪਰੰਤੂ ਸ਼ਹੀਦੀ ਵਾਲੀ ਥਾਂ ਸੀਸ ਗੰਜ ਗੁਰਦੁਆਰਾ ਸ. ਬਘੇਲ ਸਿੰਘ ਨੇ ਕਾਇਮ ਕਰਕੇ ਇਸ ਯਾਦ ਨੂੰ ਅਮਰ ਬਣਾ ਦਿਤਾ। ਇਸ ਥਾਂ ਨੂੰ ਕਈ ਵਾਰ ਮੁਸਲਮਾਨਾਂ ਢਾਹਿਆ ਵੀ, ਮਹਾਰਾਜਾ ਸਰੂਪ ਸਿੰਘ ਜੀਂਦ ਨੇ 1857 ਵਿਚ ਇਸ ਦੇ ਲਾਗੇ ਦੀ ਮਸੀਤ ਲੈ ਕੇ ਗੁਰਦੁਆਰੇ ਨੂੰ ਹੋਰ ਵਡੇਰਾ ਬਣਾਇਆ ਤੇ ਮਹਾਰਾਜਾ ਰਘੁਬੀਰ ਸਿੰਘ ਵਾਲੀਏ ਜੀਂਦ ਨੇ ਲੰਡਨ ਦੀ ਅਦਾਲਤ ਵਿਚ ਮੁਕੱਦਮਾ ਜਿਤ ਕੇ ਇਸ ਝਗੜੇ ਦਾ ਹਮੇਸ਼ਾਂ ਲਈ ਨਿਪਟਾਰਾ ਕਰਾਇਆ ਇਸੇ ਤਰ੍ਹਾਂ ਸਤਿਗੁਰਾਂ ਦਾ ਧੜ ਭਾਈ ਲੱਖੀ ਸ਼ਾਹ ਵਣਜਾਰੇ ਤੇ ਉਸਦੇ ਪੁੱਤਰਾਂ ਭਾਈ ਨਗਾਹੀਏ ਆਦਿ ਨੇ ਬਾਹਰਵਾਰ ਰਾਇਸੀਨਾ ਦੀ ਬਸਤੀ ਵਿਚ ਲਿਜਾਕੇ ਤੇ ਆਪਣੀ ਛਪਰੀ ਨੂੰ ਅੱਗ ਲਾ ਕੇ ਸਸਕਾਰ ਕੀਤਾ ਸੀ, ਉਸ ਥਾਂ ਦਾ ਨਾਂ ਗੁਰਦੁਆਰਾ 'ਰਕਾਬ ਗੰਜ' ਹੈ। ਮਹਾਰਾਜਾ ਕਰਮ ਸਿੰਘ ਨੇ ਇਸ ਦੀ ਸ਼ਾਨਦਾਰ ਬਿਲਡਿੰਗ ਬਣਵਾਈ ਸੀ ਤੇ ਨਵੀਂ ਸੰਗਮਰਮਰੀ ਇਮਾਰਤ ਦੀ ਸੇਵਾ ਸ. ਹਰਨਾਮ ਸਿੰਘ ਜੀ ਨੇ ਕਰਾਈ ਹੈ। ਇਹ ਸ਼ਹੀਦੀ ਦੇ ਦੋ ਅਸਥਾਨ—ਸੀਸਗੰਜ ਤੇ ਰਕਾਬਗੰਜ ਦਿੱਲੀ ਵਿਚ ਹੋਣ ਕਰਕੇ ਵਧੇਰੇ ਪ੍ਰਸਿੱਧੀ ਰਖਦੇ ਹਨ ਤੇ ਇਨ੍ਹਾਂ ਦੀਆਂ ਯਾਦਗਾਰੀ ਇਮਾਰਤਾਂ ਵੀ ਅਤਿਅੰਤ ਸ਼ੋਭਾ ਦੇਣ ਵਾਲੀਆਂ ਤੇ ਆਪਣੀ ਮਿਸਾਲ ਆਪ ਹਨ।

ਸਹਾਇਕ ਪੁਸਤਕਾਂ—

1 ਸ੍ਰੀ ਗੁਰਤੀਰਥ ਸੰਗ੍ਰਹਿ — ਪੰ. ਤਾਰਾ ਸਿੰਘ ਨਰੋਤਮ (1884 ਈ.)
2 ਗੁਰਧਾਮ ਸੰਗ੍ਰਹਿ — ਗਿ. ਗਿਆਨ ਸਿੰਘ (1921)
3 ਸ੍ਰੀ ਗੁਰਦੁਆਰੇ ਦਰਸ਼ਨ — ਗਿ. ਠਾਕਰ ਸਿੰਘ (1923 ਈ.)

੮

ਗੁਰੂ ਤੇਗ਼ ਬਹਾਦਰ ਜੀ ਦੇ 'ਹੁਕਮਨਾਮੇ'

ਉਸ ਵਾਤਾਵਰਣ ਵਿਚ ਜਦ ਗੁਰੂ ਸਾਹਿਬ ਨੂੰ 'ਸੱਚਾ ਪਾਤਸ਼ਾਹ' ਤੇ ਉਨ੍ਹਾਂ ਦੇ ਮੁਖੀ ਕਾਰਦਾਰਾਂ ਨੂੰ 'ਮਸਨਦ ਨਸ਼ੀਨ' ਯਾ ਮਸੰਦ ਕਿਹਾ ਜਾਂਦਾ ਹੋਵੇ ਤਾਂ ਸਿਖਾਂ ਲਈ ਸਤਿਗੁਰਾਂ ਦਾ ਬਚਨ 'ਸ਼ਾਹੀ ਫ਼ੁਰਮਾਨ' ਯਾ ਬਾਦਸ਼ਾਹੀ ਹੁਕਮ ਦਾ ਦਰਜਾ ਰੱਖਦਾ ਸੀ। ਇਹੋ ਕਾਰਨ ਹੈ ਕਿ ਸਸੇਂ ਸਮੇਂ ਗੁਰੂ ਸਾਹਿਬਾਨ ਵਲੋਂ ਜੋ ਸਿੱਖਾਂ ਵਲ ਖ਼ਤ ਪੱਤਰ ਲਿਖੇ ਗਏ, ਉਨ੍ਹਾਂ ਨੂੰ ਸਰਧਾ ਤੇ ਸਤਿਕਾਰ ਨਾਲ 'ਹੁਕਮਨਾਮੇ' ਕਿਹਾ ਜਾਂਦਾ ਹੈ। ਭਾਵੇਂ ਛੇਵੇਂ ਪਾਤਸ਼ਾਹ ਵਲੋਂ ਵੀ ਸੰਗਤਾਂ ਦੇ ਨਾਂ ਲਿਖੇ ਅਜੇਹੇ ਪੱਤਰ ਮਿਲਦੇ ਹਨ ਪਰ ਉਹ ਇਕ ਦੋ ਹੀ ਹਨ। ਗੁਰੂ ਤੇਗ ਬਹਾਦਰ ਤੇ ਗੁਰੂ ਗੋਬਿੰਦ ਸਿੰਘ ਜੀ ਵਲੋਂ ਲਿਖੇ ਅਜੇਹੇ ਪੱਤਰ ਕਾਫੀ ਗਿਣਤੀ ਵਿਚ ਪ੍ਰਾਪਤ ਹਨ ਜੋ ਸ਼ਿਰੋਮਣੀ ਗੁ. ਪ੍ਰ. ਕਮੇਟੀ ਤੇ ਪੰਜਾਬੀ ਯੂਨੀਵਰਸਿਟੀ ਵਲੋਂ ਪ੍ਰਕਾਸ਼ਤ ਹੋ ਚੁਕੇ ਹਨ। ਗੁਰੂ ਤੇਗ ਬਹਾਦਰ ਜੀ ਵਲੋਂ ਬਨਾਰਸ ਸੰਗਤ, ਪਟਨਾ ਸੰਗਤ ਤੇ ਪਟਣ (ਪਾਕਪਟਨ) ਦੀ ਸੰਗਤ ਦੇ ਨਾਂ ਕਈ ਚਿਠੀਆਂ ਮਿਲਦੀਆਂ ਹਨ ਜੋ ਇਥੇ ਦਿਤੀਆਂ ਜਾਂਦੀਆਂ ਹਨ। ਇਨ੍ਹਾਂ ਤੋਂ ਉਸ ਸਮੇਂ ਦੇ ਸਿੱਖਾਂ ਦੇ ਨਾਮ ਤਾਂ ਮਿਲਦੇ ਹਨ ਤੇ ਨਾਲ ਹੀ ਸਿਖ ਲਹਿਰ ਦੀਆਂ ਹੋਰ ਸਰਗਰਮੀਆਂ ਦਾ ਵੀ ਪਤਾ ਲਗਦਾ ਹੈ। ਇਹ ਵੀ ਮਾਲੂਮ ਹੁੰਦਾ ਹੈ ਕਿ ਕਿਵੇਂ ਇਸ ਲਹਿਰ ਦੇ ਸੰਚਾਲਣ ਲਈ ਮਾਇਆ

ਦੀ ਲੋੜ ਪੈਂਦੀ ਸੀ ਤੇ ਹਰ ਗੁਰੂ ਦਾ ਸਿਖ ਇਹ ਕੰਮ ਵਿਚ ਕੌਡੀ ਦਮੜੀ ਤਕ ਦਾ ਹਿੱਸਾ ਪਾਉਂਦਾ ਸੀ। ਇਹ ਲੋਕ-ਫੰਡ ਸੀ।

ਇਨ੍ਹਾਂ ਸਾਰਿਆਂ ਹੁਕਮਨਾਮਿਆਂ ਦੀਆਂ ਅਸਲ ਕਾਪੀਆਂ ਪਟਨਾ ਸਾਹਿਬ ਤੇ ਬਨਾਰਸ ਵਿਚ ਸੁਰੱਖਿਅਤ ਹਨ। ਅਤੇ ਫੋਟੋ ਕਾਪੀਆਂ ਸਿਖ ਰੈਫ੍ਰੈਂਸ ਲਾਇਬਰੇਰੀ ਅੰਮ੍ਰਿਤਸਰ ਵਿਚ ਦੇਖੀਆਂ ਜਾ ਸਕਦੀਆਂ ਹਨ।

(ੳ) ਬਨਾਰਸ ਸੰਗਤ ਦੇ ਨਾਮ—

(1) ਗੁਰੂ ਸਤਿ

ਭਾਈ ਜਵੇਹਰੀ ਭਾਈ ਕਿਰਪਾਲਦਾਸ ਭਾਈ ਜਟਮਲੁ ਭਾਈ ਰਾਮਾ, ਜਾਦੋ ਘਾਸੀ, ਭਾਈ ਕਲਿਆਨ ਦਾਸ ਭੋਤੀ ਸੇਠ ਭਾਈ ਬਾਬੂ ਰਾਇ ਭਿਖਾਰੀ ਦਾਸ ਮਹਾਰਾਜ ਦਲਪਤਿ ਦਾਸ ਹੀਰਾ ਮੰਨ ਦੁਰਗਾਦਾਸ ਗੰਗਾ ਰਾਮ ਰਘੁਨਾਥ ਮਹਾਂਨੰਦ—ਸਰਬਤਿ ਸੰਗਤਿ ਬਨਾਰਸ ਕੀ ਗੁਰੂ ਰਖੇਗਾ। ਕਾਰਬਾਰ ਲੋਚ ਕੇ ਸੰਗਤਿ ਭਾਈ ਜਵੇਹਰੀ ਨੋ ਦੇਣੀ। ਜਵੇਹਰੀ ਭਾਈ ਦਿਆਲ ਦਾਸ ਪਾਸ ਪਹੁੰਚਾਵੇਗਾ ਹਜੂਰਿ ਪਹੁਚੰਗੀ ਸੰਗਤਿ ਕਾ ਭਲਾ ਹੋਗੁ ਸੇਵਾ ਕੀ ਵੇਲਾ ਹੈ।

(2) ਗੁਰੂ ਸਤਿ

ਭਾਈ ਜਵੇਹਰੀ ਸਰਬਤਿ ਸੰਗਤਿ ਗੁਰੂ ਰਖੇਗਾ ਸਿਰੀਧਰ ਕੀ ਸੰਗਤਿ ਸੇਵਾ ਕਰਣੀ ਅਲੂਫ਼ਾ ਸਿਰੀਧਰ ਨੋ ਦੇਣਾ, ਸਿਰੀਧਰ ਜਿਤ ਵੇਲਾ ਚੰਗਾ ਹੋਵੇਗਾ ਤਾਂ ਪਟਣੇ ਪਹੁਚਾਇ ਦੇਣਾ, ਸੰਗਤਿ ਕਾ ਭਲਾ ਹੋਗੁ।

(3) ਗੁਰੂ ਸਤਿ

ਭਾਈ ਜਵੇਹਰਿ ਮਲੁ ਸਰਬਤਿ ਸੰਗਤਿ ਬਨਾਰਸ ਕੀ ਗੁਰੂ ਰਖੈਗਾ ਭਾਈ ਕਲਿਆਣਿ ਦਾਸ ਹਜੂਰਿ ਆਇਆ ਸੰਗਤਿ ਕਾ ਮੁਜਰਾ ਦਿਤਾ ਭਾਈ ਕਲਿਆਨ ਦਾਸੁ ਦਾ ਹਰਿ ਭਾਂਤਿ ਖਸਮਾਨਾ ਕਰਣਾ ਨਿਹਾਲੁ ਹੋਏ।

(4) ਗੁਰੂ ਸਤਿ

ਭਾਈ ਜਵੇਹਰ ਮਲੁ ਮਸੰਦ ਭਾਈ ਕਿਰਪਾਲ ਦਾਸ ਭਾਈ ਜਟਮਲ ਭੋਤੀ ਸੇਠ ਭਾਈ ਕਲਿਆਨ ਮਲ ਭਾਈ ਮਹਾਨੰਦੁ ਭਾਈ ਬਾਬੂ ਰਾਇ ਭਾਈ ਮਹਾਰਾਜ ਭਾਈ ਭਿਖਾਰੀ ਦਲਪਤਿ ਦਾਸ ਭਾਈ ਰਾਮਾਨੰਦ ਭਾਈ ਮਾਨਜੀ ਭਾਈ ਮਾਨ ਸਿੰਘ

ਫੱਗੂ ਸ਼ਾਹ ਭਾਈ ਬਾਲ ਕਿਸਨ ਭਾਈ ਛੁਟਮਲ ਭਾਈ ਮਨੀ ਰਾਮ-ਸਰਬਤ ਸੰਗਤਿ ਬਨਾਰਸ ਕੀ ਬਨਾਰਸ ਕੇ ਸੂਬੇ ਕੀ ਗੁਰੂ ਸੰਗਤ ਕੇ ਮਨੋਰਥ ਪੂਰੇ ਕਰੇਗਾ ਪਿਛੇ ਕਾਰ ਭਾਈ ਦਿਆਲ ਦਾਸ ਪਾਸ ਭੇਜੀ ਥੀ ਸਭ ਹਜੂਰਿ ਪਹੁਚੀ ਭਾਈ ਦਿਆਲ ਦਾਸ ਕਹੇ ਸੰਗਤਿ ਗੁਰੂ ਕਾ ਹੁਕਮ ਕਰਿ ਮਨਣਾ ਆਗੈ ਜਿਸ ਸਿਖ ਪਾਸ ਗੁਰੂ ਕੇ ਨਵਿਤ ਕੀ ਕਉਡੀ ਹੋਵੈ ਭੇਟ ਸਭ ਭਾਈ ਦਿਆਲਦਾਸ ਪਾਸ ਪਹੁਚਾਵਣੀ। ਸੰਗਤ ਕੇ ਰੁਜ਼ਗਾਰ ਵਿਚਿ ਗੁਰੂ ਬਰਕਤਿ ਕਰੇਗਾ।

(5) ਗੁਰੂ ਸਤਿ

ਭਾਈ ਜਵੇਹਰ ਮਲ ਭਾਈ ਭੋਤੀ ਸੇਠ ਭਾਈ ਕਿਰਪਾਲ ਦਾਸ ਭਾਈ ਜਟ ਮਲ ਭਾਈ ਕਲਿਆਨ ਮਲ ਭਾਈ ਬਾਬੂ ਮੰਨੀ ਭਿਖਾਰੀ ਮਾਨ ਸਿੰਘ ਮਹਾਰਾਜ ਰਾਮਾ ਜਾਦੋ ਘਾਸੀ ਕੋਕਾ ਮਾਨਾ ਬਾਲਕਿਸਨ ਸੁਖਦੇਉ ਫਗੁਸ਼ਾਹ ਛੁਟਮਲ ਰੂਪ ਨਰਾਇਣ ਸਰਬਤਿ ਸੰਗਤਿ ਬਨਾਰਸ ਕੇ ਸੂਬੇ ਕੀ ਗੁਰੂ ਰਖੇਗਾ ਕਾਰਬਾਰ ਹੋਵੇ ਸੰਗਤਿ ਨੋ ਭਾਈ ਦਿਆਲ ਦਾਸ ਪਾਸ ਪਹੁੰਚਾਵਣੀ ਹਜੂਰ ਪਹੁਚੇਗੀ ਸੰਗਤਿ ਕਾ ਭਲਾ ਹੋਗੁ ਮੁਗੇਰ ਛਾਵਣੀ ਹੋਈ ਹੈ ਜੋ ਸਿਖੁ ਦਰਸਨ ਕੋ ਆਵੈਗਾ ਤਿਸ ਕੇ ਮਨੋਰਥ ਗੁਰੂ ਪੂਰੇ ਕਰੇਗਾ।

(6) ਗੁਰੂ ਸਤਿ

ਭਾਈ ਜਵੇਹਰ ਦਾਸ ਭਾਈ ਕਿਰਪਾਲ ਦਾਸ ਭਾਈ ਕਲਿਆਨ ਮਲੁ ਭਾਈ ਭੋਤੀ ਭਾਈ ਸੇਠ ਬਾਬੂ ਰਾਇ ਭਾਈ ਭਿਖਾਰੀ ਮਹਾਰਾਜ ਰਾਮਾ ਬਾਲਕਿਸ਼ਨ ਮਾਨ ਸਿੰਘ ਛੁਟਮਲ ਨੰਦਰੂਪ—ਸਰਬਤ ਸੰਗਤਿ ਬਨਾਰਸ ਕੀ ਗਿਰਦ ਨਿਵਾਹੀ ਕੀ ਗੁਰੂ ਰਖੇਗਾ ਗੁਰੂ ਗੁਰੂ ਜਪਣਾ ਜਨਮੁ ਸਉਰੇ ਅਸੀਹ ਰੁਪਯੇ ਕਾਰ ਕੇ ਪਹੁਚੇ ਆਗੇ ਕਾਰਬਾਰ ਹੋਇ ਸੰਗਤਿ ਭਾਈ ਦਿਆਲ ਦਾਸ ਕੋ ਲੋਚ ਕੈ ਦੇਣੀ ਹਜੂਰਿ ਪਹੁਚੇਗੀ ਸੰਗਤਿ ਕੇ ਰੁਜਗਾਰ ਮੋ ਬਰਕਤਿ ਹੋਗੁ ਸੇਵਾ ਕੀ ਵੇਲਾ ਹੈ।

(7) ਗੁਰੂ ਸੱਤਿ

ਭਾਈ ਜਵੇਹਰ ਮਲ ਭਾਈ ਸਦਾਨੰਦ ਭਾਈ ਕਿਰਪਾਲ ਭਾਈ ਬਾਬੂ ਭਾਈ ਭਿਖਾਰੀ ਮਹਾਰਾਜ ਭਾਈ ਮਾਨ ਸਿੰਘ ਭਾਈ ਫੱਗੂਸ਼ਾਹ, ਭਾਈ ਜੈ ਰਾਮਦਾਸ ਭਾਈ ਛੂਟੇ ਮਲ ਸਰਬਤ ਸੰਗਤਿ ਬਨਾਰਸ ਕੇ ਸੂਬੇ ਕੀ ਗੁਰੂ ਰਖੇਗਾ ਗੁਰੂ ਗੁਰੂ ਜਪਣਾ

ਜਨਮ ਸਉਰੇ ਜਿਨਿ ਸਿਖ ਵਾਹਗੁਰੂ ਕੀਤਾ ਹੈ। ਕਾਰਬਾਰ ਭਾਈ ਦਿਆਲਦਾਸ ਨੋ ਦੇਣੀ ਦਰਗਾਹ ਥਾਂਇ ਪਵਗੁ ਸੰਗਤ ਦਾ ਗੁਰੂ ਰੁਜਗਾਰ ਕਰੇਗੁ ।

(8) ਗੁਰੂ ਸਤਿ

ਭਾਈ ਦਿਆਲਦਾਸ ਭਾਈ ਰਾਮਰਾਇ ਭਾਈ ਜਵੇਹਰੀ ਭਾਈ ਕਿਰਪਾਲ ਦਾਸ ਭਾਈ ਭੋਤੀ ਕਲਿਆਨ ਦਾਸ ਭਾਈ ਸਿਭੂ ਸੇਠ ਦੇਲਪਤ ਭਾਈ ਬਾਬੂ ਰਾਇ ਭਾਈ ਭਿਖਾਰੀ ਦਾਸ ਸਰਬਤ ਸੰਗਤ ਬਨਾਰਸ ਕੀ ਗੁਰੂ ਗੁਰੂ ਜਪਨਾ ਜਨਮੁ ਸਉਰੇ ਸੰਗਤ ਕੇ ਮਨੋਰਥ ਗੁਰੂ ਪੂਰੇ ਕਰੇਗਾ ਕਾਰ ਸੰਗਤ ਕੀ ਏਕ ਸਉ ਛਿਆਸਠ ਰੁਪਯੇ ਸੰਗਤ ਨੇ ਭਾਈ ਦਿਆਲ ਦਾਸ ਪਾਸਿ ਭੇਜੇ ਥੇ ਸੋ ਹਜੂਰਿ ਆਏ ਸੰਗਤ ਕੀ ਬਹੁੜੀ ਹੋਈ ਆਗੇ ਕਾਰ ਭੇਟ ਮਨਤ ਸਭ ਭਾਈ ਦਿਆਲਦਾਸ ਕੋ ਸੰਗਤ ਨੇ ਲੋਚ ਕੇ ਦੇਣਾ, ਸੰਗਤ ਕਾ ਰਿਜਕ ਵਧੇਗਾ ਮਨੋਰਥ ਪੂਰੇ ਗੁਰੂ ਕਰੇਗਾ ।

(ਅ) ਪਟਨਾ ਸੰਗਤ ਨਾਮ—

(9) ਗੁਰੂ ਸਤਿ

ਭਾਈ ਦਿਆਲ ਦਾਸੁ ਭਾਈ ਰਾਮਰਾਇ ਭਾਈ ਦਰਬਾਰੀ ਭਾਈ ਚੈਨਸੁਖ ਭਾਈ ਮਿਹਰਚੰਦ ਭਾਈ ਸੋਭ ਚੰਦੂ ਭਾਈ ਜੇਠਮਲ ਭਾਈ ਪ੍ਰਹਲਾਦਦਾਸੁ ਭਾਈ ਬੰਸੀ ਭਾਈ ਮੁਰਲੀਧਰੁ ਭਾਈ ਰਾਘੋਦਾਸੁ ਭਾਈ ਦੀਨਾਨਾਥ ਭਾਈ ਮੋਹਨ ਦਾਸੁ ਭਾਈ ਪਰੀਤਮ ਦਾਸੁ ਭਾਈ ਨੰਦ ਕੁਮਾਰ ਭਾਈ ਮਿਹਰ ਚੰਦੁ ਭਾਈ ਪਰਾਨ ਨਾਥ ਭਾਈ ਮੁਰਲੀਧਰ ਭਾਈ ਸਿੰਘਾ ਭਾਈ ਸਦਾਨੰਦ ਭਾਈ ਕਵਲਨੈਨ ਭਾਈ ਰਾਮ ਰਾਇ ਭਾਈ ਲਾਲ ਮੰਨ ਭਾਈ ਛਬੀਲ ਦਾਸੁ ਭਾਈ ਬਾਲਗੋਬਿੰਦ ਭਾਈ ਅਮਾਲੀਆ ਭਾਈ ਕਿਰਪਾਲੁ ਭਾਈ ਬੈਜਨਾਥੁ ਭਾਈ ਸੰਗਤਿ ਦਾਸੁ ਭਾਈ ਝਬਰ ਸਿੰਘ, ਬੇਬੇ ਪੇੜੀ ਬਾਈ ਰਾਮਚੰਦੁ ਭਾਈ ਭਗਵਾਨ ਦਾਸੁ ਗੁਜਰਮਲੁ ਭਾਈ ਜਗਦੇਉ ਭਾਈ ਭੋਜਰਾਇ ਭਾਈ ਦਲਪਤ ਦਾਸੁ ਭਾਰਾ ਦਰੀਆ ਚਿੰਤਾ ਬਿੰਦਰਾਬਨ ਪਰਾਨਨਾਥ ਸਰਬਤਿ ਸੰਗਤਿ ਪਟਣੇ ਕੀ ਗੁਰੂ ਰਖੇਗਾ ਜਿਨ ਜਿਨ ਸਿਖ ਵਾਹਗੁਰੂ ਕੀਤਾ ਹੈ ਤਿਸ ਕੇ ਮਨੋਰਥ ਗੁਰੂ ਪੂਰੇ ਕਰੇਗਾ ਅਸੀਂ ਪਰੈ ਰਾਜੇ ਜੀ ਕੇ ਸਾਥ ਗਏ ਹਾਂ ਕਬੀਲਾ ਹਮੋ ਪਟਣੇ ਛੋਡਾ ਹੈ ਜਿਨ ਸਿਖ ਵਾਹਗੁਰੂ ਕੀਆ ਹੈ ਤਿਨ ਕੀ ਸੇਵਾ ਕਰਣੀ ਪੈਸੇ ਕੀ ਮੁਹਰ ਥਾਂਇ ਪਵੈਗੀ ਸੰਗਤ ਕੀ ਸੇਵਾ ਕੀ ਵੇਲਾ ਹੈ ਜੁ ਸਿਖ ਸੇਵਾ ਕਰੇਗਾ ਤਿਸ ਤਿਸ ਕੇ ਰੁਜਗਾਰ ਮੋ ਬਰਕਤਿ ਹੋਵੇਗੀ ਸੇਵਾ ਕਾ ਵਖਤ ਹੈ ਕੋਈ ਅਵਲ ਹਵੇਲੀ ਹੋਵੇ ਬਡੀ

ਹੋਵੈ ਤਿਸ ਮੋ ਕਬੀਲੇ ਹਮਾਰੇ ਰਖਣੈ ਸੰਗਤਿ ਕੇ ਗੁਰੂ ਰੁਜਗਾਰ ਮੇ ਬਰਕਤਿ ਕਰੇਗਾ ਸੇਵਾ ਕੀ ਵੇਲਾ ਹੈ ।

(10) ੧ੳ ਗੁਰੂ ਸਤਿ

ਭਾਈ ਦਿਆਲਦਾਸ ਭਾਈ ਰਾਮਰਾਇ ਭਾਈ ਦਰਬਾਰੀ ਭਾਈ ਡੇਡਮਲ ਸਰਬਤਿ ਸੰਗਤਿ ਗੁਰੂ ਰਖੇਗਾ ਕੂਚ ਕੀਏ ਹਮ ਕੋ ਚਾਰ ਦਿਨ ਹੋਏ ਹਹਿ ਰਾਜੇ ਜੀ ਕੇ ਕੂਚ ਕੀਏ ਸਾਤ ਰੋਜ਼ ਹੂਏ ਹੈ ਤੇ ਤੁਮਾਰੇ ਵਾਸਤੇ ਹਮੋ ਨੇ ਮੁਕਾਮ ਕੀਏ ਹੈ ਰਾਤ ਰਾਤ ਕਰਿ ਕੈ ਬਹੁਤ ਸਿਤਾਬੀ ਸਾਥ ਹਮਾਰੇ ਪਾਸ ਆਇ ਪਹੁਚਣਾਂ ਦਉੜਨ ਵਾਲਾ ਕੋਸਾ ਕਰਿ ਕੇ ਆਠ ਪਹਰ ਮੋ ਆਇ ਪਹੁਚਣਾ ਢੀਲ ਪਾਉ ਘੜੀ ਕੀ ਨਾਹੀ ਕਰਣੀ ਹਮ ਤੁਮਾਰਾ ਬੈਠੇ ਰਾਹ ਦੇਖਦੇ ਹਾਂ ਬਹੁਤ ਸਿਤਾਬ ਆਵਣਾ ਗੁਰੂ ਸੰਗਤਿ ਕੀ ਬਾਹੁੜੀ ਕਰੇਗਾ ।

(11) ੧ੳ ਗੁਰੂ ਸਤਿ

ਭਾਈ ਦਿਆਲਦਾਸੁ ਭਾਈ ਰਾਮਰਾਇ ਭਾਈ ਦਰਬਾਰੀ ਭਾਈ ਚੈਨਸੁਖ ਭਾਈ ਮਿਹਰਚੰਦ ਸੋਭਾਚੰਦ ਭਾਈ ਜੇਠ ਮਲੁ ਭਾਈ ਡੇਡਮਲ ਭਾਈ ਨੰਦਕੁਮਾਰ ਭਾਈ ਪ੍ਰਹਲਾਦ ਦਾਸੁ ਭਾਈ ਬੰਸੀ ਭਾਈ ਮੁਰਲੀ ਭਾਈ ਪਰੀਤਮ ਦਾਸੁ ਭਾਈ ਰਾਘੋਦਾਸੁ ਭਾਈ ਮੋਹਨ ਦਾਸੁ ਬੇਬੇ ਪੇੜੀ ਬਾਈ ਸਰਬਤਿ ਸੰਗਤਿ ਸਿਖਾਂ ਕੇ ਮਨੋਰਥੁ ਗੁਰੂ ਪੂਰੇਗਾ ਭਾਈ ਜੀ । ਅਸਾ ਮੂੰਗੇਰ ਛਾਵਣੀ ਕੀਤੀ ਹੈ ਸੰਗਤਿ ਕੀ ਸੇਵਾ ਕੀ ਵੇਲਾ ਹੈ ਭਾਈ ਜੀ ਪਰੇ ਕੇ ਜੁ ਤੁਮਾਰੇ ਸੂਬੇ ਕੇ ਮਸੰਦ ਹਨਿ ਸਰਬਤ ਸੰਗਤ ਪਰੇ ਕੀ ਲੈ ਕੇ ਦਰਸਨਿ ਆਵਣਾ ਜੋ ਸਿਖ ਆਵੇਗਾ ਤਿਸ ਕਾ ਰੁਜਗਾਰ ਹੋਗੁ ਸੰਗਤਿ ਕੀ ਸੇਵਾ ਕੀ ਵੇਲਾ ਹੈ ਭਾਈ ਦਿਆਲਦਾਸ ਕਹੇ ਸੰਗਤਿ ਗੁਰੂ ਕਾ ਹੁਕਮ ਕਰਿ ਮਨਣਾ ਸੰਗਤਿ ਕਾ ਗੁਰੂ ਰੁਜਗਾਰ ਕਰੇਗਾ ਅਉਰ ਭਾਈ ਜੀ ਸ਼ਹਜ਼ਾਦਪੁਰ ਕੋ ਡੇਰੇ ਕੇ ਖੇਮੇ ਕੇ ਵਾਸਤੇ ਲਿਖਿਆ ਚਾਹਤੇ ਹਹਿ ਜਿਉ ਤੁਮ ਕਹਿ ਭੇਜਹ ਤਿਉ ਹਮ ਹੁਕਮਨਾਵਾਂ ਸੰਗਤਿ ਕੋ ਲਿਖਹ ਦੋ ਕੋੜੀਆਂ ਪਗਾਂ ਬਿਹਾਰ ਕੀ ਭੇਜਣੀ, ਏਕ ਕੋੜੀ ਪਗਾਂ ਕੀ ਚਾਲੀਸ ਰੁਪਯੇ ਕੀ ਭੇਜਣੀ ਸੰਗਤਿ ਕਾ ਰੁਜਗਾਰ ਹੋਗੁ ।

(12) ਗੁਰੂ ਸਤਿ

ਭਾਈ ਦਿਆਲਦਾਸੁ ਭਾਈ ਰਾਮਰਾਇ ਭਾਈ ਦਰਬਾਰੀ ਭਾਈ ਚੈਨਸੁਖ ਭਾਈ ਮਿਹਰਚੰਦ ਭਾਈ ਸੁਭਾ ਚੰਦ ਭਾਈ ਜੇਠਮਲੁ ਭਾਈ ਡੇਡਮਲੁ ਭਾਈ ਰਾਘੋਦਾਸੁ ਭਾਈ ਪ੍ਰਹਲਾਦ ਦਾਸੁ ਭਾਈ ਮੋਹਨ ਦਾਸੁ ਭਾਈ ਨੰਦ ਕੁਮਾਰ ਭਾਈ ਪਰੀਤਮ ਦਾਸੁ ਭਾਈ ਘਨਿਸਿਆਮੁ ਜਗਮੰਨੁ ਮੁਰਲੀਧਰ ਭਾਈ ਬੰਸੀ ਭਾਈ ਮੁਰਲੀ ਭਾਈ ਸਿੰਘਾ ਸਦਾਨੰਦ ਕਵਲਨੈਨ ਰਾਮਰਾਇ ਲਾਲਮੰਨ ਛਬੀਲਦਾਸ ਬਾਲਗੋਬਿੰਦ ਅਮਾਲੀਆ ਫੇਰੂ ਕਿਰਪਾਲ ਸੰਗਤਿ ਦਾਸ ਬੈਜਨਾਥ ਝਬਰ ਸਿੰਘ ਭਗਵਾਨ ਗੁਜਰਮਲ ਪੇੜੀ ਬਾਈ ਰਾਮਚੰਦੁ ਦੀਨਾਨਾਥੁ ਪਰਾਨ ਨਾਥੁ ਜਗਦੇਉ ਭੋਜਰਾਜ ਦਲਪਤ ਦਾਸੁ ਭਾਰਾ ਦਰੀਆ ਚਿੰਤਾ ਬਿੰਦਰਾਬਨ ਪਰਾਨਨਾਥ ਮਿਹਰ ਚੰਦ ਹੀਰਾਨੰਦੁ ਪਰਾਨਨਾਥੁ ਸੰਗਤਿ ਗੁਰੂ ਮਨੋਰਥ ਪੂਰੇ ਕਰੇਗਾ ਅਸੁਨੋ ਕੂਚ ਹੈਂ ਸਤਰੀ ਰੁਪਯਾ ਕੀ ਵਸਤ ਲਿਖੀ ਹੈ ਡੇਰੇ ਕੇ ਵਾਸਤੇ ਹੁਕਮੁ ਦੇਖਦੇ ਹੀ ਵਸਤ ਭੇਜਣੀ ਸਿਤਾਬੀ ਸਾਥ ਡੇਰਾ ਤਯਾਰ ਹੋਣਾ ਹੈ ਸੰਗਤਿ ਸਰਬਤ ਲੈ ਕੇ ਭਯਾ ਜੀ ! ਤੁਮੋ ਦਰਸ਼ਨ ਕਰਿ ਜਾਣਾ ਸਿਤਾਬ ਆਵਣਾ ਸੰਗਤਿ ਕਾ ਗੁਰੂ ਰੁਜਗਾਰ ਮੋ ਬਰਕਤਿ ਕਰੈਗਾ ਪਟਣਾ ਗੁਰੂ ਕਾ ਘਰੁ ਹੈ ।

(13) ਗੁਰੂ ਸਤਿ

ਭਾਈ ਦਿਆਲ ਦਾਸ ਭਾਈ ਰਾਮਰਾਇ ਭਾਈ ਦਰਬਾਰੀ ਭਾਈ ਚੈਨਸੁਖ ਭਾਈ ਮਿਹਰਚੰਦ ਭਾਈ ਸੁਭਾ ਚੰਦੂ ਭਾਈ ਜੇਠ ਮਲੁ ਭਾਈ ਡੇਡਮਲੁ ਭਾਈ ਨੰਦ ਕੁਆਰ ਭਾਈ ਦੀਨ ਦਿਆਲ ਭਾਈ ਮਿਹਰ ਚੰਦ...ਨਾਥ ਭਾਈ ਹੀਰਾਨੰਦ ਭਾਈ ਰਾਘੋ ਦਾਸ ਭਾਈ ਪ੍ਰਹਲਾਦਦਾਸੁ ਭਾਈ ਬੰਸੀਧਰ ਭਾਈ ਮੁਰਲੀਧਰ ਮੋਹਨਦਾਸੁ ਭਾਈ ਸਦਾਨੰਦ ਭਾਈ ਘਨਿਸਿਆਮ ਭਾਈ ਕਵਲਨੈਨ ਭਾਈ ਰਾਮਰਾਇ ਭਾਈ ਮੁਰਲੀਧਰ ਭਾਈ...ਭਾਈ ਸਿੰਘਾ ਭਾਈ ਸੰਗਤਿ ਦਾਸ ਭਾਈ ਬੈਜਨਾਥ ਭਾਈ ਸੁਕਦੇਉ ਭਾਈ ਝਬਰ ਸਿੰਘ ਭਾਈ...ਭਾਈ ਜਗਮੰਨ ਭਾਈ ਛਬੀਲਦਾਸੁ ਭਾਈ ਰੂਪਨ ਭਾਈ ਲਾਲਮੰਨ ਭਾਈ ਅਨੰਤ ਦਾਸ ਭਾਈ ਸੁਫੇਰ ਚੰਦ ਭਾਈ ਨੈਨਸੁਖ ਗੁਲਾਲ ਚੰਦ ਬਾਲਗੋਬਿੰਦ ਭਾਈ ਭਗਤਾ ਬਿੰਦਰਾਬਨੁ...ਬਾਲਾ ਫੇਰੂ ਬੰਸੀਧਰ ਸੁਖਦੇਉ ਮਾਛੀ ਸੁਜਾਰਾਮ ਚੇਨਸੁਖ ਹੀਰਾਨੰਦ ਪਰਸਰਾਮੁ...ਮਿਤਰ ਸੈਣ ਗਜੂਮਲ ਜਗਦੇਓ ਦਲਪਤ ਦਾਸੁ ਭਾਈ ਮਲੂਕ ਦਾਸੀਆ ਚੇਤਨੁ . ਲਛੂਆ ਰਘੁਨਾਥ ਫਤਹਚੰਦ ਹੈ

ਬੇਬੇਪੇੜੀ ਬਾਈ ਦੀਨਾਨਾਥ ਪਰਾਨਨਾਥ... ਸਰਬਤ ਸੰਗਤਿ ਪਟਣੇ ਕੀ ਜਿਨਿ ਸਿਖ ਵਾਹਗੁਰੂ ਕੀਆ ਹੈ ਤਿਸ ਕੇ ਮਨੋਰਥ ਪੂਰੇ ਹੋਵਹਿਗੇ ਗੋਬਿੰਦ ਦਾਸ ਕੀ ਬਧਾਈ ਉਪਰਿ ਸੰਗਤਿ ਖਰਚ ਕੀਆ ਗੁਰੂ ਕੀ ਦਰਗਹ ਥਾਂਇ ਪਯਾ ਰੁਪਯੇ ਕੀ ਮੁਹਰ ਥਾਇ ਪੜੀ ਪੀਛੇ ਸੇਵਾ ਕੀਤੀ ਸੋ ਥਾਇ ਪਈ ਆਗੇ ਜੁ ਸੇਵਾ ਕਰੇਗਾ ਤਿਸਕਾ ਭਲਾ ਹੋਗੁ ਸੰਗਤ ਕੇ ਰੁਜਗਾਰ ਮੋ ਬਰਕਤਿ ਹੋਗੁ ਭਾਈ ਜੀ ਸਰਪਾਉ ਭੇਜਿਆ ਹੈ ਪਟਣਾ ਗੁਰੂ ਕਾ ਘਰ ਹੈ ਸੰਗਤ ਕਾ ਭਲਾ ਹੋਗੁ ।

(14) ਗੁਰੂ ਸਤਿ

ਭਾਈ ਦਿਆਲ ਦਾਸੁ ਭਾਈ ਰਾਮਰਾਇ ਭਾਈ ਦਰਬਾਰੀ ਭਾਈ ਚੈਨਸੁਖ ਭਾਈ ਮਿਹਰਚੰਦ ਭਾਈ ਸੁਭਾ ਚੰਦੁ ਭਾਈ ਜੈ ਸਿੰਘ ਭਾਈ ਚਿਮਨਾ ਭਾਈ ਲਾਲਮੰਨ ਭਾਈ ਜੇਠਮਲ ਭਾਈ ਡੇਡਮਲ ਭਾਈ ਪ੍ਰਹਲਾਦ ਦਾਸੁ ਭਾਈ ਬੰਸੀਧਰ ਭਾਈ ਰਾਘੋਦਾਸ ਭਾਈ ਸੇਠ ਛਬੀਲਦਾਸ ਭਾਈ ਪਰੀਤਮਦਾਸ ਭਾਈ ਨੰਦ ਲਾਲ ਬਖਸ਼ੀ ਮੁਰਲੀਧਰ ਭਾਈ ਹੀਰਾਨੰਦ ਭਾਈ ਸੰਗਤਿ ਦਾਸੁ ਭਾਈ ਝਬਰ ਭਾਈ ਗੁਰਦਾਸੁ ਪਰਸਰਾਮ ਮੋਹਨਦਾਸੁ ਨੈਨਸੁਖ ਬਾਲਗੋਬਿੰਦੁ ਸੰਕਰਦਾਸ ਸਦਾਨੰਦੁ ਸੁਜਾਰਾਮ ਭਗਵਾਨ ਦਾਸ ਗੁਜਰ ਮਲ ਸੰਕਰਦਾਸੁ ਨੰਦਲਾਲ ਛਜੂਮਲੁ ਨੰਦ ਕੁਮਾਰ ਭਾਈ ਜਸੋਧਾਨੰਦਨ ਮਿਹਰਚੰਦੁ ਪਰਾਨਨਾਥ ਬਲੀ ਰਾਮ ਸੁਭਾਚੰਦ ਜਗਦੇਉ ਦਲਪਤਿਰਾਇ ਅਨੀਰਾਇ ਘਨਸਿਆਮੁ ਸੁਖਦੇਉ ਗਜਮਲੁ ਗੜੀਆ ਭਾਗ ਮਲ ਛਬੀਲਦਾਸੁ ਸੁਫੇਰਾ ਅਮਾਲੀਆ ਫੇਰੂ ਕਿਰਪਾਲਾ ਬੰਸੀ ਸੁਖਦੇਉ ਪੇੜੀਬਾਈ ਰਾਮ ਚੰਦ ਹਰਕੇਸੁ ਛਬੀਲਦਾਸ ਮਿਤ੍ਰਸੈਣ ਕੇਵਲਰਾਮ ਮੰਗੂ ਅਨੰਤਾ ਮਨਸੁਖ ਬਸੰਤ ਰਾਇ ਲਛੂਆ ਬਾਲਾ ਸਦਾਨੰਦ ਸਾਧੂ ਸਰਬਤ ਸੰਗਤਿ ਪਟਣੇ ਕੀ ਗੁਰੂ ਰਖੇਗਾ ਗੁਰੂ ਗੁਰੂ ਜਪਣਾ ਜਨਮੁ ਸਉਰੇ ਸੰਗਤਿ ਕਾ ਭਲਾ ਹੋਵੈ ਕਾਰ ਭੇਟ ਕਪੜੇ ਭਾਈ ਮਿਹਰ ਚੰਦ ਭਾਈ ਕਲਿਆਨਿ ਰਾਇ ਹਥਿ ਭੇਜੀ ਥੀ ਸੋ ਹਜੂਰਿ ਪਹੁਚੀ । ਸੰਗਤਿ ਕੇ ਰੁਜਗਾਰ ਵਿਚਿ ਗੁਰੂ ਬਰਕਤਿ ਕਰੈਗਾ ਪਟਣਾ ਗੁਰੂ ਕਾ ਘਰੁ ਹੈ ਸੰਗਤਿ ਕਾ ਭਲਾ ਹੋਵੈਗਾ ।

(15) ਗੁਰੂ ਸਤਿ

ਭਾਈ ਦਿਆਲ ਦਾਸ ਭਾਈ ਰਾਮਰਾਇ ਭਾਈ ਦਰਬਾਰੀ ਭਾਈ ਚੈਨ ਸੁਖ

ਭਾਈ ਮਿਹਰਚੰਦ ਭਾਈ ਸੋਭਾਚੰਦ ਭਾਈ ਜੇਠ ਮਲੁ ਭਾਈ ਡੇਡਮੱਲ ਭਾਈ ਨੰਦ ਕੁਮਾਰ ਭਾਈ ਦੀਨਦਿਆਲ ਭਾਈ ਮਿਹਰਚੰਦੁ ਭਾਈ ਪਰਾਨਨਾਥ ਭਾਈ ਹੀਰਾਨੰਦ ਭਾਈ ਸੋਭਚੰਦੁ ਭਾਈ ਕਵਲਨੈਨ ਭਾਈ ਰਾਘੋ ਦਾਸੁ ਭਾਈ ਪ੍ਰਹਲਾਦ ਦਾਸੁ ਭਾਈ ਮੁਰਲੀ ਮੋਹਨ ਦਾਸੁ ਭਾਈ ਭਗਵਾਨਦਾਸੁ ਭਾਈ ਹਰਜੀ ਮਲੁ ਭਾਈ ਸਦਾਨੰਦ ਭਾਈ ਕਵਲਨੈਨ ਭਾਈ ਰਾਮਰਾਇ ਭਾਈ ਨੰਦਲਾਲ ਭਾਈ ਬਾਲੁਗੋਬਿੰਦ ਭਾਈ ਜਗਮੰਨ ਭਾਈ ਸੰਗਤ ਦਾਸ ਭਾਈ ਬੈਜਨਾਥੁ ਭਾਈ ਝਬਰ ਸਿੰਘ ਅਮਾਲੀਆ ਕਿਰਪਾਲ ਫੇਰੂ ਭਾਈ ਬਿੰਦਰਾਬਨ ਭਾਈ ਲਾਲਮੰਨ ਛਬੀਲਾ ਨੈਨਸੁਖ ਭਾਈ ਮੂਲਾ ਭਾਈ ਮਿਹਰਚੰਦ ਭਾਈ ਚੇਤਨ ਜਾਦੋ ਬੇਬੇ ਪੈੜੀ ਬਾਈ ਭਾਰਾ ਮਲੂਕ ਲਛੂਆ ਭਾਈ ਪਰਾਨਨਾਥੁ ਸਰਬਤਿ ਸੰਗਤਿ ਪਟਣੇ ਕੀ ਗੁਰੂ ਰਖੈਗਾ ਗੁਰੂ ਗੁਰੂ ਜਪਣਾ ਜਨਮ ਸਉਰੇ ਸੰਗਤਿ ਕਾ ਭਲਾ ਹੋਵੇ ਜਿਨ ਸਿਖ ਵਾਹਗੁਰੂ ਕੀਆ ਹੈ ਸਭਨਾ ਕੇ ਮਨੋਰਥ ਗੁਰੂ ਪੂਰੇ ਕਰੇਗਾ ਪਟਣਾ ਗੁਰੂ ਕਾ ਘਰੁ ਹੈ ਸੰਗਤਿ ਕੀ ਬਹੁੜੀ ਹੋਗੁ ਸੰਗਤਿ ਸੇਵਾ ਗੋਬਿੰਦਦਾਸ ਕੀ ਕਰਤੀ ਹੈ ਤੁਮਾਰੀ ਸੇਵਾ ਸੰਗਤਿ ਕੀ ਗੁਰੂ ਕੀ ਦਰਗਾਹ ਥਾਂਇ ਪੜੇਗੀ ਸੰਗਤ ਕਾ ਭਲਾ ਹੋਗੁ ਜੋ ਪਰੇ ਤੇ ਭਾਈ ! ਰਾਜਾ ਦੇ ਪਾਸ ਤੇ ਡੇਰਾ ਆਇਆ ਹੋਵੇ ਤਾਂ ਭੇਜਣਾ ਇਕ ਸੁਹੇਲੀ, ਤਿਨ ਕਨਾਤਾਂ ਇਕੁ ਸੇਹਤਖਾਨਾ ਖਾਸੇ ਡੇਰੇ ਨੂੰ ਭੇਜਣਾ ਤਿਨ ਕਨਾਤਾਂ ਇਕੁ ਕਲੰਦਰੀ ਰਸੋਇ ਨੋ ਭੇਜਣੀ ਇਕੁ ਰਾਵਟੀ ਪੰਜ ਗਜੀ ਹੋਰ ਭੇਜਣੀ ਅੰਦਰ ਦਾ ਡੇਰਾ ਕਨਾਤਾਂ ਹੋਰ ਸਾਜ ਭਾਈ ਮੱਲੂ ਮਿਹਰੇ ਕੇ ਹਵਾਲੇ ਕਰਣਾ ਗੁਰੂ ਸੰਗਤਿ ਕੀ ਬਾਹੁੜੀ ਕਰੇਗਾ, ਪਟਣਾ ਗੁਰੂ ਕਾ ਘਰ ਹੈ ।

(16) ਗੁਰੂ ਸਤਿ

ਭਾਈ ਦਿਆਲ ਦਾਸ ਭਾਈ ਰਾਮਰਾਇ ਭਾਈ ਦਰਬਾਰੀ ਚੈਨਸੁਖ ਮਿਹਰਚੰਦ ਸੁਭਾਚੰਦ ਡੇਡਮਲ ਭਾਈ ਜੇਠਮਲ ਸਰਬਤਿ ਸੰਗਤਿ ਗੁਰੂ ਬਾਹੁੜੀ ਕਰੈਗਾ ਪੰਜ ਥਾਂਚੇ ਬਾਸਣਾਂ ਮੀਨਾਧੁਰ ਕਿਆਂ ਕੇ...ਅਲਬੇਲੇ ਸੁਰਾਹੀ ਪਿਆਲੇ ਹਛੇ ਕਹਾਰਾਂ ਨੋ ਦੇ ਕੇ ਦਿਲੀ ਭਾਈ ਕਲਿਆਣੇ ਦੀ ਧਰਮਸਾਲਾ ਪਹੁਚਾਵਣੇ ਨਵਾਬ ਸੈਫ ਖਾਂ ਨੋ ਦੇਣੇ ਹਨਿ ਹਛੇ ਬਾਸਣ ਭੇਜਣੇ ਸੰਗਤਿ ਕੀ ਬਾਹੁੜੀ ਹੋਗੁ ਛਿਅ ਰੇਜੇ ਖਾਰਵੇ ਕੇ ਸਉ ਗਜਾ ਕੋਰਾ ਦਹਸੇਰ ਤਣਾਵਾ, ਦਹਸੇਰ ਨਵਾਰ ਭੇਜਣੀ ਧਰਮੇ ਕੀ ਕੁੜਮਾਈ ਕਰਾਇ ਕੇ ਰੁਪਯੇ ਭੇਜਣੇ ।

(ੲ) **ਮਿਰਜ਼ਾਪੁਰ ਸੰਗਤ ਦੇ ਨਾਮ—**

(17) ਗੁਰੂ ਸਤਿ

ਭਾਈ ਬਾਲ ਚੰਦੁ ਭਾਈ ਹਰਕਿਸਨ ਭਾਈ ਚਤਰ ਭੋਜ ਭਾਈ ਲਾਲੁ ਸਰਬਤਿ ਸੰਗਤਿ ਮਿਰਜਾਪੁਰ ਕੀ ਗੁਰੂ ਰਖੈਗਾ ਕਾਰਬਾਰ ਕਰਿ ਕੇ ਸੰਗਤਿ ਭਾਈ ਦਿਆਲ ਦਾਸ ਪਾਸਿ ਭੇਜਣੀ ਹਜੂਰਿ ਪਹੁਚੈਗੀ ਸੰਗਤਿ ਕਾ ਰੁਜਗਾਰ ਹੋਗੁ ਪਿਛੇ ਕਾਰ ਦੀਈ ਥੀ ਸੁ ਪਹੁਚੀ।

(ਸ) **ਪਟਣ ਸੰਗਤ ਦੇ ਨਾਮ—**

(18) ਗੁਰੂ ਰਖੈਗਾ ਭਾਈ ਬਠਾ ! ਸਰਬੱਤਿ ਸੰਗਤਿ ਪਟਣ ਦੀ ਗੁਰੂ ਸੰਗਤਿ ਕੀ ਬਾਹੁੜੀ ਕਰੇਗਾ ਸੰਗਤ ਦਾ ਗੁਰੂ ਰੁਜਗਾਰੁ ਕਰੇਗਾ ਸਭ ਮਨੋਰਥ ਪੂਰੇ ਹੋਨਗੇ ਸਰਬਤਿ ਸੰਗਤਿ ਦੀਵਾਲੀ ਨੋ ਦਰਸਨਿ ਆਵਣਾ ਜੁ ਸਿਖ ਦਰਸਨਿ ਆਵਗੁ ਸੋ ਨਿਹਾਲ ਹੋਗੁ। ਪਟਣ ਦੀ ਸੰਗਤਿ ਸ੍ਰੀ ਗੁਰੂ ਜੀ ਕਾ ਖਾਲਸਾ ਹੈ ਗੁਰੂ ਸਰਬ ਸੁਖ ਦੇਗੁ ਭਾਈ ਬਠਾ ਸ੍ਰੀ ਗੁਰੂ ਜੀ ਕਾ ਪੁਤੁ ਹੈ ਜੁ ਆਖੇ ਸਰਬਤਿ ਸੰਗਤਿ ਮੰਨਣਾ ਬਾਹੁੜੀ ਹੋਗੁ।

ੴ ਸਤਿਗੁਰੂ (ਲਿਖਾਰੀ ਦੀ ਲਿਖਤ)

ਸ੍ਰੀ ਗੁਰੂ ਜੀਉ ਦੀ ਆਗਿਆ ਹੈ ਭਾਈ ਬਠਾ ਸਰਬਤ ਸੰਗਤਿ ਪਟਣ ਦੀ ਗੁਰੂ ਸੰਗਤਿ ਦੀ ਬਾਹੁੜੀ ਕਰੈਗਾ ਸੰਗਤ ਦਾ ਗੁਰੂ ਰੁਜਗਾਰੁ ਕਰੈਗਾ ਸਭ ਮਨੋਰਥ ਪੂਰੇ ਹੋਨਗੇ ਸਰਬਤ ਸੰਗਤਿ ਦੀਵਾਲੀ ਨੋ ਦਰਸਨਿ ਆਵਣਾ ਜੋ ਸਿਖ ਦਰਸਨਿ ਆਵਗੁ ਸੋ ਨਿਹਾਲ ਹੋਗੁ ਪਟਣ ਦੀ ਸੰਗਤਿ ਸ੍ਰੀ ਗੁਰੂ ਜੀਉ ਦਾ ਖਾਲਸਾ ਹੈ ਗੁਰੂ ਸੰਗਤਿ ਨੋ ਸਰਬ ਸੁਖ ਦੇਗੁ ਭਾਈ ਬਠਾ ਸ੍ਰੀ ਗੁਰੂ ਜੀ ਕਾ ਪੁਤੁ ਹੈ ਜੁ ਆਖੈ ਸਰਬਤਿ ਸੰਗਤਿ ਮੰਨਨਾ ਖੁਸੀ ਹੈ।

(19) ਗੁਰੂ ਰਖੈਗਾ ਭਾਈ ਬਠਾ ਸਰਬਤਿ ਸੰਗਤਿ ਗੁਰੂ ਗੁਰੂ ਬਾਹੁੜੀ ਭਾਈ ਬਠਾ ਤੂੰ ਸ੍ਰੀ ਗੁਰੂ ਜੀ ਕਾ ਪੁ(ਤ) ਅਸਹਿੰ ਸਰਬਤਿ ਸੰਗਤਿ ਲੈ ਕੇ ਹਜੂਰਿ ਦਰਸਨਿ ਆਵਣਾ ਭਾਈ ਬਠਾ ਆਖੇ ਸੋ ਸ੍ਰਬਤਿ ਸੰਗਤਿ ਮੰਨਣਾਂ।

ੴ ਸਤਿਗੁਰੂ (ਲਿਖਾਰੀ ਲਿਖਤ)

ਸ੍ਰੀ ਗੁਰੂ ਜੀਉ ਦੀ ਆਗਿਆ ਹੈ ਭਾਈ ਬਠਾ ਸਰਬਤ ਸੰਗਤਿ ਗੁਰੂ

ਸੰਗਤਿ ਦੀ ਬਾਹੁੜੀ ਕਰੇਗਾ ਸੰਗਤਿ ਦਾ ਗੁਰੂ ਰੁਜਗਾਰ ਕਰੇਗਾ ਸਭ ਮਨੋਰਥ ਪੂਰੇ ਹੋਣਗੇ ਭਾਈ ਬਠਾ ਤੂੰ ਸਿਖ ਅਸਹਿ। ਸੰਗਤਿ ਲੈ ਕੇ ਦਰਸਨਿ ਆਵਣਾ ਜੁ ਸਿਖ ਭਾਈ ਬਠੇ ਨਾਲਿ ਦਰਸਨਿ ਆਵਗੁ ਸੋ ਨਿਹਾਲੁ ਹੋਗੁ ਗੁਰੂ ਉਸ ਦੇ ਸਭ ਕੰਮ ਰਾਸਿ ਕਰੇਗਾ ਭਾਈ ਬਠਾ ਸ੍ਰੀ ਗੁਰੂ ਜੀਉ ਦਾ ਪੁਤੁ ਹੈ। ਆਖੈ ਸੁ ਸਰਬਤਿ ਸੰਗਤਿ ਮੰਨਣਾ ਗੁਰੂ ਸੰਗਤਿ ਦੀ ਕਿਰਤਿ ਵਿਚ ਬਰਕਤਿ ਕਰੇਗਾ ਨਿਹਾਲੁ ਹੋਵਹੁਗੇ।

(20) ਗੁਰੂ ਰਖੇਗਾ ਭਾਈ ਬਠਾ ਸਰਬਤਿ ਸੰਗਤਿ ਦਰਸਨਿ ਆਵਣਾ ਜੁ ਆਵੇਗਾ ਸੋ ਨਿਹਾਲ ਹੋਗੁ ਭਾਈ ਬਠਾ ਸ੍ਰੀ ਗੁਰੂ ਜੀ ਕਾ ਪੁਤ ਹੈ, ਆਖੇ ਸੁ ਸੂਬਤਿ ਸੰਗਤਿ ਮੰਨਣਾ ਪਟਣ ਕੀ ਸੂਬਤਿ ਸੰਗਤਿ ਨਿਹਾਲੁ ਹੋਈ।

ੴ ਸਤਿ ਗੁਰੂ (ਲਿਖਾਰੀ ਲਿਖਤ)

ਸ੍ਰੀ ਗੁਰੂ ਜੀਉ ਦੀ ਆਗਿਆ ਹੈ ਭਾਈ ਬਠਾ ਸਰਬਤ ਸੰਗਤਿ ਗੁਰੂ ਸੰਗਤਿ ਕੀ ਬਾਹੁੜੀ ਕਰੈਗਾ ਸੰਗਤ ਕਾ ਗੁਰੂ ਰੁਜਗਾਰ ਕਰੈਗਾ ਸਭ ਮਨੋਰਥ ਪੂਰੇ ਹੋਨਗੇ ਭਾਈ ਬਠਾ ਤੁਸਾਂ ਦਰਸਨਿ ਆਵਣਾ ਜੋ ਸਿਖ ਭਾਈ ਬਠੇ ਨਾਲਿ ਦਰਸਨਿ ਆਵਗੁ ਗੁਰੂ ਓਸ ਦੇ ਸਭ ਕੰਮ ਰਾਸਿ ਕਰੈਗਾ ਭਾਈ ਬਠਾ ਸ੍ਰੀ ਜੀਉ ਦਾ ਪੁਤੁ ਹੈ ਆਖੇ ਸਰਬਤ ਸੰਗਤਿ ਸ੍ਰੀ ਗੁਰੂ ਜੀਉ ਕਾ ਹੁਕਮੁ ਕਰਕੇ ਮੰਨਣਾ ਗੁਰੂ ਸੰਗਤਿ ਕੀ ਕਿਰਤਿ ਵਿਚ ਬਰਕਤਿ ਕਰੈਗਾ ਗੁਰੂ ਸੰਗਤਿ ਕੋ ਸਰਬ ਸੁਖ ਦੇਗੁ ਪਟਣ ਦੀ ਸੰਗਤਿ ਸਭ ਨਿਹਾਲ ਹੋਈ ਸ੍ਰੀ ਗੁਰੂ ਜੀਉ ਦੀ ਤੁਸਾਂ ਉਪਰਿ ਖੁਸ਼ੀ ਹੈ ਗੁਰੂ ਸੰਗਤ ਦਾ ਵਾਧਾ ਕਰੈਗਾ ਦਰਸਨਿ ਆਵਣਾ।

(21) ਗੁਰੂ ਰਖੇਗਾ ਭਾਈ ਬਠਾ ਸਰਬਤਿ ਸੰਗਤਿ ਪਟਣ ਦੀ ਗੁਰੂ ਸੰਗਤਿ ਕੀ ਬਾਹੁੜੀ ਕਰੇਗਾ, ਮਨੋਰਥ ਪੂਰੇ ਕਰੇਗਾ। ਸਰਬਤ ਸੰਗਤ ਪਟਣ ਦੀ ਦਰਸ਼ਨ ਆਵਣਾ ਭਾਈ ਬਠਾ ਨਾਲ ਆਵਗੁ ਨਿਹਾਲ ਹੋਵੇਗਾ ਸਿਖਾਂ ਕੀ ਸੇਵਾ ਕਾ ਵੇਲਾ ਹੈ।

ੴ ਸਤਿ ਗੁਰੂ (ਲਿਖਾਰੀ ਲਿਖਤ)

ਸ੍ਰੀ ਗੁਰੂ ਜੀਉ ਦੀ ਆਗਿਆ ਹੈ ਭਾਈ ਬਠਾ ਸਰਬਤ ਸੰਗਤ ਪਟਣ ਦੀ ਗੁਰੂ ਸੰਗਤਿ ਦੀ ਬਾਹੁੜੀ ਕਰੇਗਾ ਸੰਗਤਿ ਦਾ ਗੁਰੂ ਰੁਜਗਾਰ ਕਰੈਗਾ ਸਭ ਮਨੋਰਥ

ਪੂਰੇ ਹੋਨਗੇ। ਭਾਈ ਬਠਾ ਤੂ ਸ੍ਰੀ ਗੁਰੂ ਕਾ ਪੁਤੁ ਅਸਹਿ ਸਰਬਤ ਸੰਗਤਿ ਪਟਣ ਦੀ ਲੈ ਕੇ ਦਰਸਨਿ ਆਵਣਾ ਜੋ ਸਿਖ ਭਾਈ ਬਠੇ ਨਾਲਿ ਦਰਸ਼ਨ ਆਵਗੁ ਸੋ ਨਿਹਾਲ ਹੋਗੁ। ਸਿਖਾਂ ਪੁਤਾਂ ਦੀ ਸੇਵਾ ਦਾ ਵੇਲਾ ਹੈ। ਜੇਹਾ ਲੋਚਹੁਗੇ ਤੇਹਾ ਸੰਗਤਿ ਦਾ ਰਿਜਕ ਵਧੈਗੁ ਸ੍ਰੀ ਗੁਰੂ ਜੀਉ ਦੀ ਖੁਸ਼ੀ ਹੈ, ਗੁਰੂ ਸੰਗਤਿ ਨੋ ਸਰਬ ਸੁਖ ਦੇਗੁ ਖੁਸ਼ੀ ਹੋਈ।

(22) ਗੁਰੂ ਰਖੇਗਾ ਭਾਈ ਬਠਾ ਸਰਬਤਿ ਸੰਗਤਿ ਦਰਸ਼ਨ ਆਵਣਾ ਜੋ ਆਵਗੁ ਸੋ ਨਿਹਾਲ ਹੋਗੁ ਭਾਈ ਬਠਾ ਸ੍ਰੀ ਗੁਰੂ ਜੀ ਕਾ ਪੁਤੁ ਹੈ ਜੋ ਆਖੇ ਸੋ ਸੰਗਤਿ ਮੰਨਣਾ।

(23) ਭਾਈ ਬਠਾ ਸਰਬਤ ਸੰਗਤਿ ਆਵਣਾ ਜੁ ਆਵਗੁ ਨਿਹਾਲ ਹੋਗੁ ਭਾਈ ਬਠਾ ਸ੍ਰੀ ਗੁਰੂ ਜੀਉ ਕਾ ਪੁਤੁ ਹੈ ਜੁ ਆਖੈ ਸੋ ਸੰਗਤਿ ਮੰਨਣਾ, ਗੁਰੂ ਲਾਹਾ ਦੇਗੁ।

ਭਾਈ ਮੱਲੇ ਤੇ ਭਾਈ ਬਾਘੇ ਦੇ ਨਾਮ—

(24) ਗੁਰੂ ਰਖੇਗਾ, ਸਰਕਾਰ ਦੀ ਖਚਰ
ਜਾਣੀ ਪਾਵੈ ਨਾਹੀ ਮੁਜਰਾ ਹੋਗੁ। (ਗੁਰੂ-ਲਿਖਤ)

ੴ ਸਤਿ ਗੁਰੂ (ਲਿਖਾਰੀ-ਲਿਖਤ)

ਸ੍ਰੀ ਗੁਰੂ ਜੀਉ ਕੀ ਆਗਿਆ ਹੈ, ਭਾਈ ਮੱਲਾ ਭਾਈ ਬਾਘਾ ਸ੍ਰਬਤਿ ਸੰਗਤਿ ਗੁਰੂ ਬਾਹੁੜੀ ਕਰੈਗਾ ਸਭ ਮਨੋਰਥ ਪੂਰੇ ਹੋਨਗੁ। ਭਾਈ ਬਾਘਾ ਭਾਈ ਮੱਲਾ ਸਰਕਾਰ ਦੀ ਖਚਰ ਅਰ ਬੈਲ 2 ਚੋਰ ਧਰਦੇਆਂ ਦੇ ਚੁਰਾਏ ਜਮਾਲਪੁਰ ਤੇ ਸੋ ਤੁਸਾਂ ਨੋ ਆਗੈ ਭੀ ਜ਼ਾਹਰ ਹੈ ਸੋ ਖ਼ਰਚ ਬਕਾਲੇ ਵਿਚਿ ਧਰਦੇਆਂ ਲੇ ਹੈ ਅਰ ਬੈਲ ਚੋਰਟਿਆਂ ਤੇ ਅਗੈ ਖੋਹੇ ਹੈਨਿ ਤੁਸਾਡਾ ਮੁਜਰਾ ਹੈ, ਖਚਰ ਭੇਜਾਵਣੀ ਜਾਣਾ ਪਾਵੈ ਨਾਹੀ, ਗੁਰੂ ਸੰਗਤ ਕਾ ਵਾਧਾ ਕਰੈਗਾ ਤੁਸਾਡੇ ਮੁਜਰੇ ਦੀ ਵੇਲਾ ਹੈ ਮੇਰੀ ਤੁਸਾਂ ਉਪਰਿ ਖਰੀ ਖੁਸ਼ੀ ਹੈ।

—

੯

ਗੁਰੂ ਤੇਗ ਬਹਾਦਰ—ਇਤਿਹਾਸਕਾਰਾਂ ਦੀ ਨਜ਼ਰ ਵਿਚ

ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਮਹਾਨ ਸ਼ਖਸੀਅਤ ਤੇ ਲਾਸਾਨੀ ਕੁਰਬਾਨੀ ਬਾਰੇ ਜੋ ਵਿਚਾਰ ਸਾਡੇ ਇਤਿਹਾਸਕਾਰਾਂ ਦਿਤੇ ਹਨ, ਉਨ੍ਹਾਂ ਵਿਚੋਂ ਕੁਝ ਕੁ ਚੋਣਵੇਂ ਇਥੇ ਦਰਜ ਕੀਤੇ ਜਾ ਰਹੇ ਹਨ ਤਾਂ ਕਿ ਉਨ੍ਹਾਂ ਦੀ ਸ਼ਹਾਦਤ ਨੂੰ ਸਮਝਣ ਵਿਚ ਲੋੜੀਂਦੀ ਸੋਝੀ ਤੇ ਸਹਾਇਤਾ ਮਿਲ ਸਕੇ ।

(1) ਗੁਰੂ ਗੋਬਿੰਦ ਸਿੰਘ—

ਤਿਲਕ ਜੰਞੂ ਰਾਖਾ ਪ੍ਰਭ ਤਾਂਕਾ । ਕੀਨੋ ਬਡੋ ਕਲੂ ਮਹਿ ਸਾਕਾ
ਸਾਧਨ ਹੇਤ ਇਤੀ ਜਿਨ ਕਰੀ । ਸੀਸ ਦੀਆ ਪਰ ਸੀ ਨ ਉਚਰੀ । 13 ।
ਧਰਮ ਹੇਤ ਸਾਕਾ ਜਿਨ ਕੀਆ । ਸੀਸ ਦੀਆ ਪਰ ਸਿਰਰੁ ਨ ਦੀਆ
ਨਾਟਕ ਚੇਟਕ ਕੀਏ ਕੁਕਾਜਾ । ਪ੍ਰਭ ਲੋਗਨ ਕਹੁ ਆਵਤ ਲਾਜਾ । 14 ।

ਦੋਹਰਾ

ਠੀਕਰ ਫੋਰਿ ਦਿਲੀਸਿ ਸਿਰ, ਪ੍ਰਭੁ ਪੁਰਿ ਕੀਆ ਪਯਾਨ
ਤੇਗ ਬਹਾਦਰ ਸੀ ਕ੍ਰਿਆ, ਕਰੀ ਨ ਕਿਨਹੂੰ ਆਨ । 15 ।

ਤੇਗ ਬਹਾਦਰ ਕੇ ਚਲਤ, ਭਯੋ ਜਗਤ ਕੋ ਸ਼ੋਕ
ਹੈ ਹੈ ਹੈ ਸਭ ਜਗ ਭਯੋ, ਜੈ ਜੈ ਜੈ ਸੁਰ ਲੋਕ । 16 ।

[ਬਚਿਤ੍ਰ ਨਾਟਕ, ਅਧਿਆਇ 5

(2) ਕੇਸੋ ਭੱਟ—

ਚਿਤ ਚਰਣ ਕੰਵਲ ਕਾ ਆਸਰਾ, ਚਿਤ ਚਰਣ ਕੰਵਲ ਸੰਗਿ ਜੋੜੀਐ
ਮਨ ਲੋਚਹਿ ਬੁਰਿਆਈਆਂ, ਗੁਰਸ਼ਬਦੀਂ ਇਹ ਮਨ ਹੋੜੀਐ
ਬਾਂਹਿ ਜਿਨਾਂ ਦੀ ਪਕੜੀਏ, ਸਿਰ ਦੀਜੈ ਬਾਂਹਿ ਨ ਛੋੜੀਐ
ਗੁਰ ਤੇਗ ਬਹਾਦਰ ਬੋਲਿਆ, ਧਰ ਪਈਏ ਧਰਮ ਨ ਛੋੜੀਐ ।

(3) ਕਵੀ ਲੱਖਣ ਰਾਇ—

ਚਕ੍ਰਿਤ ਸ਼ੇਸ਼ ਸ਼ਿਵਾਦਿ ਰਹੈਂ ਹੁਇ, ਚਤੁਰਾਨਨ ਵੀਚਾਰ ਨ ਪਾਵਤ
ਨਿਗਮ ਬੀਚਾਰ ਕਰਹਿ ਨਿਸ ਬਾਸਰ, ਸੁਕ ਬਿਆਸ ਸਭੇਸੁ ਕਥਾਹਿ ਸੁਨਾਵਤ
ਨਾਰਦ ਸ਼ੁਕ੍ਰ ਸਨਾਤਨ ਮੁਨਿ ਜਨਿ, ਸਿੱਧ ਤਪੀਸ਼ਰ ਅੰਤ ਨ ਪਾਵਤ
ਸੋ ਗੁਰੂ ਤੇਗ ਬਹਾਦਰ ਜਗ ਮਾਂਹਿਂ ਪ੍ਰਗਟ ਪ੍ਰਤੱਖ ਦਰਸ ਦਿਖਲਾਵਤ । 1 ।
ਦੋਹਰਾ—ਜੋ ਤਾਂਕੀ ਸ਼ਰਣੀ ਪਏ, ਜਗ ਤੇ ਲੀਏ ਛੁਡਾਇ ।
ਤੇਗ ਬਹਾਦਰ ਸੇ ਗੁਰੂ, ਰਹਯੋ ਤਾਸ ਗੁਨ ਗਾਇ । 2 ।

[ਹਿਤੋਪਦੇਸ਼
(1680 ਈ., ਹੱਥ-ਲਿਖਤ ਖਰੜਾ ਭਾਸ਼ਾ ਵਿਭਾਗ

(4) ਭਾਈ ਨੰਦ ਲਾਲ—

ਗੁਰੂ ਤੇਗ ਬਹਾਦਰ ਆਂ ਸਰਾ ਪਾ ਅਫਜ਼ਾਲ
ਜ਼ੀਨਤ ਆਰਾਇ ਮਹਫਲਿ ਜਾਹੋ ਜਲਾਲ ।
ਅਨਵਾਇ ਹੱਕ ਅਜ਼ ਵਜੂਦਿ ਪਾਕਿਸ਼ ਰੌਸ਼ਨ
ਹਰ ਦੁਆਲਮ ਜ਼ਿ ਫੈਜ਼ਿ ਫਜ਼ਲਸ਼ ਰੌਸ਼ਨ ।

*ਊਨਾ ਨਿਵਾਸੀ ਚਾਂਗਰੇ ਰਾਜਪੂਤ, ਲੱਖਣ ਰਾਇ ਤੇ ਭੋਜਰਾਜ ਦਸਮੇਸ਼ ਜੀ ਦੇ ਦਰਬਾਰੀ ਕਵੀ ਸਨ । ਲੱਖਣ ਨੇ 1680 ਈ. ਵਿਚ 'ਹਿਤੋਪਦੇਸ਼' ਲਿਖਿਆ ਸੀ।

ਹਕ ਅਜ਼ ਹਮਾ ਬਰਗੁਜ਼ੀਦਗਾਂ ਬਰਗੁਜ਼ੀਦਸ਼
ਤਸਲੀਮੋ ਰਜ਼ਾ ਹਾ, ਨਿਕੋ ਸੰਜੀਦਸ਼ ।
ਬਰ ਹਰ ਮੁਕਬਲ ਕਬੂਲਿ ਖੁਦ ਅਫਜ਼ੂਦਸ਼
ਮਸਜੂਦੁਲ ਆਲਮੀਂ ਜ਼ਿ ਫਜ਼ਲਿ ਖ਼ੁਦ ਫਰਮੂਦਸ਼ ।
ਦਸਤਿ ਹਮਾਂਗਾਂ ਬਜ਼ੈਲਿ ਅਫਜ਼ਾਲਿ ਊ
ਬਰਸਰਿ ਅਨਵਾਰਿ ਇਲਮ ਹੱਕ ਕਾਲਿ ਊ । [ਗੰਜਨਾਮਾ

ਗੁਰੂ ਤੇਗ ਬਹਾਦਰ ਸਿਰ ਤੋਂ ਪੈਰਾਂ ਤਕ ਉੱਚਤਾ ਦਾ ਮਾਲਕ ਹੈ । ਉਸ ਦੀ ਸ਼ਾਨ ਤੇ ਪ੍ਰਭੁਤਾ ਸੰਗਤ ਦੀ ਰੌਣਕ ਵਧਾਉਣ ਵਾਲੀ ਹੈ, ਉਸਦੀ ਪਾਕ ਹਸਤੀ ਤੋਂ ਸੱਚ ਦਾ ਪ੍ਰਕਾਸ਼ ਹੁੰਦਾ ਤੇ ਦੋਵੇਂ ਦੁਨੀਆਂ ਉਸਦੀ ਕ੍ਰਿਪਾ ਨਾਲ ਰੌਸ਼ਨ ਹਨ : ਪਰਮੇਸ਼ਰ ਨੇ ਉਸ ਨੂੰ ਬਜ਼ੁਰਗਾਂ ਵਿਚੋਂ ਬਜ਼ੁਰਗ ਬਣਾਇਆ, ਜਿਸਨੇ ਉਸਦੇ ਭਾਣੇ ਨੂੰ ਮਿਠਾ ਕਰਕੇ ਮੰਨਿਆ, ਉਸ ਦੀ ਪਦਵੀ ਵੱਡੀ ਕੀਤੀ ਤੇ ਦੋਹਾਂ ਜਹਾਨਾਂ ਦਾ ਪੂਜਯ ਬਣਾਇਆ । ਸਭ ਦੀ ਝਾਕ ਉਸਦੀਆਂ ਮੇਹਰਾਂ ਵਲ ਹੈ, ਉਸਦੀ ਬਾਣੀ ਇਲਮਾਂ ਦੇ ਚਾਨਣ ਤੋਂ ਕਿਤੇ ਉਚੇਰੀ ਹੈ ।

(5) ਭਾਈ ਸੇਵਾ ਦਾਸ—

'ਬਾਦਸ਼ਾਹ ਕਉ ਮੰਤ੍ਰੀਆਂ ਕਿਹਾ, 'ਜੋ ਪਾਤਸ਼ਾਹ ਸਲਾਮਤ ! ਇਹ ਕੰਮ ਬਹੁਤ ਭਲਾ ਹੋਆ ਜੋ ਹਿੰਦੂਆਂ ਦਾ ਪੀਰ ਗੁਰੂ ਤੇਗ ਬਹਾਦਰ ਹਾਥਿ ਆਇਆ ਹੈ ਜਬ ਤੁਮ ਇਨ ਕੋ ਅਪਨਾ ਮਜ਼ਬ ਕਬੂਲ ਕਰਵਾਇਆ ਤਬ ਲਾਖ ਹੀ ਹਿੰਦੂ ਇਸ ਕਉ ਦੇਖ ਕਰਿ ਆਪ ਤੇ ਆਪ ਆਇ ਕਰਿ ਮਜ਼ਬ ਕਬੂਲ ਕਰਹਿੰਗੇ । ਫਿਰ ਬਾਦਸ਼ਾਹ ਕਹਿਆ ਜੁ ਅਬ ਭੀ ਹਮਾਰਾ ਮਜ਼ਬ ਕਬੂਲ ਨ ਕਰੇਗਾ, ਖੁਦਾਇ ਸਾਹਿਬ ਬਾਕ ਕੈ ਮੇਰੇ ਹਾਥਿ ਆਨਿ ਪਕੜਿਆ ਹੈ ।

ਤਾਂ ਗੁਰੂ ਜੀ ਕੇ ਸਰੀਰ ਕਉ ਤੁਰਕ ਲਗੇ ਤਾੜਨਾ ਕਰਨ ਪਰ ਬਹੁਤ ਬੁਰੀ ਤਾੜਨਾ ਕਰਹਿ, ਉਹ ਤਾੜਨਾ ਕਹਿਣ ਮਹਿ ਨਹੀਂ ਆਵਤੀ । ਉਹ ਤਾੜਨਾ ਸਹਿਣਾ ਗੁਰੂ ਜੀ ਹੀ ਕਾ ਕਾਮ ਰਾ । ਅਵਰ ਕਿਸੀ ਜੀਵ ਦਸ਼ਾ ਵਾਲੇ ਕਉ ਐਸੀ ਤਾੜਨਾ ਹੋਤੀ ਤਬ ਏਕ ਪਲਕ ਮਹਿ ਜੋ ਕੁਝ ਮਨਾਵਤੇ ਸੋ ਮਾਨ ਲੇਤਾ ।

...ਤੁਰਕ ਬਹੁਤ ਹੀ ਝਖ ਮਾਰਿ ਥਕੇ ਸਰਬ ਪ੍ਰਕਾਰ ਪਰ ਗੁਰੂ ਬਾਬਾ ਐਸਾ ਅਚਲ ਅਡੋਲ ਰਹਿਆ ਜੈਸੇ ਸੁਮੇਰ ਪਰਬਤ ਆਂਧੀ ਕੇ ਆਗੇ ਅਚੱਲ ਅਡੋਲ ਰਹਿਤਾ ਹੈ । [ਪਰਚੀ ਪਾਤਸ਼ਾਹੀ ਦਸਵੀਂ ਕੀ, 1741 ਈ.

(6) ਭਾਈ ਕੁਇਰ ਸਿੰਘ ਕਲਾਲ—

ਪੁਨਿ ਬੈਨ ਕਹੇ ਤਬ ਅਉਰੰਗ ਨੇ, 'ਤੁਮ ਦੇਹੁ' ਦਿਖਾਹਿ ਜੁ ਕੁਦਰਤਿ ਸਾਰੀ
ਹੈ ਕਰਾਮਾਤ ਸੁ ਦੇਹ ਦਿਖਾਵ, ਤਬੈ ਗੁਰ ਯੋਂ ਕਰਿ ਬੈਨ ਉਚਾਰੀ ।
'ਕਰਾਮਾਤ ਸਹੀ ਪ੍ਰਭੁ ਕੇ ਢਿਗ ਹੈ, ਹਮ ਤੋਂ ਇਨ ਦਾਸਨ ਦਾਸ ਪ੍ਰਕਾਰੀ
ਕੁਦਰਤ ਜ਼ਾਹਰ ਹੈ ਤਿਨ ਕੀ, ਨਹਿੰ ਜਾਨਤ ਜੇ ਸੋਈ ਮੰਦ ਲਿਖਾਰੀ ।46।
ਬਿਨ ਯੂਪ ਅਕਾਸ਼ ਬਿਰਾਜਤ ਹੈ, ਸਸਿ ਸੂਰ ਫਿਰੈ ਨਿਸ ਨਾਹਿ ਕਿਨਾਰੀ
ਬਾਤ ਰੁ ਅਗਨਿ ਰੁ ਭੂਮਿ ਬਿਰਾਜਤ ਅਰ ਤਾਂ ਕਰ ਸ੍ਰਿਸਟਿ ਰਚੀ ਸਭ ਸਾਰੀ
ਕੁਦਰਤ ਪੇਖ ਲਹਯੋ ਸੁਖ ਮੂਸੇ ਨੇ, ਸਹਤ ਕੋਹਤੂਰ ਜਰਯੋ ਰਛਧਾਰੀ ।
ਔ ਮਨਸੂਰ ਲਖਯੋ ਸੁ ਸਿਕੰਦਰ, ਆਬਿਹਯਾਤ ਤਜਯੋ ਕਰ ਧਾਰੀ ।47।......

ਭੁਜੰਗ ਛੰਦ

ਸੁਨੇ ਬੈਨ ਕੋਪਾ ਕਹੈ ਬੈਨ ਐਸੇ । ਕਿਤੇ ਕਾਫਰੰ ਜਾਨੀਐ ਦੀਨ ਮੈਂ ਸੇ
ਕਹੋ ਸਾਚ ਬਾਨੀ ਤੁਮੈ ਨਾਹਿ ਮਾਰੋ । ਕਹੈ ਸ੍ਰੀ ਗੁਰੂ ਐਸ ਭਾਂਤੰ ਬਿਚਾਰੋ ।49।
ਮਨੰ ਕਾਫਰੰ ਤੋਹ ਕੋ ਐਸ ਜਾਨੈ । ਨਿਜੰ ਸੀਵ ਤੇ ਜੀਵ ਦੂਜੋ ਪਛਾਨੈ
ਤਨੰ ਕਾਫਰੰ ਤੋਰ ਕੇ ਐਸ ਹੋਈ । ਸਭੈ ਪੰਚ ਤੱਤੰ ਸੁ ਤੁਰਕੰ ਸਮੋਈ ।50।
ਪੂਰੇ ਜਾਨ ਹਿੰਦੂ ਪਛੇ ਤੁਰਕ ਮਾਨੇ । ਸਮਝਤ ਲਖੋ ਕ੍ਰਿਤ ਕੋ ਸਾਚ ਜਾਨੇ
ਕ੍ਰਿਤੰ ਕਾਫਰੰ ਤੋਂਹ ਕੋ ਐਸੀ ਦੇਹੀ । ਸਭੈ ਅੰਗ ਪੇਖੇ ਹਰੀ ਸੋਭ ਲੇਹੀ ।51।
ਕਰੋ ਸਾਥ ਲਿੰਗੰ ਸੁਭੰਗੰ ਬਨਾਈ । ਤੁਮੈ ਨਾਹਿ ਹਿੰਦੂ ਤੁਮੈ ਤੁਰਕ ਭਾਈ
ਤਨੰ ਐ ਮਨੰ ਕ੍ਰਿਤ ਤੀਹੀ ਪ੍ਰਕਾਰੰ । ਤੁਮੈ ਕਾਫਰੰ ਜਾਨ ਕਿਉਂ ਦੀਨ ਧਾਰੰ ।52।
ਕਰਾਮਾਤ ਚਾਹੋ ਸ਼ਰੀਕੀ ਖੁਦਾਈ । ਨਹੀ ਹੋਇਗੀ ਕੋਟ ਕੀਚੈ ਉਪਾਈ
ਤਬੈ ਕੋਪ ਸੋ ਜਾਤ ਨੀਚੰਤ ਸੋਈ । ਤਿਸੈਂ ਭਾਖਨੇ ਤੇ ਗੁਰੂ ਦੂਖ ਦੇਹੀ । 53 ।

'ਸਾਹਿਬ ਏਕ ਲਖੋ ਮੈਂ', ਤਬ ਕਾ ਹਿਤ ਹਿੰਦੁਨ ਤੁਰਕ ਬਨਾਏ
ਸਾਰੇ ਹੀ ਦੇਸ ਮੈਂ ਹੋਤ ਕੁਲਾਹਲ, ਰੋਦਤ ਤੋਰਕੇ ਕਰਮ ਤਜਾਏ
ਕਸ਼ਮੀਰ ਪਿਸ਼ੌਰ ਨਬੈ ਦੁਖ ਪੂਰਨ, ਤੋਰ ਸਵਾ ਮਣ ਤੱਗ ਪਰਾਏ
ਨੀਰ ਲਹੈਂ ਦੁਖ ਨਰਕ ਘਨੇ, ਤੁਮ ਜਾਹੁ ਰੇ ਨੈਨ ਪਰੇ ਦੁਖ ਪਾਏ । 70 ।
ਏਕ ਹੀ ਜੰਤਨ ਕੇ ਦੁਖ ਤੇ ਅਤਿ ਸਾਹਿਬ ਦੂਖ ਲਹੈ ਜਗ ਜਾਨੀ
ਤੋ ਅਧਿਕਾਰ ਨਹੀਂ ਮਤਿ ਨੀਚ ਸੁ ਤਾਤ ਹਨਯੋ ਤਹਿਂ ਲੀ ਰਾਜਧਾਨੀ
ਸੰਤ ਤਜੈ ਤ੍ਰਈ ਲੋਕਨ ਰਾਜ, ਸੁ ਮੱਧਹ ਹੋਵਤ ਪਾਪ ਮਹਾਨੀ
ਰੌਰਵ ਨਰਕ ਪਰੈਂ ਨਰ ਸੋ, ਪਿਤ ਮਾਤ ਹਨੈ ਭੁਗ ਭੋਗ ਪ੍ਰਮਾਨੀ । 71 ।
[ਗੁਰਬਿਲਾਸ ਪਾ. 10 (1751 ਈ.)

(7) ਭਾਈ ਕੇਸਰਸਿੰਘ ਛਿੱਬਰ—

ਔਰੰਗੇ ਪੀਰ ਫਕੀਰ ਸਭ ਪਕੜ ਕੀਤੇ ਕੈਦ
ਕਹੇ, 'ਮੈਂ ਨੇ ਭਾਈ ਬਾਪ ਭਤੀਜੇ ਮਾਰੇ ਕੀਤੇ ਸਾਈਂ ਦੇ ਪੈਦ । 56 ।
ਸੋ ਸਾਈਂ ਪਾਸਹੁੰ ਮੇਰਾ ਗੁਨਾਹ ਤੁਮ ਬਖਸ਼ਾਹੋ
ਸਭ ਤੁਮ ਸਾਈਂ ਦੇ ਨਜ਼ੀਕੀ, ਸਾਈਂ ਦੀ ਜ਼ਾਤ ਸਦਵਾਓ
ਸੋ ਸਾਈਂ ਪਾਸੋਂ ਕਉਨ ਬਖਸ਼ਾਏ
ਅਜੇਹਾ ਕਉਣ ਹੈ, ਸਾਈਂ ਨੂੰ ਆਖਣ ਜਾਏ । 57 ।
ਇਕ ਪੀਰ ਸੱਯਦ ਨੱਠਾ ਪਹਾੜੀਂ ਚੜ੍ਹਿ ਗਇਆ
ਤਿਸ ਨੂੰ ਅਉਰੰਗੇ ਭੇਜਿ ਆਦਮੀ ਪਕੜਾਵਤ ਭਇਆ
ਤਿਸ ਨਾਲ ਖਤ੍ਰੀ ਪੁਰੀ ਸਾਕ ਸਾਹੀਆਂ ਦਾ
ਸੋ ਦੁਸ਼ਮਨ ਚਉਥੀ ਪੰਜਵੀਂ ਦੁਹਾਂ ਪਾਤਸ਼ਾਹੀਆਂ ਦਾ । 58 ।
ਤਿਸ ਖਤ੍ਰੀ ਮਨਸੂਬਾ ਇਕ ਗਿਣ ਉਸ ਪੀਰ ਨੂੰ ਸਮਝਾਇਆ
ਕਹੇ ਜੀ ਇਕ ਮਨਸੂਬਾ ਮੇਰੇ ਮਨ ਹੈ ਆਇਆ—
ਜੇ ਗਇਆ ਛਬ ਤਾਂ ਤੁਸੀਂ ਆਪ ਭੀ ਅਤੇ ਨਾਲੇ ਸਭੇ ਛੁੜਾਉ
ਏਹੁ ਤਗਾਦਾ ਤੁਸੀਂ ਹੋਰਥੇ ਪਾਉ । 59 ।

ਤੁਸੀਂ ਕਹੋ ਜੋ ਬੰਦਗੀ ਕਰੇ ਸੋਈ ਪਰਵਾਨ
ਜਿਹਾ ਹਿੰਦੂ ਤੇਹਾ ਮੁਸਲਮਾਨ
ਉਏ ਬੰਦਗੀ ਵਾਲਾ ਹੈ ਮੁਸਲਮਾਨ
ਸੋ ਅਜ ਉਥੇ ਬੰਦਗੀ ਨਾਨਕਸ਼ਾਹੀ ਹੈ ਸੁਲਤਾਨ । 61 ।
ਅਸੀਂ ਪੀਰ ਫਕੀਰ ਸਭੋ ਜੁੰਮੇ ਦੇ ਰੋਜ਼ ਸਾਈਂ ਪਾਸ ਜਾਂਦੇ
ਸੋ ਬੰਦਗੀ ਕਬੂਲਨ ਕਬੂਲਦੇ ਸੁਖਨ ਨਾਨਕਸ਼ਾਹ ਹੈਨ ਕਹਾਂਦੇ
ਅਜ ਜੁ ਕੁਝ ਆਖਨ ਨਾਨਕਸ਼ਾਹੀ ਸੋਈ ਹੋਵੈ
ਉਹੁ ਬਖਸ਼ਾਇਨਿ ਤਾਂ ਬਖਸ਼ ਖੜੋਵੈ । 62 ।
ਤੈਸੇ ਹੀ ਤਿਨ ਬਾਦਸ਼ਾਹ ਨੂੰ ਜਾਇ ਕਹਿਆ
ਸੁਣਦੇ ਹੀ ਬਾਦਸ਼ਾਹ ਸਭ ਕੀਏ ਖਲਾਸ
ਧਿਆਨ ਨਾਨਕਸ਼ਾਹ ਵਲ ਹੋਇ ਰਹਿਆ ।
ਸੱਦਿ ਹਿੰਦੂ ਮੁਸੱਦੀ ਪੁੱਛਣਾ ਕੀਆ—
'ਨਾਨਕ ਸ਼ਾਹ ਮੂਆ ਹੈ ਕਿ ਹੈ ਅਬ ਜੀਆ ? । 63 ।
ਸਭਨਾਂ ਕਹਿਆ, 'ਜੀ ਵਹ ਤੋ ਚਿਰੋਕੇ ਹੱਕ ਭਏ,
'ਅਰੇ ਉਨਕਾ ਕੋਈ ਅਬ ਹੈ ਜੀਤਾ ?
ਸਭਨਾਂ ਕਹਿਆ ਜੀ, 'ਤੇਗ ਬਹਾਦਰ ਨਾਨਕਸ਼ਾਹੀ ਗਾਦੀ ਕਾ ਹੈ
ਵਾਰਸ ਕੀਤਾ ।' 64 ।

* * * *

ਤੁਰਕ ਕਹਿਆ-ਮੈਂ ਬਡਾ ਜ਼ੁਲਮ ਕੀਤਾ ਹੈ ਅਨੀਤਾ
ਭਾਈ ਬਾਪਿ ਭਤੀਜੇ ਮਾਰੇ । ਕਾਰਨ ਪਾਤਸ਼ਾਹੀ ਰਾਜ ਹੰਕਾਰੇ
ਮੈਂ ਕੀਤੇ ਹੈਨ ਖੂਨ ਸੋ ਯਹ ਦੇਹੁ ਬਖਸ਼ਾਇ ।
ਜੇ ਤੂੰ ਪੀਰ ਫਕੀਰ ਸਾਈਂ ਲੋਕ ਅਖਾਇ । 81 ।
ਨ ਬਖਸ਼ਾਏਂ ਤੇਰੀ ਪਹੁੰਚ ਹੈ ਨਾਹੀ
ਤਾਂ ਘਰਿ ਆਉ ਦੀਨ ਕੇ ਮਾਹੀ ।

ਯਹ ਦੋਨੋ ਬਾਤ ਨ ਕਰੈਂ ਤਉ ਕੁਝ ਅਜ਼ਮਤ ਦਿਖਾਉ
ਯਹ ਭੀ ਨ ਕਰੈਂ ਤਉ ਸੀਸ ਕਟਾਉ । 82 ।
ਬਚਨ ਕੀਤਾ, 'ਜੋ ਅਪਨੇ ਘਰਿ ਰਹੈ ਸੋ ਦੀਨ ਕਹਾਵੈ
ਦੂਜੇ ਘਰਿ ਜਾਵੈ ਸੋ ਬੇਦੀਨੁ ਅਖਾਵੈ
ਅਜ਼ਮਤ ਹੈ ਕ਼ਹਰ ਫਕੀਰ ਨਹੀਂ ਦੱਸੈ ।
ਸਾਈਂ ਖੜਾ ਸਿਰ ਉਪਰਿ ਹੱਸੈ । 83 ।
ਸੀਸ ਹੈ ਸੁਫਨਾ ਇਸ ਅੰਤ ਹੈ ਜਾਣਾ ।
ਰਜ਼ਾਇ ਸਾਈਂ ਦੀ ਸੀਸ ਪਰ ਜੋ ਹੋਵੈ ਉਸ ਦਾ ਭਾਣਾ ।
ਬਖਸ਼ਨ ਵਾਲਾ ਹੈ ਸਾਈਂ ਸੋ ਸਭਨਾਂ ਨੂੰ ਬਖਸ਼ੇ
ਉਥੇ ਜ਼ੋਰ ਤਕੱਬਰ ਖੁਦੀ ਨ ਪਹੁੰਚੇ ਕੋਈ ਸੁਖਨ ਨ ਕਹੇ ਹੱਸ ਕੇ । 84 ।

[ਬੰਸਾਵਲੀਨਾਮਾ, ਨੌਵਾਂ ਚਰਣ (1769 ਈ.)

(8) **ਬਾਵਾ ਸਰੂਪ ਚੰਦ ਭੱਲਾ—**

ਸਤਿਗੁਰ ਧਰਮ ਅਖੰਡ ਅਧਰਮ ਕੇ ਖੰਡਨਹਾਰੇ
ਜੈਸੇ ਜਲ ਮੇਂ ਕਮਲ ਦੇਹ ਮਹਿ ਰਹੈ ਨਿਆਰੇ
ਯਹ ਬਿਧਿ ਜਾਨੀ ਦਿਆਲ, ਬਹੁਰਿ ਮਨ ਮਾਹਿ ਬਿਚਾਰਾ
ਜੋ ਕਰਨਾ ਹੁਤੋ ਚਰਿਤ੍ਰ ਸੋਈ ਨਿਜ ਮਤਿ ਮਨ ਧਾਰਾ...। 15 ।
ਤਬ ਕੀਨ ਵਿਚਾਰ ਦਿਆਲ, ਧਰਮ ਹਿਤ ਕਾਰਜ ਕੀਜੈ
ਤੁਰਕ ਤੇਜ ਤਬ ਘਟੈ ਜਬ ਸੀਸ ਧਰਮ ਪਰ ਦੀਜੈ ।
ਧਰਮ ਰੱਛਿਆ ਕੇ ਹੇਤ ਜਨਮ ਜਗ ਮੋ ਹਮ ਧਾਰਾ
ਨਾਟਕ ਚੇਟਕ ਕਰਾਮਾਤ ਨਹੀਂ ਸੰਤ-ਅਚਾਰਾ ।
ਅਬ ਧਰਮ ਹੇਤ ਸਿਰ ਦੀਜੈ ਸਿਰਰ ਪ੍ਰਗਟ ਨਹੀਂ ਹੋਇ
ਹੋ ਜਬ ਹੋਇ ਅਨੀਤ ਤਪ ਤੇਜ ਹਤ, ਬਰ ਮਿਲੇ ਜੁ ਦੀਨਾ ਸੋਇ । 16 ।

ਮਕਰਾ ਛੰਦ

ਕੀਆ ਧਰਮ ਹੇਤ ਸਾਕਾ । ਜੰਞੂ ਤਿਲਕ ਦੀ ਰਾਖਾ
ਜਸ ਸੰਤ ਬੇਦ ਭਾਖਾ, ਜੈ ਜੈ ਜਗਤ੍ਰ ਗਾਇਆ । 34 ।

ਭਇਆ ਉਦਕ ਹੇਮ ਓਰਾ । ਮਹਿਮਾ ਕਛੁ ਨ ਥੋਰਾ
ਜਬ ਗਿਆਨ ਰਵਿ ਪ੍ਰਕਾਸ਼ਾ, ਢੂਲ ਗੰਗ ਜਲ ਸਮਾਇਆ । 36 ।
ਭਇਆ ਸ਼ਬਦ ਸੁਨਤ ਛੀਨਾ । ਪ੍ਰਕਿਰਤਿ ਪੁਰਖ ਲੀਨਾ
ਅੰਜਨ ਭਇਆ ਨਿਰੰਜਨ, ਅਸਚਰਜ ਜਗ ਦਿਖਾਇਆ । 37 ।
ਕੋ ਗੀਤ ਅਮਿਤ ਕੋ ਪਾਵੈ । ਕਿਆ ਅਕਥ ਕਥਾ ਕਥਾਵੈ
ਜਲ ਜਲ, ਅਗਨਿ ਅਗਨਿ ਮੋ, ਹਰਿ ਜੋਤਿ ਗੁਰ ਸਮਾਇਆ । 38 ।

[ਮਹਿਮਾ ਪ੍ਰਕਾਸ਼, ਪੰਨਾ 745 (1776 ਈ.)

(9) **ਭਾਈ ਸੁੱਖਾ ਸਿੰਘ—**

ਸ੍ਰੀ ਹਰਿ ਕ੍ਰਿਸ਼ਣ ਕ੍ਰਿਪਾਨਿਧਿ ਤੇ ਪੁਨ ਤੇਗ ਬਹਾਦਰ ਪੈ ਛਬਿ ਛਾਈ
ਦੀਪਕ ਦੀਪ ਸ਼ਿਰੋਮਣਿ ਸਾਹਿਬ, ਆਦਿ ਅਨਾਦਿ ਮਹਾਂ ਸੁਖਦਾਈ
ਭਾਰਥ ਖੰਡ ਜੋ ਜਾਤ ਰਸਾਤਲ, ਰਾਖ ਲਯੋ ਜਿਹ ਸੀਸ ਲਗਾਈ
ਤਾਂ ਗੁਰ ਕੀ ਬਰਨੋਂ ਕਵਿ ਸੁੰਦਰ ਸੰਤ ਸੁਨੋ ਮਨ ਮੋਦ ਬਢਾਈ । 82 ।
ਮਧੁਭਾਰ—ਦਿਨ ਇਕ ਦੋ ਪਾਇ । ਤਬ ਤੁਰਕ ਆਇ
ਇਮ ਕਹੈ ਬੈਨ । ਤੁਮ ਸੁਨਹੁ ਐਨ ।99।
ਮੱਧ ਦੀਨ ਆਉ । ਚਾਹੈ ਸੁ ਪਾਉ
ਸਭ ਦੇਸ ਰਾਜ । ਸੂਬਾ ਸਮਾਜ । 100 ।
ਇਮ ਨਿਤ ਆਨ । ਦੋਖੀ ਬਖਾਨ
ਸੁਨ ਕਹੈਂ ਦਯਾਰ । ਜੜ੍ਹ ਝਖ ਨ ਮਾਰ । 101 ।
ਤੁਰ ਦੀਨ ਸੀਸ । ਪਨਹੀ ਸੁ ਬੀਸ
ਤੁਰ ਜ਼ੋਰ ਜੋਇ । ਲੇ ਲਾਇ ਸੋਇ । 102 ।
ਫਿਰ ਕਹੈਂ ਤਾਰ । ਤਨ ਕੇ ਮਝਾਰ
ਅਸ ਸਹੈ ਕੋਇ । ਬਿਨ ਨਾਥ ਸੋਇ । 103 ।
ਰਹੈ ਅਚਲ ਐਸ । ਗਿਰਿ ਮੇਰੁ ਜੈਸ
ਜਿਮ ਧਰਾ ਧੀਰ। ਤਿਮ ਰਹਿ ਸਰੀਰ । 104 ।

ਕੋਊ ਗਗਨ ਜਾਨ । ਮਾਰੇ ਸੁ ਬਾਨ । ਤਿਹ ਪਰੈ ਸੀਸ । ਨਹੀਂ ਲਗੈ ਕੀਸ
ਜਿਮ ਸਿੰਧੁ ਜਾਨ । ਰਹੈ ਥਿਰ ਨਿਧਾਨ । ਝਖੈਂ ਅਨੇਕ । ਨਹਿ ਗਨੈ ਏਕ
ਫਿਰ ਆ ਮਲੇਛ । ਇਮ ਕਰੈ ਪੇਚ । ਹੋਵੋ ਮੁਰੀਦ । ਲਿਖ ਕੈ ਰਸੀਦ । 107 ।
ਬਹਾਦਰ ਸੁ ਤੇਗ । ਬਚ ਮਾਨ ਬੇਗ । ਬਹੁ ਝਖੈ ਆਨ । ਪ੍ਰਭ ਇਕ ਨ ਮਾਨ ।108
ਅੜਿਲ-ਚੰਦ੍ਰ ਸੂਰ ਪਰਕਾਸ਼, ਜਬੈ ਲਗ ਜਾਨੀਐ
ਪਾਨੀ ਪਵਨ ਹੁਤਾਸਨ, ਪ੍ਰਗਟ ਪ੍ਰਮਾਨੀਐਂ
ਤਬ ਲਗ ਪ੍ਰਭੁ ਕੋ ਸੁਜਸ, ਤੁਰਕ ਸਿਰ ਛਾਰ ਹੈ
ਹੋ ਧੰਨ ਧੰਨ ਪਰਲੋਕ, ਸੁਰਗ ਜੈਕਾਰ ਹੈ । 132 । (ਗੁਰਬਿਲਾਸ, ਅਧਿਆ 5)

(10) ਭਾਈ ਸੰਤੋਖ ਸਿੰਘ— (1797)

ਹਾਦਰ ਹੋਤ ਜਹਾਂ ਸਿਮਰੇ, ਸੁਖ ਸਾਗਰ ਜਾਹਿੰ ਪਿਖੇ ਸੁਰ ਸਾਦਰ
ਸਾਦ ਰਚੇ ਇਕ ਆਤਮ ਗਯਾਨ, ਬਢੀ ਬਿਸ਼ਿਯਾਤਪ ਕੋ ਬਡ ਬਾਦਰ
ਬਾਦ ਰਹੈ ਸਿਖ ਹੋ ਨਰ ਸੋ ਜਿਨ ਜਾਨਯੋ ਨਹੀਂ ਜੁ ਇਹੀ ਜਗ ਕਾਦਰ
ਕਾ ਦਰ ਹੈ ਜਮ ਕੋ ਤਿਨ ਜੀਵਨ, ਅੰਤ ਭਜੈਂ ਗੁਰ ਤੇਗ ਬਹਾਦਰ । 16 ।

[ਗੁਰਪ੍ਰਤਾਪ ਸੂਰਜ

ਧਰਮ ਜਗਤ ਰਖ ਲੀਨ, ਤ੍ਰਿਣ ਸਮ ਅਪਨੋ ਦੀਨ ਸਿਰ
ਸਿਰਰੁ ਨ ਦੀਨ ਪ੍ਰਬੀਨ, ਤੇਗ ਬਹਾਦਰ ਧੀਰ ਗੁਰ । [ਗੁ. ਪ੍ਰ. ਸੂਰਜ

ਤੇਗ ਬਹਾਦਰ ਧਰਮ-ਧੁਜ, ਹਰਤਾ ਤੁਰਕਨ ਮੂਲ
ਚਰਨ ਸਰਨ ਤਾਰਨ ਤਰਨ, ਨਮੋ ਹੋਇ ਅਨੁਕੂਲ । [ਨਾਨਕ ਪ੍ਰਕਾਸ਼

ਤੀਨ ਬਾਤ ਨਿਰਨੈ ਕਰ ਲੀਜੈ, ਲਖਹੁ ਭਲੀ ਸੋ ਧਾਰਨ ਕੀਜੈ
ਸ਼ਰ੍ਹਾ ਚਲਹੁ ਕਲਮੇ ਕੋ ਪਢ ਮੁਖਿ । ਦੇਹਿ ਸ਼ਾਹ ਭੋਗਹੁ ਸਭ ਬਿਧਿ ਸੁਖ
ਜੇ ਹਠ ਕਰਹੁ ਨ ਮਾਨਹੁ ਏਹੁ । ਕਰਾਮਾਤ ਕਾਮਲ ਹੋਇ ਦੇਹੁ
ਜਿਮ ਹਜ਼ਰਤ ਤੁਮ ਤੇ ਕਰਵਾਵੈ । ਤਿਮ ਕਰਿ ਦੇਹੁ ਦੇਖਿ ਹਰਖਾਵੈ
ਜੇ ਇਹ ਦੋਨਹੁ ਨਾਹੀ ਮਾਨਹੁ । ਅਪਨੇ ਪਾਨ ਪ੍ਰਾਨ ਕਉ ਹਾਨਹੁ ।

[ਗੁ. ਪ੍ਰ. ਸੂਰਜ, ਰਾਸ 12, ਅੰਸੂ 64 (1843 ਈ.)

(11) ਭਾਈ ਸੇਵਾ ਸਿੰਘ ਕੌਸ਼ਿਸ਼—

ਸੈਯਾ—ਹਿੰਦ ਬਿਖੈ ਅੰਧ ਘੋਰ ਮਚਯੋ, ਜਬ ਸਾਧੂ ਸੰਤ ਨ ਦੇਖਨ ਪਾਵਤ
ਧਰਮ ਕੇ ਥਾਨ ਅਧਰਮ ਹੋਵਹਿ, ਨਹਿੰ ਰੱਛਕ ਗਊ ਗਰੀਬ ਦਿਖਾਵਤ
ਤਬ ਤੇਗ ਬਹਾਦਰ ਹਿੰਦ ਕੀ ਚਾਦਰ, ਥੇ ਚੱਕ ਨਾਨਕੀ ਬੀਚ ਬਸਾਵਤ
ਸੇਵਾ ਹਰੀ ਇਸ ਘੋਰ ਕਲੂ ਮਹਿੰ, ਗੁਰ ਜੰਞੂ ਟਿਕੇ ਕੀ ਲਾਜ ਰਖਾਵਤ। 32।

ਦੋਹਰਾ—ਦੁਖੀਏ ਬਿਪ੍ਰ ਜੁ ਚਲ ਕੇ, ਆਏ ਪੁਰੀ ਅਨੰਦ
ਬਾਂਹਿ ਅਸਾਡੀ ਪਕਰੀਏ, ਗੁਰ ਹਰਿਗੋਬਿੰਦ ਕੇ ਚੰਦ ।33।
ਤੇਗ ਬਹਾਦਰ ਜਗਤ ਗੁਰ, ਸੁਨ ਇਵ ਹਾਹਾਕਾਰ
ਰੱਛਕ ਗਊ ਗਰੀਬ ਕਾ, ਕਲਿਜੁਗ ਕਾ ਅਵਤਾਰ । 34।
ਚੌਪਈ-ਹਾਥ ਜੋਰ ਕਹਯੋ ਕ੍ਰਿਪਾ ਰਾਮ। ਦੱਤ ਬ੍ਰਾਹਮਣ ਮੱਟਨ ਗ੍ਰਾਮ
ਹਮਰੋ ਬਲ ਅਬ ਰਹਯੋ ਨਹਿ ਕਾਈ। ਹੇ ਗੁਰ ਤੇਗ ਬਹਾਦਰ ਰਾਈ
ਗਜ ਕੇ ਬੰਧਨ ਕਾਟਨਹਾਰੇ । ਤੁਮ ਗੁਰ ਨਾਨਕ ਹੈਂ ਅਵਤਾਰੇ
ਜਿਮ ਦਰੋਪਤੀ ਰਾਖੀ ਲਾਜ। ਦਿਯੋ ਸਵਾਰ ਸੁਦਾਮੈ ਕਾਜ
ਫ਼ਿਰਤ ਫਿਰਤ ਪ੍ਰਭੁ ਆਏ ਥਾਰੇ। ਥਾਕ ਪਰੈ ਹਉ ਤਉ ਦਰਬਾਰੈ ।
ਸੇਵਾ ਹਰੀ ਇਮ ਅਰਜ਼ ਗੁਜ਼ਾਰੀ। ਤੁਮ ਕਲਿਜੁਗ ਕੇ ਕ੍ਰਿਸ਼ਣ ਮੁਰਾਰੀ ।35।

ਗੁਰ ਦਰ ਤੇ ਇਮ ਬਿਪ੍ਰ ਨੇ, ਬਿਰਥਾ ਕਹੀ ਸੁਨਾਇ
ਅਵਰ ਬਾਸਨਾ ਨਾਹਿ ਪ੍ਰਭੂ, ਤੱਕੀ ਤਉ ਸਰਣਾਇ । 36।
ਰਵੀ ਚਾਂਦ ਹੈਂ ਜਗਤ ਮੈਂ, ਜਉ ਲਉ ਧਰਣਿ ਅਕਾਸ਼
ਨਾਮ ਹਰਿ ਸਦੀਵ ਤਊ, ਪੂਰਹੁ ਜਨ ਕੀ ਆਸ। 37।

ਚੌਪਈ—ਤਬ ਸਤਿਗੁਰ ਇਵ ਮਨ ਠਹਿਰਾਈ। ਬਿਨ ਸਿਰ ਦੀਏ ਜਗਤ ਦੁਖ ਪਾਈ
ਦਾਸ ਗੋਬਿੰਦ ਥੀਂ ਪਾਸ ਬਹਾਯੋ। ਕਮਰਕਸਾ ਸਤਿਗੁਰੂ ਕਰਾਯੋ
ਪੈਸੇ ਪਾਂਚ ਸ੍ਰੀ ਫਲ ਏਕ। ਧਰ ਆਗੈ ਦਿਯੋ ਮਸਤਕ ਟੇਕ
ਬਾਲ ਗੁਰੂ ਤਬ ਕਹਯੋ ਅਲਾਇ। ਪਿਤਾ ! ਗੁਰੂ ਤਉ ਕਰੈ ਸਹਾਇ
ਸੇਵਾ ਹਰਿ ਸੁਨ ਧੀਰਜ ਦੀਨਾ। ਦਿਲੀ ਦਿਸ਼ਾ ਪਿਆਨਾ ਕੀਨਾ। 38।

[ਸ਼ਹੀਦ ਬਿਲਾਸ (1803 ਈ.)

(12) ਕਵੀ ਸੌਂਧਾ ਸਿੰਘ—

...ਕੈ ਧਨ ਦੇਹੁ ਅਪਾਰ

ਕੈ ਦਿਖਰਾਵਹੁ ਕਰਾਮਾਤ, ਤਬ ਹੋਵਹਿ ਛੁਟਕਾਰ । 31

'ਧਨ ਸ਼ਾਹਨ ਪਹਿ ਹੋਤ ਹੈ, ਕਰਾਮਾਤ ਕੋ ਪੀਰ
ਹਮ ਤੋ ਦਾਸ ਗੋਬਿੰਦ ਕੇ ਧਰਹਿੰ ਆਸ ਰਘੁਬੀਰ । 32 ।

ਬੁਰਾ ਕਰੈਗੋ ਆਪ ਹੀ ਭਲਾ ਕਰੈਗੋ ਆਪ
ਲੇਖਾ ਦਰਗਹਿ ਹੋਇਗਾ, ਦੋਊ ਪੁੰਨ ਅਰ ਪਾਪ । 33 ।

ਧਨ ਜੋਬਨ ਅਰ ਚਮੂੰ ਕਾ, ਨਾਹੀ ਕਛੂ ਵਿਸਾਹੁ
ਭਸਮ ਕਰੇ ਦਿਨ ਏਕ ਮਹਿੰ, ਸਾਹਿਬ ਬੇਪ੍ਰਵਾਹੁ । 34 ।

ਜੌਂ ਬੀਜੇ ਨਰ ਜੌਂ ਲਹੈ, ਕਣਕ ਕਣਕ ਸੋ ਖਾਇ
ਜੌਂ ਬੀਜੇ ਤੇ ਪਾਤਸ਼ਾਹ, ਕਣਕ ਨਹੀਂ ਹੋਇ ਜਾਇ । 35 ।

[ਗੁਰ ਉਸਤਤਿ

(13) ਭਾਈ ਰਤਨ ਸਿੰਘ ਭੰਗੂ—

ਆਇ ਬ੍ਰਹਮਨ ਸਭ ਐਸ ਪੁਕਾਰੇ । ਸਤਿਗੁਰੂ ਸੁਨ ਆਇ ਤੁਮ ਦ੍ਵਾਰੇ
ਹੋ ਛਤ੍ਰੀ ਤੁਮ ਬ੍ਰਹਮ ਉਜਾਗਰ । ਗਊ ਬ੍ਰਹਮਨ ਤੁਮ ਪ੍ਰਤਿਪਾਗਰ । 20 ।
ਅਬ ਆਇ ਪਰੀ ਹਮਨੈ ਪੈ ਭਾਰੀ । ਅਬ ਹਮ ਕੋ ਤੁਮ ਲੇਹੁ ਉਬਾਰੀ
ਤੁਮ ਨਾਨਕ ਸਤਿਗੁਰ ਕਲਧਾਰੀ । ਰਾਖੋ ਹਿੰਦੂਅਨ ਹਿੰਦ ਮਝਾਰੀ । 21 ।
ਹਿੰਦੋਂ ਹਿੰਦੂ ਨ੍ਰਿਬੀਜ ਹੈਂ ਕਰਨੇ । ਸ਼ਾਹ ਨੁਰੰਗੇ ਯੌਂ ਲਿਖ ਬਰਨੇ
ਤੁਰਕ ਪ੍ਰਿਥਮ ਹੈ ਬਾਹਮਨ ਕਰਨੇ । ਔਰ ਹਿੰਦੂ ਹੈਂ ਪਾਛੈ ਫਰਨੇ । 22 ।

ਬ੍ਰਾਹਮਨ ਹੈਂ ਹਿੰਦੂਅਨ ਅਗਵਾਨ। ਤੁਰਕ ਹੋਇ ਜਾਊ ਮਗਰ ਜਹਾਨ
ਯਹ ਅਬ ਨੁਰੰਗੇ ਕਰੀ ਸਲਾਹ। ਤਾਹਿ ਤਾਹਿ ਆਏ ਤੁਮ ਪਾਹਿ। 23।

ਤਬ ਸਤਿਗੁਰ ਬਿਪ੍ਰਨ ਕਹਯੋ, ਯੌਂ ਕਹਿ ਗੈਲ ਛੁਡਾਇ
ਹਮ ਹੋਵਹਿੰਗੇ ਗੈਲ ਉਸ, ਗੁਰ ਕਉ ਤੁਰਕ ਬਨਾਇ। 31।

ਪ੍ਰਿਥਮ ਕਰੋ ਗੁਰ ਮੁਸਲਮਾਨ। ਮਗਰੇ ਹੋਵਹਿ ਸਗਲ ਜਹਾਨ। 32।

ਅਕੈ ਦਿਖਾਇਓ ਕਰਾ ਸੁ ਮਾਤ। ਜਿਮ ਗੁਰੂ ਅਖਾਵੈਂ ਦਿਖਾਓ ਸੋਊ ਬਾਤ
ਜਿਮ ਤੁਮ ਪਾਤਸਾਹ ਸਚੇਂ ਸਦਵਾਵੈਂ। ਇਮ ਕਰ ਹਮ ਕੋ ਝੂਠ ਠਹਿਰਾਵੈਂ
ਨਹੀਂ ਹੋਹੁ ਤੂ ਮੁਸਲਮਾਨ। ਅਕੈ ਦਿਖਾਉ ਕੁਛ ਅਪਨੋ ਤਾਨ
ਦਿਖਾਓ ਹਮੈ ਕੁਛ ਕਰਾ ਜੁ ਮਾਤ। ਰਾਮਰਾਇ ਜਿਮੈਂ ਮੰਨੋ ਬਾਤ। 39।

ਤਬ ਸਤਿਗੁਰ ਫਿਰ ਇਨ ਕਹਯੋ ਨਹੀਂ ਅੱਛਾ ਕੀਆ ਰਾਮਰਾਇ
ਆਪ ਬਡਾਈ ਲੈ ਗਯੋ ਗਲ ਪਿਛਲਨ ਪਾਇ ਬਲਾਇ। 40।

ਕਰਾਮਾਤ ਹੈ ਕਹਰ ਸੁ ਸ਼ਾਹਿ। ਪੀਰ ਸ਼ਾਹ ਕੋ ਚਾਹੀਅਤ ਨਾਂਹਿ
ਕਹਰ ਹਟਾਵਨ ਕੋ ਕੀਓ ਦੋਊ। ਪੀਰ ਫਕੀਰ ਕਹਰ ਚਹਿ ਖੋਊ । 43।

ਦੋਹਰਾ—ਕਰਾਮਾਤ ਨਾਮ ਕਹਰ ਹੈ, ਸੋ ਹਮ ਕਰਤੇ ਨਾਹਿ
ਹਮਰੇ ਉਪਰ ਤੁਮ ਕਰੋ, ਤੋ ਤੁਹਿੰ ਪੂਛੈ ਖੁਦਾਇ। 44।

ਚੌਪਈ—ਤਬੈ ਨੁਰੰਗੇ ਗੁੱਸਾ ਕੀਆ। ਤੁਮ ਚਾਹਤ ਬਾਤਨ ਤੇ ਜੀਆ।
ਅਕੈ ਤਾਂ ਹੋਹੁ ਤੂ ਮੁਸਲਮਾਨ। ਅਕੈ ਤਾਂ ਕਰ ਮਰਨ ਪ੍ਰਵਾਨ।
ਤਬ ਸਤਿਗੁਰ ਨੇ ਐਸ ਉਚਾਰਾ। ਹਮਰਾ ਇਸ਼ਟ ਦੇਖੋ ਤੁਮ ਭਾਰਾ
ਕਰਾਮਾਤ ਹਮ ਐਸ ਦਿਖਾਂਹੀ। ਹਮਰਾ ਸਿਰ ਤੂ ਪਾਵੈਂ ਨਾਹੀ । 50।
ਹਮਰੇ ਸਿਰ ਕੋ ਤੇਗ ਲਗੱਯੈ। ਕਟੈ ਨ ਸੋ ਕਰਾਮਾਤ ਦਿਖੱਯੈ
ਤਲਵਾਰ ਤਿਖੀ ਕੋਊ ਲਯਾਯੋ ਬੇਸ। ਚਲ ਭਯੋ ਤਿਸ ਜੋਊ ਕਟਤ ਹਮੇਸ਼।51

ਸੀਸ ਦੀਯੋ ਪਰ ਸਿਰਰੁ ਨ ਦੀਓ। ਅਪਨੋ ਧਰਮ ਕਰਮ ਰਖ ਲੀਓ
ਯੌਂ ਸਤਿਗੁਰ ਬਡ ਸਾਕਾ ਕੀਯੋ। ਪਰਸ੍ਵਾਰਥ ਹਿਤ ਨਿਜ ਸਿਰ ਦੀਓ। 54।

[ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ 37-38 (1841 ਈ.)

(14) ਬਾਵਾ ਗਣੇਸ਼ਾ ਸਿੰਘ ਬੇਦੀ—

ਛਪੈ ਛੰਦ—ਮੂਰਤਿ ਮਨੋ ਵੈਰਾਗ, ਤੈਸਿ ਬਾਨੀ ਨਿਰਬਾਨੀ
ਧੀਰਮੱਲ ਕਿਯ ਦੋਹ, ਨਾਹਿ ਉਰ ਮੈਂ ਰਿਸ ਆਨੀ
ਤੀਰਥ ਕਰਿ ਸਮੁਦਾਯ ਰਚਯੋ ਆਨੰਦਪੁਰ ਆਈ
ਧਰਮ ਹੇਤੁ ਦੀਯ ਸੀਸ, ਬਹੁਰ ਦਿਲੀ ਮੈਂ ਜਾਈ
ਭਾ ਹਾਹਾਕਾਰ ਜਗਤੁ ਮੈਂ, ਜੈ ਜੈ ਧੁਨਿ ਦੇਵਨ ਕਰੀ
ਗੁਰ ਤੇਗ ਬਹਾਦਰ ਸੀ ਕ੍ਰਿਯਾ, ਨਹਿ ਕਾਹੂੰ ਕਲਿ ਮੈਂ ਕਰੀ।

[ਸ੍ਰੀ ਗੁਰਬੰਸ ਬਿਨੋਦ, (1884 ਈ.

(15) ਗਿਆਨੀ ਗਿਆਨ ਸਿੰਘ—

ਸੋਯਾ— ਔਰੰਗਜ਼ੇਬ ਮਹਾਂ ਮਤਿਮੰਦ ਚਹੀ ਕਰਨੀ ਹਿੰਦੂ ਤੈ ਤੁਰਕਾਨੀ
ਲਾਖਹੁੰ ਲੋਗ ਕਰੇ ਤੁਰਕੂ ਜ਼ੁਲਮੀ ਅਤਿ ਜ਼ਾਲਮ ਨੇ ਜਬ ਠਾਨੀ
ਹੋਇ ਦੁਖਾਰੇ ਅਪਾਰੇ ਬ੍ਰਾਹਮਣ, ਆਇ ਗੁਰੂ ਢਿਗ ਐਸ ਬਖਾਨੀ—
ਆਪ ਸਹਾਇ ਭਵੈਂ ਅਬ ਜੇਕਰ, ਤੌ ਰਹਿ ਹੈ ਜਗ ਮੈਂ ਹਿੰਦੁਵਾਨੀ ।22।

ਰਸਾਵਲ—ਨੌਮ ਗੁਰੂ ਹਿਤ ਕੌਮ ਜਬੈ ਦਿਲੀ ਮੈਂ ਜੈ ਕੈ
ਸਤ ਧਰਮ ਹਿਤ ਬਲੀਦਾਨ, ਹੋਏ ਹੁਲਸੈ ਕੈ
ਭਾਰਤ ਵਰਸ਼ ਮਝਾਰ ਸੁਜਸ ਸਤਿਗੁਰ ਪ੍ਰਕਾਸ਼ਯੋ
ਨੌਰੰਗੈ ਕੋ ਉਸੀ ਰੋਜ਼ ਤੇ ਰੋਗ ਗਰਾਸਯੋ
ਸ਼ਤਰੂ ਤਿਸਕੇ ਬਢੇ, ਦਿਸ਼ਾ ਦੱਖਨ ਘਰ ਘਰ ਹੈਂ
ਇਕ ਭੀ ਹਿੰਦੂ ਤਾਈਂ, ਤੁਰਕ ਨਹਿ ਸਕਿਓ ਕਰ ਹੈ।

[ਪੰਥ ਪ੍ਰਕਾਸ਼ 21 ਨਿਵਾਸ (1889 ਈ:)

(16) ਸ੍ਰੀ ਮੈਥਲੀਸ਼ਰਣ ਗੁਪਤਾ—

ਤੇਗ ਬਹਾਦਰ ਹਾਂ ਵੇ ਹੀ ਥੇ, ਪੰਚਾਮ੍ਰਿਤ ਸਰ ਕੇ ਅਰਬਿੰਦ
ਤੇਗ ਬਹਾਦਰ ਹਾਂ, ਵੇ ਹੀ ਥੇ, ਜਿਨ ਸੇ ਜਨਮੇ ਗੁਰੂ ਗੋਬਿੰਦ

ਤੇਗ ਬਹਾਦਰ ਹਾਂ ਵੇ ਹੀ ਥੇ, ਭਾਰਤ ਕੀ ਮਾਈ ਕੇ ਲਾਲ
ਤੇਗ ਬਹਾਦਰ ਹਾਂ ਵੇ ਹੀ ਥੇ, ਜਿਨ ਕਾ ਕੁਛ ਕਰ ਸਕਾ ਨਾ ਕਾਲ।

[ਗੁਰੂ ਕੁਲ

(17) ਮੌਲਵੀ ਗੁਲਾਮ ਹੁਸੈਨ ਖ਼ਾਂ—

'ਸੱਜਾਦਾਨਸ਼ੀਨਿ ਹਸ਼ਤਮ ਨਾਨਕ ਕਿ ਤੇਗ ਬਹਾਦਰ ਨਾਮ ਦਾਸ਼ਤ ਪੈਰੋਵਾਨਿ ਬਿਸੀਆਰ ਬਹਮ ਰਸਾਨੀਦਾ ਸਾਹਿਬਿ ਇਕਤਿਦਾਰ ਗਸ਼ਤ। ਚੰਦੀਂ ਹਜ਼ਾਰ ਕਸ ਹਮਰਾਹਿ ਊ ਮੀਗਰਦਾਨੀਦੰਦ ਵ ਮੁਆਸਰਿ ਊ ਹਾਫ਼ਜ਼ ਆਦਮ ਨਾਮ ਫਕੀਰ ਅਜ਼ ਫ਼ਿਰਕਾਇ ਮੁਰੀਦਾਨਿ ਸ਼ੇਖ ਅਹਿਮਦ ਸਰਹੰਦੀ, ਜਮਇ ਕਸੀਰ ਬਮੁਰੀਦੀ ਵ ਪੈਰਵੀਏ ਖ਼ੁਦ ਬਹਮ ਰਸਾਨੀਦਾ। ਹਰ ਦੋ ਕਸ ਸ਼ੇਵਾਇ ਅਖਜ਼ਿ ਵਜਹ ਵ ਜਬਰੋ ਤਅੱਦੀ ਅਖਤਯਾਰ ਨਮੂਦਾ। ਦਰ ਮੁਲਕਿ ਪੰਜਾਬ ਮੀਗਰਦੀਦੰਦ, ਤੇਗ ਬਹਾਦਰ ਅਜ਼ ਹਿੰਦੂਆਨ ਦਰਹਾ ਬਗ੍ਰਿਫ਼ਤ ਵ ਹਾਫ਼ਜ਼ ਆਦਮ ਮੁਸਲਮਾਨਾਨ।

ਵਕਾਇ-ਨਿਗਾਰਾਂ ਬ ਪਾਦਸ਼ਾਹਿ ਆਲਮਗੀਰ ਨਗਾਰਸ਼ਤੰਦ ਕਿ ਦੋ ਫਕੀਰ ਯਕੇ ਹਿੰਦੂ ਵ ਯਕੇ ਮੁਸਲਮਾਂ ਫਲਾਂ ਵ ਫਲਾਂ ਬਹਮ ਰਸੀਦਾ ਅੰਦ, ਸ਼ੇਵਾ ਰਾ ਬਰਗੁਜ਼ੀਦਾ ਅੰਦ। ਵ ਚਿ ਅਜਬ ਕਿ ਅਗਰ ਇਕਤਦਾਰਿ ਸ਼ਾਂ ਬਿਅਫ਼ਜ਼ਾਇਦ ਖਰੂਜ ਹਮ ਨੁਮਾਇੰਦ। ਆਲਮਗੀਰ ਬਇਸਤਮਾਇ ਈਂ ਖਬਰ

---

* ਗੁਰੂ ਜੀ ਦੀ ਸ਼ਹੀਦੀ ਤੋਂ 106 ਵਰ੍ਹੇ ਬਾਦ ਗੁਲਾਮ ਹੁਸੈਨ ਨੇ ਇਹ ਲਿਖਿਆ। ਉਸ ਦੀ ਵੱਡੀ ਭੁੱਲ ਇਹ ਸੀ ਕਿ ਉਸ ਹਾਫਜ਼ ਆਦਮ ਦਾ ਕਿੱਸਾ ਨਾਲ ਜੋੜ ਦਿਤਾ ਜਿਸ ਨੂੰ ਦਰਅਸਲ ਸ਼ਾਹਜਹਾਂ ਦੇ ਹੁਕਮ ਨਾਲ ਜਲਾਵਤਨ ਕੀਤਾ ਗਿਆ ਸੀ ਤੇ ਜੋ ਔਰੰਗਜ਼ੇਬ ਦੇ ਰਾਜਗੱਦੀ ਬੈਠਣ ਤੋਂ 15 ਸਾਲ ਪਹਿਲਾਂ ਤੇ ਸਤਿਗੁਰਾਂ ਦੀ ਸ਼ਹੀਦੀ ਤੋਂ 32 ਸਾਲ ਪਹਿਲਾਂ ਮਦੀਨੇ ਵਿਚ 16 ਦਸੰਬਰ 1643 ਈ. ਨੂੰ ਮਰ ਗਿਆ। ਪਹਿਲੇ ਇਸ਼ ਦਾ ਪਾਠ ਪੜ੍ਹਨ ਦੀ ਭੁੱਲ ਹੋਈ, ਫਿਰ ਅੰਗਰੇਜ਼ੀ ਤਰਜਮਾ ਗ਼ਲਤ ਹੋਇਆ ਇਸ ਗ਼ਲਤ ਪਾਠ ਤੇ ਤਰਜਮੇ ਨੇ ਸਾਰੀਆਂ ਫਾਰਸੀ ਤੇ ਅੰਗਰੇਜ਼ੀ ਕਿਤਾਬਾਂ ਵਿਚ ਗੁਰੂ ਸਾਹਿਬ ਬਾਰੇ ਅਪਮਾਨਜਨਕ ਗੱਲਾਂ ਲਿਖਵਾਈਆਂ ਤੇ ਕੁਝ ਸਾਡੇ ਖੋਜੀ ਵਿਦਵਾਨ ਵੀ ਇਸ ਦਾ ਸ਼ਿਕਾਰ ਹੋ ਗਏ।

ਬਹਾਕਮਿ-ਲਾਹੌਰ ਨਵਿਸ਼ਤ ਕਿ ਹਰ ਦੋ ਰਾ ਗ੍ਰਿਫ਼ਤਾ, ਹਾਫਜ਼ ਆਦਮ ਰਾ ਅਜ਼ ਮਮਾਲਕਿ ਮਹਰੂਸਾ ਬਦਰ ਕਰਦਾ ਦਰ ਮਵਾਤਨਿ ਅਫਗਾਨਾਂ ਆਂ ਤਰਫਿ ਅਟਕ ਪਿਸ਼ਾਵਰ ਸਰ ਦਿਹੰਦ ਵ ਨਗਾਰੰਦ ਕਿ ਬਾਅਜ਼ ਈਂ ਤਰਫ ਔਦ ਨਤਵਾਨੰਦ ਨਮੂਦਾ ਤੇਗ ਬਹਾਦਰ ਰਾ ਗ੍ਰਿਫ਼ਤਾ ਮੁਕੱਯਦ ਵ ਮਹਬੂਸ ਦਾਰੰਦ। ਚੁਨਾਂਚਿ ਹਸਬੁਲ ਹੁਕਮ ਬਅਮਲ ਆਮਦ। ਬਾਜ਼ ਚੰਦ ਰੋਜ਼ ਹੁਕਮ ਦਰਬਾਰਾਇ ਤੇਗ ਬਹਾਦਰ ਰਸੀਦ ਕਿ ਊਰਾ ਕੁਸ਼ਤਾ ਵ ਜਸਦਸ਼ ਰਾ ਚੰਦ ਹਿੱਸਾ ਨਮੂਦਾ ਇਤਰਾਫਿ ਸ਼ਹਰ ਬਿਆਵੇਜ਼ੰਦ ਹਸਬੁਲ ਅਮਰ ਬ ਵਕੂਆ ਪੈਵਸਤ। ਹਮਰਾਹੀਆਨਿ ਤੇਗ ਬਹਾਦਰ ਬਤੌਰਿ ਫੁਕਰਾ ਮੀਗਰਦੀਦੰਦ ਸਲਾਹ ਲ ਯੌਰਾਕ ਬਸਤਨ ਦਰਮਿਆਨਿ ਸ਼ਾਂ ਮਾਮੂਲ ਨ ਬੂਦ।'

(ਗੁਰੂ) ਤੇਗ ਬਹਾਦਰ ਨਾਮੀ, ਨਾਨਕ ਦੇ ਅੱਠਵੇਂ ਜਾਨਸ਼ੀਨ ਨੇ ਬਹੁਤ ਸਾਰੇ ਅਪਣੇ ਚੇਲਿਆਂ-ਬਾਲਿਆਂ ਸਦਕੇ ਚੰਗਾ ਪ੍ਰਭਾਵ ਬਣਾ ਲਿਆ। ਕਈ ਹਜ਼ਾਰ ਸ਼ਰਧਾਲੂ ਉਸਦੇ ਨਾਲ ਚਲਦੇ। ਸ਼ੇਖ ਅਹਿਮਦ ਸਰਹੰਦੀ ਦੇ ਫਿਰਕੇ ਦੇ ਹਾਫਜ਼ ਆਦਮ ਦੇ ਵੀ ਕਾਫੀ ਮੁਰੀਦ ਸਨ। ਇਹ ਦੋਵੇਂ ਪੰਜਾਬ ਵਿਚ ਜਬਰੀ ਧਨ ਮਾਲ (ਦਸਵੰਧ ?) ਉਗ੍ਰਾਹੁੰਦੇ ਰਹਿੰਦੇ ਸਨ। ਤੇਗ ਬਹਾਦਰ ਹਿੰਦੂਆਂ ਤੋਂ ਤੇ ਹਾਫਜ਼ ਮੁਸਲਮਾਨਾਂ ਤੋਂ ਮਾਇਆ ਇਕੱਠੀ ਕਰਦਾ। ਸ਼ਾਹੀ ਖਬਰ-ਨਵੀਸ ਨੇ ਬਾਦਸ਼ਾਹ ਨੂੰ ਲਿਖਿਆ ਕਿ ਇਨ੍ਹਾਂ ਫਕੀਰਾਂ ਕੁਝ ਇਸ ਕਿਸਮ ਦਾ ਢੰਗ ਫੜਿਆ ਹੋਇਆ ਹੈ। ਜੇ ਕਿਤੇ ਇਨ੍ਹਾਂ ਦਾ ਹੋਰ ਇਕਤਦਾਰ ਵਧਦਾ ਗਿਆ ਤਾਂ ਇਹ ਵੱਡੀ ਗੱਲ ਨਹੀਂ ਕੋਈ ਉੱਪਦਰ ਖੜਾ ਕਰ ਦੇਣ। ਖਬਰ ਮਿਲਦਿਆਂ ਔਰੰਗਜ਼ੇਬ ਨੇ ਹਾਕਮ ਲਾਹੌਰ ਨੂੰ ਹੁਕਮ ਦਿਤਾ ਕਿ ਦੋਹਾਂ ਨੂੰ ਪਕੜ ਲਿਆ ਜਾਵੇ। ਹਾਫਜ਼ ਨੂੰ ਪਿਸ਼ਾਵਰ ਅਟਕੋਂ ਪਰੇ ਪਠਾਣੀ ਇਲਾਕੇ ਵਲ ਜਲਾਵਤਨ ਕਰ ਦਿਤਾ ਜਾਵੇ ਤੇ ਕਦੀ ਵਾਪਸ ਆਉਣ ਦੀ ਆਗਿਆ ਨ ਦਿਤੀ ਜਾਵੇ ਤੇ ਤੇਗ ਬਹਾਦਰ ਨੂੰ ਫੜ ਕੇ ਕੈਦਖਾਨੇ ਰੱਖਿਆ ਜਾਵੇ ਹੁਕਮ ਅਨੁਸਾਰ ਕਾਰਵਾਈ ਹੋਈ। ਕੁਝ ਦਿਨਾਂ ਪਿਛੋਂ ਤੇਗ ਬਹਾਦਰ ਸਬੰਧੀ ਦੂਸਰਾ ਹੁਕਮ ਆਇਆ ਕਿ ਉਸ ਨੂੰ ਕਤਲ ਕਰ ਦਿਤਾ ਜਾਵੇ ਤੇ ਉਸ ਦੇ ਜਿਸਮ ਦੇ ਟੋਟੇ ਸ਼ਹਿਰ ਦੇ ਪਾਸਿਆਂ ਤੇ ਲਟਕਾਏ ਜਾਣ। ਸ਼ਾਹੀ ਹੁਕਮ ਮੁਤਾਬਿਕ ਇਵੇਂ ਹੀ ਹੋਇਆ। ਤੇਗ ਬਹਾਦਰ ਦੇ ਚੇਲੇ ਸਾਧੂਆਂ ਫਕੀਰਾਂ ਵਾਂਗੂ ਫਿਰਦੇ ਸਨ ਤੇ ਉਨ੍ਹਾਂ ਵਿਚ ਹਥਿਆਰ ਪਹਿਨਣ ਅਤੇ ਕਾਠੀ ਜੀਨ ਕਸਣ ਆਦਿ ਦੀ ਉਦੋਂ ਕੋਈ ਸਿਪਾਹੀਆਨਾ ਰੀਤਿ ਨਹੀਂ ਸੀ।

[ਸਿਯਰੁਲ ਮੁਤਾਖ਼ਿਰੀਨ, (1781 ਈ.)

(18) ਡਾ. ਗੋਕੁਲ ਚੰਦ ਨਾਰੰਗ—

He was known throughout upper India as highly revered by Rajput princes and was actually worshipped by the peasantary of the Punjab and was generally loved upon as a champion of the Hindus.

(Transformation of Sikhism (1912)

(19) ਪ੍ਰੋ. ਇੰਦੂਭੂਸ਼ਨ ਬੈਨਰਜੀ—

We may take it therefore that Guru fell a Victim to religious bigotry and it is understandable why later Muhammadan writers sought to cloud the issue by giving a political colour. Be that as it may the Guru's excution undoutedly strengthened the resistance against the religious policy of Auragnzib and at the same time prepared the way for the final stage in the evolution of Sikhism.

[Evolution of the Khalsa (1936)

(20) ਪ੍ਰੋ. ਅਬਦੁਲ ਮਜੀਦ ਖ਼ਾਂ—

Guru Tegh Bahadur, the ninth Master, is one of the greatest world martyrs like Socrates, jesus and Hussain. He stood up for religious freedom and for peromoting the spirit of republicanism in religion.

[The Missionary (1963) New Delhi]

੧੦

ਗੁਰੂ ਤੇਗ਼ ਬਹਾਦਰ ਜੀ ਦੇ ਚੋਣਵੇਂ ਸ਼ਬਦ ਸਲੋਕ

ਸ਼ਬਦ—(1) ਸਾਧੋ ! ਰਚਨਾ ਰਾਮ ਬਨਾਈ
ਇਕਿ ਬਿਨਸੈ ਇਕਿ ਅਸਥਿਰੁ ਮਾਨੈ, ਅਚਰਜੁ ਲਖਿਓ ਨ ਜਾਈ
ਕਾਮ ਕ੍ਰੋਧ ਮੋਹ ਬਸਿ ਪ੍ਰਾਨੀ, ਹਰਿ ਮੂਰਤਿ ਬਿਸਰਾਈ
ਝੂਠਾ ਤਨੁ ਸਾਚਾ ਕਰ ਮਾਨਿਓ, ਜਿਉ ਸੁਪਨਾ ਰੈਨਾਈ । 1 ।
ਜੋ ਦੀਸੈ ਸੋ ਸਗਲਿ ਬਿਨਾਸੈ ਜਿਉਂ ਬਾਦਰ ਕੀ ਛਾਈ
ਜਨ ਨਾਨਕ ਜਗੁ ਜਾਨਿਓ ਮਿਥਿਆ, ਰਹਿਓ ਰਾਮ ਸਰਨਾਈ । 2 ।
[ਗਉੜੀ

(2) ਸਾਧੋ ! ਮਨ ਕਾ ਮਾਨੁ ਤਿਆਗਉ
ਕਾਮ ਕ੍ਰੋਧ ਸੰਗਤਿ ਦੁਰਜਨ ਕੀ, ਤਾਂਤੇ ਅਹਿਨਿਸਿ ਭਾਗਉ ।1।ਰਹਾਉ
ਸੁਖੁ ਦੁਖੁ ਦੋਨੋ ਸਮ ਕਰਿ ਜਾਨੈ, ਅਉਰ ਮਾਨ ਅਪਮਾਨਾ
ਹਰਖ ਸੋਗ ਤੇ ਰਹੈ ਅਤੀਤਾ, ਤਿਨਿ ਜਗਿ ਤਤੁ ਪਛਾਨਾ ।1।
ਉਸਤਤਿ ਨਿੰਦਾ ਦੋਊ ਤਿਆਗੈ, ਖੋਜੈ ਪਦੁ ਨਿਰਬਾਨਾ
ਜਨ ਨਾਨਕ ਇਹੁ ਖੇਲੁ ਕਠਨੁ ਹੈ, ਕਿਨਹੂੰ ਗੁਰਮੁਖਿ ਜਾਨਾ (ਗਉੜੀ

(3) ਜੋ ਨਰੁ ਦੁਖ ਮੈ ਦੁਖੁ ਨਹੀਂ ਮਾਨੈ
ਸੁਖ ਸਨੇਹੁ ਅਰੁ ਭੈ ਨਹੀਂ ਜਾਂ ਕੈ, ਕੰਚਨ ਮਾਟੀ ਮਾਨੈ । 1 । ਰਹਾਉ
ਨਹ ਨਿੰਦਿਆ ਨਹ ਉਸਤਤਿ ਜਾਕੈ, ਲੋਭੁ ਮੋਹੁ ਅਭਿਮਾਨਾ
ਹਰਖ ਸੋਗ ਤੇ ਰਹੈ ਨਿਆਰਉ, ਨਾਹਿ ਮਾਨ ਅਪਮਾਨਾ । 1 ।
ਆਸਾ ਮਨਸਾ ਸਗਲਿ ਤਿਆਗੈ, ਜਗ ਤੇ ਰਹੈ ਨਿਰਾਸਾ
ਕਾਮੁ ਕ੍ਰੋਧ ਜਿਹ ਪਰਸੈ ਨਾਹਨਿ, ਤਿਹ ਘਟਿ ਬ੍ਰਹਮੁ ਨਿਵਾਸਾ । 2 ।
ਗੁਰ ਕਿਰਪਾ ਜਿਹ ਨਰ ਕਉ ਕੀਨੀ, ਤਿਹ ਇਹ ਜੁਗਤਿ ਪਛਾਨੀ
ਨਾਨਕ ਲੀਨ ਭਇਓ ਗੋਬਿੰਦ ਸਿਉ, ਜਿਉਂ ਪਾਨੀ ਸੰਗਿ ਪਾਨੀ ।3।
[ਸੋਰਠਿ

(4) ਹਰਿ ਕੇ ਨਾਮ ਬਿਨਾ ਦੁਖੁ ਪਾਵੈ
ਭਗਤਿ ਬਿਨਾ ਸਹਸਾ ਨਹਿ ਚੂਕੈ, ਗੁਰ ਇਹੁ ਭੇਦੁ ਬਤਾਵੈ ।1। ਰਹਾਉ

ਕਹਾਂ ਭਇਓ ਤੀਰਥ ਬ੍ਰਤ ਕੀਏ, ਰਾਮ ਸ਼ਰਨਿ ਨਹੀ ਆਵੈ
ਜੋਗ ਜੱਗ ਨਿਹਫਲ ਤਿਹ ਮਾਨਉ, ਜੋ ਪ੍ਰਭੁ ਜਸੁ ਬਿਸਰਾਵੈ । 1 ।
ਮਾਨ ਮੋਹ ਦੋਨੋ ਕਉ ਪਰਹਰਿ, ਗੋਬਿੰਦ ਕੇ ਗੁਨ ਗਾਵੈ
ਕਹੁ ਨਾਨਕ ਇਹ ਬਿਧਿ ਕੋ ਪ੍ਰਾਨੀ, ਜੀਵਨ ਮੁਕਤੁ ਕਹਾਵੈ।2[ਬਿਲਾਵਲ

(5) ਜਗਤ ਮੈ ਝੂਠੀ ਦੇਖੀ ਪ੍ਰੀਤਿ
ਅਪਨੇ ਹੀ ਸੁਖ ਸਿਉ ਸਭ ਲਾਗੇ, ਕਿਆ ਦਾਰਾ ਕਿਆ ਮੀਤ ।1। ਰਹਾਉ
ਮੇਰਉ ਮੇਰਉ ਸਭੈ ਕਹਤ ਹੈ, ਹਿਤ ਸਿਉਂ ਬਾਂਧਿਓ ਚੀਤ
ਅੰਤਿ ਕਾਲਿ ਸੰਗੀ ਨਹ ਕੋਊ, ਇਹ ਅਚਰਜ ਹੈ ਰੀਤਿ । 1 ।
ਮਨ ਮੂਰਖ ਅਜਹੂੰ ਨਹਿ ਸਮਝਤ, ਸਿਖ ਦੈ ਹਾਰਿਓ ਨੀਤ
ਨਾਨਕ ਭਉਜਲੁ ਪਾਰ ਪਰੈ, ਜਉ ਗਾਵੈ ਪ੍ਰਭ ਕੇ ਗੀਤ । 2 ।
[ਦੇਵਗੰਧਾਰੀ

(6) ਜਾਗ ਲੇਹੁ ਰੇ ਮਨਾ ਜਾਗ ਲੇਹੁ, ਕਹਾਂ ਗਾਫਲ ਸੋਇਆ
ਜੋ ਤਨ ਉਪਜਿਆ ਸੰਗਿ ਹੀ, ਸੋ ਭੀ ਸੰਗ ਨ ਹੋਇਆ । 1 । ਰਹਾਉ
ਮਾਤ ਪਿਤਾ ਸੁਤ ਬੰਧ ਜਨ, ਹਿਤੁ ਜਾ ਸਿਉ ਕੀਨਾ
ਜੀਉ ਛੁਟਿਓ ਜਬ ਦੇਹ ਤੇ, ਡਾਰਿ ਅਗਨਿ ਮੈਂ ਦੀਨਾ । 1 ।
ਜੀਵਤ ਲਉ ਬਿਉਹਾਰ ਹੈ, ਜਗ ਕਉ ਤੁਮ ਜਾਨਉ
ਨਾਨਕ ਹਰਿ ਗੁਨ ਗਾਇਲੈ, ਸਭ ਸੁਫਨ ਸਮਾਨਉ । 2 । [ਤਿਲੰਗ

(7) ਚੇਤਨਾ ਹੈ ਤਉ ਚੇਤਲੈ, ਨਿਸਿ ਦਿਨਿ ਮੈ ਪ੍ਰਾਨੀ
ਛਿਨੁ ਛਿਨੁ ਅਉਧ ਬਿਹਾਤ ਹੈ, ਫੂਟੈ ਘਟ ਜਿਉਂ ਪਾਨੀ । 1 । ਰਹਾਉ
ਹਰਿ ਗੁਨ ਕਾਹਿ ਨ ਗਾਵਹੀ, ਮੂਰਖ ਅਗਿਆਨਾ
ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ । 1 ।
ਅਜਹੂ ਕਛੁ ਬਿਗਰਿਓ ਨਹੀਂ ਜੋ ਪ੍ਰਭੁ ਗੁਨ ਗਾਵੈ
ਕਹੁ ਨਾਨਕ ਤਿਹ ਭਜਨ ਤੇ, ਨਿਰਭੈ ਪਦੁ ਪਾਵੈ । [ਤਿਲੰਗ

(8) ਕਾਹੇ ਰੇ ਬਨ ਖੋਜਨ ਜਾਈ
ਸਰਬ ਨਿਵਾਸੀ ਸਦਾ ਅਲੇਪਾ, ਤੋਹੀ ਸੰਗਿ ਸਮਾਈ । 1 । ਰਹਾਉ
ਪੁਹਪ ਮਧਿ ਜਿਉ ਬਾਸ ਬਸਤ ਹੈ, ਮੁਕਰ ਮਾਹਿ ਜੈਸੇ ਛਾਈ
ਤੈਸੇ ਹੀ ਹਰਿ ਬਸੇ ਨਿਰੰਤਰਿ, ਘਟ ਹੀ ਖੋਜਹੁ ਭਾਈ । 1 ।

ਬਾਹਰਿ ਭੀਤਰਿ ਏਕੋ ਜਾਨਹੁ, ਇਹ ਗੁਰ ਗਿਆਨੁ ਬਤਾਈ ।
ਜਨ ਨਾਨਕ ਬਿਨੁ ਆਪਾ ਚੀਨੈ, ਮਿਟੈ ਨ ਭ੍ਰਮ ਕੀ ਕਾਈ । 2 ।
[ਧਨਾਸਰੀ

(9) ਹਰਿ ਕੀ ਗਤਿ ਨਹਿ ਕੋਊ ਜਾਨੈ
ਜੋਗੀ ਜਤੀ ਤਪੀ ਪਚਿ ਹਾਰੇ, ਅਰੁ ਬਹੁ ਲੋਗ ਸਿਆਨੇ । 1 । ਰਹਾਉ
ਛਿਨ ਮਹਿ ਰਾਉ ਰੰਕ ਕਉ ਕਰਈ, ਰਾਉ ਰੰਕ ਕਰਿ ਡਾਰੇ
ਰੀਤੇ ਭਰੇ ਭਰੇ ਸਖਨਾਵੈ, ਯਹ ਤਾਂ ਕੋ ਬਿਵਹਾਰੇ । 1 ।

ਅਪਨੀ ਮਾਇਆ ਆਪਿ ਪਸਾਰੀ, ਆਪਹਿ ਦੇਖਨਹਾਰਾ
ਨਾਨਾ ਰੂਪ ਧਰਹਿ ਬਹੁ ਰੰਗੀ, ਸਭ ਤੇ ਰਹੈ ਨਿਆਰਾ । 2 ।
ਅਗਨਤੁ ਅਪਾਰੁ ਅਲਖ ਨਿਰੰਜਨੁ, ਜਿਹ ਸਭ ਜਗੁ ਭਰਮਾਇਓ
ਸਗਲਿ ਭਰਮ ਤਜਿ ਨਾਨਕ ਪ੍ਰਾਣੀ, ਚਰਨ ਤਾਂਹਿ ਚਿਤੁ ਲਾਇਓ । 3 ।
[ਬਿਹਾਗੜਾ

(10) ਬੀਤ ਜੈ ਹੈ ਬੀਤ ਜੈ ਹੈ ਜਨਮੁ ਅਕਾਜ ਰੇ
ਨਿਸਿਦਿਨ ਸੁਨ ਕੈ ਪੁਰਾਨ ਸਮਝਤ ਨਹ ਰੇ ਅਜਾਨ,
ਕਾਲ ਤਉ ਪਹੂਚਿਓ ਆਨ ਕਹਾਂ ਜੈ ਹੈ ਭਾਜ ਰੇ । 1 ।
ਅਸਥਿਰ ਜੋ ਮਾਨਿਓ ਦੇਹ, ਸੋ ਤਉ ਤੇਰਉ ਹੋਇ ਹੈ ਖੇਹ
ਕਿਉਂ ਨ ਹਰਿ ਕੋ ਨਾਮ ਲੇਹੁ, ਮੂਰਖ ਨਿਲਾਜ ਰੇ । 1 ।
ਰਾਮ ਭਗਤਿ ਹੀਏ ਆਨਿ, ਛਾਡ ਦੇ ਤੈ ਮਨ ਕੋ ਮਾਨੁ
ਨਾਨਕ ਜਨ ਇਹ ਬਖਾਨ ਜਗ ਮੈਂ ਬਿਰਾਜ ਰੇ । 2 । [ਜੈਜਾਵੰਤੀ

ਸਲੋਕ

ਪਾਂਚ ਤਤ ਕੋ ਤਨੁ ਰਚਿਓ, ਜਾਨਹੁ ਚਤੁਰ ਸੁਜਾਨ
ਜਿਹ ਤੇ ਉਪਜਿਓ ਨਾਨਕਾ, ਲੀਨ ਤਾਂਹਿ ਮੈਂ ਮਾਨ । 1 ।

ਸਭ ਸੁਖ ਦਾਤਾ ਰਾਮੁ ਹੈ, ਦੂਸਰ ਨਾਹਿਨ ਕੋਇ
ਕਹੁ ਨਾਨਕ ਸੁਨਿ ਰੇ ਮਨਾ, ਤਿਹ ਸਿਮਰਤ ਗਤਿ ਹੋਇ । 2 ।
ਘਟਿ ਘਟਿ ਮੈਂ ਹਰਿ ਜੂ ਬਸੈ, ਸੰਤਨ ਕਹਿਓ ਪੁਕਾਰਿ
ਕਹੁ ਨਾਨਕ ਤਿਹ ਭਜ ਮਨਾ, ਭਉ ਨਿਧਿ ਉਤਰਹਿ ਪਾਰਿ । 3 ।
ਉਸਤਤਿ ਨਿੰਦਾ ਨਾਹਿ ਜਿਹਿ, ਕੰਚਨ ਲੋਹ ਸਮਾਨ
ਕਹੁ ਨਾਨਕ ਸੁਨ ਰੇ ਮਨਾ, ਮੁਕਤ ਤਾਂਹਿ ਤੇ ਜਾਨ । 4 ।

ਹਰਖ ਸੋਗ ਜਾਂਕੈ ਨਹੀਂ ਬੈਰੀ ਮੀਤ ਸਮਾਨ
ਕਹੁ ਨਾਨਕ ਸੁਨਿ ਰੇ ਮਨਾ, ਮੁਕਤ ਤਾਂਹਿ ਤੈ ਜਾਨ । 5 ।
ਭੈ ਕਾਹੂ ਕਉ ਦੇਤ ਨਹਿੰ, ਨਹਿ ਭੈ ਮਾਨਤ ਮਾਨ
ਕਹੁ ਨਾਨਕ ਸੁਨ ਰੇ ਮਨਾ, ਗਿਆਨੀ ਤਾਂਹਿ ਬਖਾਨ । 6 ।
ਜਿਹ ਪ੍ਰਾਨੀ ਹਉਮੈ ਤਜੀ, ਕਰਤਾ ਰਾਮ ਪਛਾਨ
ਕਹੁ ਨਾਨਕ ਵਹੁ ਮੁਕਤੁ ਨਰ ਇਹ ਮਨ ਸਾਚੀ ਮਾਨ । 7 ।
ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰ
ਕਹੁ ਨਾਨਕ ਆਪਨ ਤਰੈ, ਅਉਰਨ ਲੇਤ ਉਧਾਰ । 8 ।
ਬਾਲ ਜੁਆਨੀ ਅਰ ਬਿਰਧ ਫੁਨਿ, ਤੀਨਿ ਅਵਸਥਾ ਜਾਨਿ
ਕਹੁ ਨਾਨਕ ਹਰਿ ਭਜਨ ਬਿਨੁ, ਬਿਰਥਾ ਸਭ ਹੀ ਮਾਨਿ । 9 ।
ਚਿੰਤਾ ਤਾਂਕੀ ਕੀਜੀਐ, ਜੋ ਅਨਹੋਨੀ ਹੋਇ
ਇਹ ਮਾਰਗ ਸੰਸਾਰ ਕੋ, ਨਾਨਕ ਥਿਰ ਨਹਿ ਕੋਇ । 10 ।
ਰਾਮ ਨਾਮ ਉਰਿ ਮੈਂ ਗਹਿਓ, ਜਾਂਕੈ ਸਮ ਨਹੀ ਕੋਇ
ਜਿਹ ਸਿਮਰਤ ਸੰਕਟ ਮਿਟੈ, ਦਰਸ ਤੁਹਾਰੋ ਹੋਇ । 11 ।

ਨਿਊ ਪਟਿਆਲਾ ਪ੍ਰਿੰਟਰਜ਼, ਗੁਰੂ ਨਾਨਕ ਨਗਰ ਪਟਿਆਲਾ ।

ਡਗਮਗ ਛਾਡਿ ਰੇ ਮਨ ਬਉਰਾ ।
ਅਬ ਤਉ ਜਰੇ ਮਰੇ ਸਿਧਿ ਪਾਈਐ
ਲੀਨੋ ਹਾਥਿ ਸੰਧਉਰਾ ।

